


11ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE - 8
June 1, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਅਦਾਰਾ 'ਦੇਸ਼ ਦੁਆਬਾ' ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ।
ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ 'ਤੇ ਵਿਸ਼ੇਸ਼ ਸੰਪਾਦਕੀ ਦੇਖੋ ਸਫਾ 6 'ਤੇ ਅਤੇ
ਪ੍ਰੋ: ਐਚ. ਐਲ. ਕਪੂਰ ਦਾ ਲੇਖ 'ਤੇਰਾ ਕੀਆ ਮੀਠਾ ਲਾਗੈ' (ਦੇਖੋ ਸਫਾ 27 'ਤੇ)

## ਅਮਰੀਕੀ ਸਕੂਲਾਂ 'ਚ ਗੋਲ਼ੀਬਾਰੀ ਤੋਂ ਡਰਿਆ ਕੈਨੇਡਾ

### ਬੰਦੂਕਾਂ ਦੀ ਖ਼ਰੀਦ-ਵਿਕਰੀ 'ਤੇ ਲਗਾਮ ਲਗਾਉਣ ਲਈ ਬਿੱਲ ਪੇਸ਼

ਓਟਾਵਾ (ਬਿਊਰੋ)- ਅਮਰੀਕੀ ਸਕੂਲਾਂ 'ਚ ਹੁਣੇ ਜਿਹੇ ਹੋਈ ਗੋ਼ਲੀਬਾਰੀ ਦੀਆਂ ਘਟਨਾਵਾਂ ਤੋਂ ਚਿੰਤਤ ਕੈਨੇਡਾ ਸਰਕਾਰ ਨੇ ਬੰਦੂਕਾਂ ਦੀ ਮਾਲਕੀ 'ਤੇ ਲਗਾਉਣ ਦੀ ਤਿਆਰੀ ਕੀਤੀ ਹੈ। ਕੈਨੇਡਾ ਸਰਕਾਰ ਨੇ ਸੋਮਵਾਰ ਨੂੰ ਹੈਂਡਗਨ (ਬੰਦੂਕ) ਦੀ ਵਿਕਰੀ, ਖ਼ਰੀਦ ਤੇ ਉਸ ਦੀ ਦਰਾਮਦ 'ਤੇ ਰੋਕ ਲਗਾਉਣ ਲਈ ਬਿੱਲ ਪੇਸ਼ ਕੀਤਾ ਹੈ। ਇਸ ਕਾਨੂੰਨ ਨਾਲ ਮੈਗਜ਼ੀਨ ਦੀ ਸਮਰੱਥਾ ਸੀਮਤ ਕਰਨ ਦੇ ਨਾਲ ਹੀ ਬੰਦੂਕ ਵਰਗੇ ਦਿਖਾਈ ਦੇਣ ਵਾਲੇ ਖਿਡੌਣਿਆਂ 'ਤੇ ਵੀ ਰੋਕ ਲੱਗ ਜਾਵੇਗੀ। ਤਜਵੀਜ਼ਸ਼ੁਦਾ ਕਾਨੂੰਨ 'ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪੱਤਰਕਾਰਾਂ ਨੂੰ ਕਿਹਾ ਕਿ ਹੁਣੇ ਜਿਹੇ ਗੋ਼ਲੀਬਾਰੀ ਦੀਆਂ ਵਧਦੀਆਂ ਘਟਨਾਵਾਂ ਦੇ ਮੱਦੇਨਜ਼ਰ ਅਜਿਹਾ ਕਾਨੂੰਨ ਬਣਾਉਣਾ ਜ਼ਰੂਰੀ ਹੋ ਗਿਆ ਹੈ।



ਉਨ੍ਹਾਂ ਕਿਹਾ ਕਿ ਹੈਂਡਗਨ ਫਰੀਜ਼ ਤੋਂ ਸਿਰਫ਼ ਸ਼ੂਟਰ, ਓਲੰਪਿਕ ਐਥਲੀਟ ਤੇ ਸੁਰੱਖਿਆ ਗਾਰਡਾਂ ਨੂੰ ਛੋਟ ਮਿਲ ਸਕੇਗੀ। ਟਰੂਡੋ ਨੇ ਸਪਸ਼ਟ ਕੀਤਾ ਕਿ ਜਿਸ ਕੋਲ ਪਹਿਲਾਂ ਤੋਂ ਹੀ ਬੰਦੂਕ ਹੈ ਉਹ ਉਸ ਨੂੰ ਆਪਣੇ ਕੋਲ ਰੱਖ ਸਕੇਗਾ। ਉਨ੍ਹਾਂ ਕਿਹਾ ਕਿ ਬੰਦੂਕ ਰੱਖਣ ਬਾਰੇ ਕੈਨੇਡਾ 'ਚ ਅਮਰੀਕਾ ਦੇ ਮੁਕਾਬਲੇ ਤਾਕਤਵਰ ਕਾਨੂੰਨ ਹੈ, ਪਰ ਗੋ਼ਲੀਬਾਰੀ ਦੀਆਂ ਘਟਨਾਵਾਂ ਪੰਜ ਗੁਣਾ ਘੱਟ ਹਨ। ਹਾਲਾਂਕਿ ਹਾਲ ਦੇ ਦਿਨਾਂ 'ਚ ਘਟਨਾਵਾਂ ਵਧ ਰਹੀਆਂ ਹਨ। ਉੱਥੇ ਹੀ ਇਸ ਕਾਨੂੰਨ ਨੂੰ ਪਾਸ ਕਰਵਾਉਣਾ ਕੈਨੇਡਾ ਸਰਕਾਰ ਲਈ ਆਸਾਨ ਨਹੀਂ ਹੋਵੇਗਾ, ਕਿਉਂਕਿ ਬਿੱਲ ਨੂੰ ਪਾਸ ਕਰਵਾਉਣ ਲਈ ਟਰੂਡੋ ਸਰਕਾਰ ਕੋਲ ਲੋੜੀਂਦੀ ਗਿਣਤੀ ਨਹੀਂ ਹੈ।

## ਸਿੱਧੂ ਮੂਸੇਵਾਲਾ ਕਤਲਕਾਂਡ ਦੀ ਜਾਂਚ ਹਾਈਕੋਰਟ ਦੇ ਜੱਜ ਦੀ ਨਿਗਰਾਨੀ ਵਿਚ ਹੋਵੇਗੀ

**ਚੰਡੀਗੜ (ਬਿਊਰੋ)–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਿੱਧੂ ਮੂਸੇਵਾਲਾ ਵਜੋਂ ਜਾਣੇ ਜਾਂਦੇ ਪ੍ਰਸਿੱਧ ਗਾਇਕ ਸ਼ੁਭਦੀਪ ਸਿੰਘ ਸਿੱਧੂ ਦੇ ਕਤਲ ਕੇਸ ਦੀ ਜਾਂਚ ਲਈ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮੌਜੂਦਾ ਜੱਜ ਦੀ ਪ੍ਰਧਾਨਗੀ ਹੇਠ ਨਿਆਇਕ ਕਮਿਸ਼ਨ ਦੇ ਗਠਨ ਦਾ ਐਲਾਨ ਕੀਤਾ ਹੈ।

ਮੁੱਖ ਮੰਤਰੀ ਨੇ ਮਾਰੇ ਗਏ ਗਾਇਕ ਦੇ ਪਿਤਾ ਬਲਕਾਰ ਸਿੰਘ ਸਿੱਧੂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਇਸ ਮਾਮਲੇ ਦੀ ਮੌਜੂਦਾ ਜੱਜ ਤੋਂ ਜਾਂਚ ਕਰਵਾਉਣ ਲਈ ਬੇਨਤੀ ਕਰੇਗੀ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਕੌਮੀ ਜਾਂਚ ਏਜੰਸੀ (ਐਨਆਈਏ) ਵਰਗੀ ਕਿਸੇ ਵੀ ਕੇਂਦਰੀ ਏਜੰਸੀ ਨੂੰ ਸ਼ਾਮਲ ਕਰਨ ਸਮੇਤ ਇਸ ਜਾਂਚ ਕਮਿਸ਼ਨ ਨੂੰ ਪੂਰਾ ਸਹਿਯੋਗ ਯਕੀਨੀ ਬਣਾਏਗੀ। ਉਨਾਂ ਡੀਜੀਪੀ, ਪੰਜਾਬ ਪੁਲਿਸ ਨੂੰ ਇਸ ਘਟਨਾ ਬਾਰੇ ਆਪਣੀ ਕੱਲ ਦੀ ਪ੍ਰੈਸ ਕਾਨਫਰੰਸ ਬਾਰੇ ਸਪੱਸ਼ਟੀਕਰਨ ਜਾਰੀ ਕਰਨ ਲਈ ਵੀ ਕਿਹਾ। ਸਿੱਧੂ ਮੂਸੇਵਾਲਾ ਦੇ ਘਿਨਾਉਣੇ ਕਤਲ ਦੀ ਨਿੰਦਾ ਕਰਦਿਆਂ ਮੁੱਖ ਮੰਤਰੀ ਨੇ ਸਪੱਸਟ ਕਿਹਾ ਕਿ ਸਰਕਾਰ ਇਸ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਡੱਕਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਭਗਵੰਤ ਮਾਨ ਨੇ ਕਿਹਾ ਕਿ ਉਨਾਂ ਨੇ ਪੁਲਿਸ ਨੂੰ ਇਸ ਮਾਮਲੇ ਦੀ ਫੌਰੀ ਅਤੇ ਨਤੀਜਾਮੁਖੀ



ਜਾਂਚ ਕਰਨ ਲਈ ਪਹਿਲਾਂ ਹੀ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਮਰਹੂਮ ਗਾਇਕ ਦੀ ਸੁਰੱਖਿਆ ਵਿੱਚ ਕਟੌਤੀ ਦੇ ਸਾਰੇ ਪਹਿਲੂਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਅਤੇ ਜੇਕਰ ਕੋਈ ਕੁਤਾਹੀ ਹੋਈ ਤਾਂ ਉਸ ਦੀ ਜ਼ਿੰਮੇਵਾਰੀ ਯਕੀਨੀ ਤੌਰ 'ਤੇ ਤੈਅ ਕੀਤੀ ਜਾਵੇਗੀ।

ਇਸ ਦੌਰਾਨ ਸਿੱਧੂ ਮੂਸੇਵਾਲਾ ਦੇ ਦੁਖਦਾਈ ਅਤੇ ਬੇਵਕਤੀ ਅਕਾਲ ਚਲਾਣੇ 'ਤੇ ਡੂੰਘੇ ਸਦਮੇ ਅਤੇ ਦੁੱਖ ਦਾ



ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਿਛੜ ਗਿਆ ਗਾਇਕ ਪੰਜਾਬ ਦਾ ਇੱਕ ਪ੍ਰਸਿੱਧ ਚਿਹਰਾ ਅਤੇ ਸੱਭਿਆਚਾਰ ਦਾ ਪ੍ਰਤੀਕ ਸੀ। ਭਗਵੰਤ ਮਾਨ ਨੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਇਸ ਦੁੱਖ ਦੀ ਘੜੀ ਵਿੱਚ ਪੀੜਤ ਪਰਿਵਾਰ ਦੇ ਨਾਲ ਖੜੀ ਹੈ। ਉਨਾਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਸਦੀਵੀ ਨਿਵਾਸ ਦੇਣ ਅਤੇ ਪੀੜਤ ਪਰਿਵਾਰ ਨੂੰ ਇਹ ਨਾ ਪੂਰਾ ਹੋਣ ਵਾਲਾ ਘਾਟਾ ਸਹਿਣ ਦਾ ਬਲ ਬਖਸ਼ਣ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ। ਮੂਸੇਵਾਲਾ ਦੇ ਕਤਲ ਮਾਮਲੇ 'ਚ ਫੜੇ ਗਏ ਮਨਪ੍ਰੀਤ ਸਿੰਘ ਵਾਸੀ ਫ਼ਰੀਦਕੋਟ ਦਾ ਅਦਾਲਤ ਨੇ ਪੁੱਛਗਿਛ ਲਈ ਪੰਜ ਦਿਨਾਂ ਪੁਲਿਸ ਰਿਮਾਂਡ ਦਿੱਤਾ ਹੈ। ਪੁਲਿਸ ਸੂਤਰਾਂ ਮੁਤਾਬਕ ਉਕਤ ਮੁਲਜ਼ਮ ਨੂੰ ਉੱਤਰਾਖੰਡ ਦੇ ਦੇਹਰਾਦੂਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ 'ਤੇ ਦੋਸ਼ ਹੈ ਕਿ ਪੁਲਿਸ ਨੇ ਸਿੱਧੂ ਮੂਸੇਵਾਲਾ ਦੇ ਕਤਲ ਕਾਂਡ ਲਈ ਵਰਤੇ ਗਏ ਵਾਹਨਾਂ 'ਚੋਂ ਇਕ ਕਾਰ ਉਸ ਨੇ ਮੁਹੱਈਆ ਕਰਵਾਈ ਸੀ। ਪੁਲਿਸ ਨੂੰ ਸ਼ੱਕ ਹੈ ਕਿ ਮਨਪ੍ਰੀਤ ਸਿੰਘ ਇਸ ਮਾਮਲੇ 'ਚ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ। ਇਸ ਸਬੰਧੀ ਸੰਪਰਕ ਕਰਨ ਆਈਜੀ ਪੀਕੇ ਯਾਦਵ ਨੇ ਕਿਹਾ ਕਿ ਜਿਹੜਾ ਵਿਅਕਤੀ ਗ੍ਰਿਫ਼ਤਾਰ ਕੀਤਾ ਗਿਆ ਹੈ, ਮੂਸੇਵਾਲਾ ਕਤਲ ਕਾਂਡ 'ਚ ਉਸਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ।




















HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets





INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਮਹਿੰਗਾਈ ਨੂੰ ਠੱਲ ਪਾਉਣ ਲਈ ਕਦਮ ਚੁੱਕੇ ਜਾਣਗੇ- ਜੋ ਬਾਈਡਨ

## ਰਾਸ਼ਟਰਪਤੀ ਵੱਲੋਂ ਫੈਡਰਲ ਰਿਜ਼ਰਵ ਦੇ ਚੇਅਰਮੈਨ ਨਾਲ ਵਿਚਾਰ ਵਟਾਂਦਰਾ

**ਸੈਕਰਾਮੈਂਟੋ 1 ਜੂਨ (ਹੁਸਨ ਲੜੋਆ ਬੰਗਾ)–** ਮੁਦਰਾ ਸਫੀਤੀ ਦੀ ਦਰ ਪਿਛਲੇ 40 ਸਾਲਾਂ ਦੌਰਾਨ ਪਹਿਲੀ ਵਾਰ ਸਿਖਰ 'ਤੇ ਪੁੱਜ ਜਾਣ ਦਰਮਿਆਨ ਰਾਸ਼ਟਰਪਤੀ ਜੋ ਬਾਈਡਨ ਨੇ ਫੈਡਰਲ ਰਿਜ਼ਰਵ ਦੇ ਚੇਅਰਮੈਨ ਜੇਰੋਮ ਪਾਵਲ ਨਾਲ ਵਿਚਾਰ ਵਟਾਂਦਰਾ ਕੀਤਾ ਜਿਸ ਦਰਮਿਆਨ ਉਨਾਂ ਨੇ ਮਹਿੰਗਾਈ ਨੂੰ ਠੱਲ ਪਾਉਣ ਲਈ ਕਦਮ ਚੁੱਕਣ ਉਪਰ ਜੋਰ ਦਿੱਤਾ। ਰਾਸ਼ਟਰਪਤੀ ਨੇ ਚੇਅਰਮੈਨ ਨਾਲ ਵਾਅਦਾ ਕੀਤਾ ਕਿ ਵਧ ਰਹੀਆਂ ਕੀਮਤਾਂ ਨਾਲ ਨਜਿੱਠਣ ਲਈ ਉਹ ਉਨਾਂ ਨਾਲ ਸਹਿਯੋਗ ਕਰਨਗੇ। ਕਿਰਤ ਵਿਭਾਗ ਅਨੁਸਾਰ ਅਪ੍ਰੈਲ ਵਿਚ ਖਪਤਕਾਰ ਕੀਮਤ ਸੂਚਕ ਅੰਕ ਵਿਚ ਸਲਾਨਾ 8.3% ਦਾ ਵਾਧਾ ਹੋਇਆ ਸੀ ਜੋ ਕਿ ਮਾਰਚ ਦੇ ਸੂਚਕ ਅੰਕ 8.5% ਨਾਲੋਂ ਮਾਮੂਲੀ ਘੱਟ ਹੈ। ਇਸ ਦਾ ਕਾਰਨ ਤੇਲ ਦੀ ਕੀਮਤ ਵਿਚ ਕਮੀ ਆਉਣਾ ਸੀ ਜਦ ਕਿ ਖਾਣ ਪੀਣ ਦੇ ਸਮਾਨ, ਕਿਰਾਏ ਤੇ ਹੋਰ ਲਾਗਤਾਂ ਵਿਚ ਨਿਰੰਤਰ ਵਾਧਾ ਹੋਇਆ ਹੈ। ਰਾਸ਼ਟਰਪਤੀ ਨੇ ਕਿਹਾ ਕਿ ਮਹਿੰਗਾਈ ਨਾਲ ਨਜਿੱਠਣ ਲਈ ਮੇਰੀ ਯੋਜਨਾ ਸਧਾਰਨ ਹੈ ਕਿ ਫੈਡਰਲ ਰਿਜ਼ਰਵ ਦੀ ਆਜ਼ਾਦੀ ਦਾ ਸਨਮਾਨ ਕਰਨਾ। ਫੈਡਰਲ



ਰਿਜ਼ਰਵ ਕਾਂਗਰਸ ਵੱਲੋਂ ਬਣਾਈ ਗਈ ਆਜ਼ਾਦ ਏਜੰਸੀ ਹੈ ਹਾਲਾਂ ਕਿ ਫੈਡਰਲ ਰਿਜ਼ਰਵ ਦੇ ਚੇਅਰਮੈਨ ਸਮੇਤ ਇਸ ਦੇ ਬੋਰਡ ਆਫ ਗਵਰਨਰਜ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ। ਫੈਡਰਲ ਰਿਜ਼ਰਵ ਨੇ ਪਿਛਲੇ ਮਹੀਨੇ ਦੇ ਸ਼ੁਰੂ ਵਿਚ ਥੋਹੜੀ ਮਿਆਦ ਦੀ ਵਿਆਜ਼ ਦਰ ਵਿਚ ਅੱਧਾ ਪ੍ਰਤੀਸ਼ਤ ਵਾਧਾ ਕਰ ਦਿੱਤਾ ਸੀ। ਕੁਝ ਅਰਥਸ਼ਾਸ਼ਤਰੀਆਂ ਨੂੰ ਮੰਦੇ ਦੇ ਜੋਖਮ ਦਾ ਡਰ ਹੈ ਕਿਉਂਕਿ ਉੱਚ ਵਿਆਜ਼ ਦਰਾਂ ਖਪਤਕਾਰਾਂ ਨੂੰ ਆਪਣੇ ਖਰਚ ਘਟਾਉਣ ਲਈ ਮਜਬੂਰ ਕਰਦੀਆਂ ਹਨ। ਇਸ ਦਰਮਿਆਨ ਬਾਈਡਨ ਦੀ ਨੈਸ਼ਨਲ ਇਕਨਾਮਿਕ ਕੌਂਸਲ ਦੇ ਡਾਇਰੈਕਟਰ ਬਰੀਅਨ ਡੀਸੇ ਨੇ ਕਿਹਾ ਹੈ ਕਿ ਅਮਰੀਕਾ ਵਿਲਖਣ ਤੌਰ 'ਤੇ ਵਧੀਆ ਸਥਿੱਤੀ ਵਿਚ ਹੈ। ਇਸ ਲਈ ਮਹਿੰਗਾਈ ਨਾਲ ਨਜਿੱਠਦੇ ਸਮੇ ਨਵੀਆਂ ਪੈਦਾ ਕੀਤੀਆਂ ਨੌਕਰੀਆਂ ਉਪਰ ਕੋਈ ਅਸਰ ਨਹੀਂ ਪਵੇਗਾ। ਉਨਾਂ ਕਿਹਾ ਅਪ੍ਰੈਲ ਵਿਚ ਬੇਰੁਜ਼ਗਾਰੀ ਦਰ ਵਿਚ 3.6% ਦੀ ਕਮੀ ਹੋਈ ਹੈ। ਉਨਾਂ ਕਿਹਾ ਕਿ ਅਸਲ ਵਿਚ ਅਸੀਂ ਪ੍ਰਾਪਤੀਆਂ ਦੀ ਕੁਰਬਾਨੀ ਕੀਤੇ ਬਿਨਾਂ ਮਹਿੰਗਾਈ ਉਪਰ ਕਾਬੂ ਪਾ ਸਕਦੇ ਹਾਂ।

# ਵਿਸਾਖੀ ਮੇਲੇ ਦੌਰਾਨ ਐਕਟਰ ਅਤੇ ਡਾਇਰੈਕਟਰ ਅਸ਼ੋਕ ਟਾਂਗਰੀ ਦਾ ਹੋਇਆ ਸਨਮਾਨ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਸੈਨਹੋਜੇ (ਕੈਲੀਫੋਰਨੀਆਂ)–** ਸਥਾਨਿਕ ਇੰਡੀਪੈਂਡਿੰਸ ਹਾਈ ਸਕੂਲ ਦੇ ਫੁੱਟਬਾਲ ਸਟੇਡੀਅਮ ਵਿੱਚ ਵਿਸਾਖੀ ਨੂੰ ਸਮਰਪਿਤ ਮੇਲਾ ਕਰਵਾਇਆ ਗਿਆ। ਇਸ ਮੇਲੇ ਦੌਰਾਨ ਜਿੱਥੇ ਲੋਕਲ ਕਲਾਕਾਰਾ ਅਤੇ ਲੋਕ ਗਾਇਕ ਗਾਇਕ ਕੰਵਰ ਗਰੇਵਾਲ ਨੇ ਆਪਣੇ ਨਵੇਂ ਪੁਰਾਣੇ ਗੀਤਾ ਦੀ ਛਹਿਬਰ ਲਾਈ, ਓਥੇ ਮਸ਼ਹੂਰ ਫ਼ਿਲਮ ਐਕਟਰ ਅਤੇ ਡਾਇਰੈਕਟਰ ਅਸ਼ੋਕ ਟਾਂਗਰੀ ਨੂੰ ਪ੍ਰਬੰਧਕਾਂ ਬਿਕਰਮਜੀਤ ਸਿੰਘ ਅਤੇ ਜਸਵੀਰ ਸਿੰਘ ਪਵਾਰ ਵੱਲੋ ਉਹਨਾਂ ਦੀ ਐਕਟਿੰਗ ਅਤੇ ਡਾਇਰੈਕਸ਼ਨ ਲਈ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਸਟੇਜਾਂ ਦੀ ਮਲਿਕਾ ਆਸ਼ਾ ਸ਼ਰਮਾ ਅਤੇ





ਕੰਵਰ ਗਰੇਵਾਲ ਵੱਲੋ ਇੱਕ ਸ਼ੀਲਡ ਦੇ ਰੂਪ ਵਿੱਚ ਅਸ਼ੋਕ ਟਾਂਗਰੀ ਨੂੰ ਦਿੱਤਾ ਗਿਆ। ਅਸ਼ੋਕ ਟਾਂਗਰੀ "ਕਿਸਾਨ ਖ਼ੁਦਕੁਸ਼ੀ ਦੇ ਮੋੜ ਤੇ" ਅਤੇ "ਧੀਆਂ ਮਰਜਾਣੀਆਂ" ਵਰਗੇ ਨਾਟਕਾਂ ਦਾ ਸਫਲ ਮੰਚਨ ਪੂਰੇ ਅਮੈਰਿਕਾ ਵਿੱਚ ਕਰ ਚੁੱਕੇ ਹਨ। ਨਵੀਆਂ ਆ ਰਹੀਆ ਫਿਲਮਾਂ ਵਿੱਚ ਅਸ਼ੋਕ ਟਾਂਗਰੀ – ਤੇਰੀ ਮੇਰੀ ਗੱਲ ਬਣਗੀ ਫ਼ਿਲਮ ਵਿੱਚ ਪ੍ਰੀਤੀ ਸੱਪਰੂ ਨਾਲ ਨਜ਼ਰ ਆਉਣਗੇ, ਫਿਲਮ ਜਮਰੌਦ ਵਿੱਚ ਕੁਲਜਿੰਦਰ ਨਾਲ, ਫ਼ਿਲਮ ਲੈਂਬਰਗੀਨੀ ਵਿੱਚ ਰਣਜੀਤ ਬਾਵਾ ਨਾਲ ਅਤੇ ਫ਼ਿਲਮ ਹਨੀਮੂਨ ਵਿੱਚ ਗਿੱਪੀ ਗਰੇਵਾਲ ਨਾਲ ਸਹਿ ਕਲਾਕਾਰ ਨਜ਼ਰ ਆਉਣਗੇ। ਇਹਨਾਂ ਫਿਲਮਾਂ ਦੀ ਸੂਟਿੰਗ ਲੰਡਨ ਅਤੇ ਪੰਜਾਬ ਵਿੱਚ ਮੁਕੰਮਲ ਹੋ ਚੁੱਕੀ ਹੈ। ਅਤੇ ਬਹੁਤ ਜਲਦ ਇਹ ਫਿਲਮਾਂ ਸੰਸਾਰ ਪੱਧਰ ਤੇ ਰਲੀਜ਼ ਹੋਣ ਜਾ ਰਹੀਆ ਹਨ। ਫਤਿਹ ਮੇਲੇ ਦੌਰਾਨ ਲੋਕਲ ਕਲਾਕਾਰਾਂ ਇਸ਼ਮੀਤ ਨਰੂਲਾ ਅਤੇ ਛੱਤੀ ਸਤਵਿੰਦਰ ਨੇ ਵੀ ਆਪਣੀ ਗਾਇਕੀ ਨਾਲ ਦਰਸ਼ਕਾਂ ਨੂੰ ਕੀਲੀ ਰੱਖਿਆ। ਪੂਰੇ ਸਮਾਗਮ ਦੌਰਾਨ ਸਟੇਜ ਸੰਚਾਲਨ ਆਸ਼ਾ ਸ਼ਰਮਾ ਨੇ ਬਾਖ਼ੂਬੀ ਕੀਤਾ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services


121 E 11th St. Tracy, CA 95376

# ਵਰਲਡ ਸਿੱਖ ਫੈਡਰੇਸ਼ਨ ਯੂਐੱਸਏ ਵਲੋਂ ਪ੍ਰਮਾਣੀਕ ਗੁਰਬਾਣੀ ਸੰਪਾਦਨ ਅਤੇ ਮੂਲ ਨਾਨਕਸ਼ਾਹੀ ਕੈਲੰਡਰ ਦੀ ਮੁੜ ਸੁਰਜੀਤੀ ਬਾਰੇ ਮਿਲਪੀਟਸ ਸ਼ਹਿਰ ਵਿਖੇ ਪ੍ਰਭਾਵਸ਼ਾਲੀ ਸੈਮੀਨਾਰ!











**ਸੈਨਹੋਜ਼ੇ (ਤਰਲੋਚਨ ਸਿੰਘ)** ਗੁਰਮਤਿ ਪ੍ਰਚਾਰ ਪਸਾਰ ਨੂੰ ਸਮਰਪਿਤ ਕਾਰੋਬਾਰੀ ਸਿੱਖ ਨੌਜਵਾਨਾਂ ਦੀ ਜਥੇਬੰਦੀ ਵਰਲਡ ਸਿੱਖ ਫੈਡਰੇਸ਼ਨ ਦੇ ਉੱਤਰੀ ਅਮਰੀਕਾ ਜਥੇ ਵਲੋਂ 29 ਮਈ ਦਿਨ ਐਤਵਾਰ ਨੂੰ ਮਿਲਪੀਟਸ ਸ਼ਹਿਰ ਦੇ ਇੰਡੀਅਨ ਕਮਿਊਨਿਟੀ ਸੈਂਟਰ ਵਿੱਚ ਪ੍ਰਭਾਵਸ਼ਾਲੀ ਸੈਮੀਨਾਰ ਆਯੋਜਿਤ ਕੀਤਾ ਗਿਆ।ਸਿੱਖ ਜਗਤ ਦੇ ਚਲੰਤ ਮਾਮਲਿਆਂ ਬਾਰੇ ਇਸ ਇਕੱਠ ਵਿੱਚ ਨਿੱਠ ਕੇ ਵਿਚਾਰ-ਮੰਥਨ ਕੀਤਾ ਗਿਆ।ਮਿੱਥੇ ਗਏ ਸਮੇਂ 'ਤੇ ਸ਼ਾਮ ਪੰਜ ਵਜੇ ਚਾਹ-ਪਾਣੀ ਛਕਣ ਉਪਰੰਤ 'ਗੁਰਮਤਿ ਟੀ।ਵੀ' ਦੇ ਐਂਕਰ ਭਾਈ ਜਗਮੋਹਨ ਸਿੰਘ ਟੁੱਟ ਨੇ ਸੈਮੀਨਾਰ ਦੀ ਅਰੰਭਤਾ ਵਿੱਚ ਇਸਾਈਅਤ ਤੋਂ ਸਿੱਖ ਧਰਮ ਗ੍ਰਹਿਣ ਕਰਨ ਵਾਲ਼ੀ ਬੀਬੀ ਹਰਸਿਮਰਤ ਕੌਰ ਨੂੰ ਸੱਦਾ ਦਿੱਤਾ ਜਿਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫਲਸਫੇ ਬਾਰੇ ਆਪਣੇ ਵਿਚਾਰ ਦੱਸੇ।ਉਨ੍ਹਾਂ ਤੋਂ ਬਾਅਦ ਖਗੋਲ ਅਤੇ ਭੂਗੋਲ ਵਿਸ਼ਿਆਂ ਦੇ ਮਾਹਰ ਭਾਈ ਸਰਵਜੀਤ ਸਿੰਘ ਸੈਕਰਾਮੈਂਟੋ ਨੇ ਪੂਰੇ ਵੇਰਵੇ ਸਾਂਝੇ ਕੀਤੇ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਨਾਨਕਸ਼ਾਹੀ ਕੈਲੰਡਰ ਦਾ ਬੇਲੋੜਾ ਵਿਰੋਧ ਕਰ ਰਹੇ ਕੁੱਝ 'ਵਿਦਵਾਨਾਂ' ਨਾਲ ਬੀਤੇ ਬਾਰਾਂ ਸਾਲਾਂ ਤੋਂ ਹੀ ਕੈਲੰਡਰ ਬਾਬਤ ਖਤੋ-ਖਤਾਬਤ ਕਰਦੇ ਆ ਰਹੇ ਹਨ। ਨਾਨਕਸ਼ਾਹੀ ਕੈਲੰਡਰ ਦੇ ਰਚਣਹਾਰੇ ਭਾਈ ਪਾਲ ਸਿੰਘ ਪੁਰੇਵਾਲ ਵਲੋਂ ਕੈਲੰਡਰ ਬਾਰੇ ਅਧਿਕਾਰਕ ਕੀਤੇ ਗਏ ਹੋਏ ਭਾਈ ਸਰਵਜੀਤ ਸਿੰਘ ਸੈਕਰਾਮੈਂਟੋ ਨੇ ਇੰਕਸ਼ਾਫ ਕੀਤਾ ਕਿ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦੇ ਕਈ ਸਕੱਤਰ ਸਾਹਿਬਾਨਾਂ ਵਲੋਂ ਮੂਲ਼ ਨਾਨਕਸ਼ਾਹੀ ਕੈਲੰਡਰ ਬਾਰੇ ਅਕਸਰ ਪੁੱਛੇ ਜਾਂਦੇ ਸਾਰੇ ਸਵਾਲਾਂ ਦਾ ਉਹ ਤੱਥਾਂ ਦਲੀਲਾਂ ਸਹਿਤ ਜਵਾਬ ਦੇ ਦਿੰਦੇ ਹਨ ਪਰ ਫਿਰ ਅੱਗਿਉਂ ਸਾਜ਼ਿਸ਼ੀ ਚੁੱਪ ਵੱਟ ਲਈ ਜਾਂਦੀ ਹੈ।ਉਨ੍ਹਾਂ ਤਾਜ਼ੀ ਮਿਸਾਲ ਦਿੱਤੀ ਕਿ ਜਿਵੇਂ ਹੁਣ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਭਾਰਤ ਤੋਂ ਸਿੱਖ ਜਥਿਆਂ ਦੇ ਪਾਕਿਸਤਾਨ ਜਾਣ ਵੇ਼ਲੇ ਭਸੂੜੀ ਪਈ ਹੈ, ਇਸਦਾ ਕਾਰਨ ਵੀ ਸ਼੍ਰੋਮਣੀ ਕਮੇਟੀ ਵਲੋਂ ਅਸਲ ਨਾਨਕਸ਼ਾਹੀ ਕੈਲੰਡਰ ਦਾ ਤਿਆਗ ਕਰਨਾ ਹੀ ਹੈ। ਫਿਰ ਭਾਈ ਸੁਖਦੇਵ ਸਿੰਘ ਖਾਲਸਾ ਨੇ ਸਿੱਖ ਸਮਾਜ ਵਿੱਚ ਕੌੜੀ ਵੇਲ ਵਾਂਗ ਵਧੇ ਹੋਏ ਡੇਰਾ ਵਾਦ ਬਾਰੇ ਇਤਹਾਸਿਕ ਹਵਾਲੇ ਦਿੰਦੇ ਹੋਏ ਦੱਸਿਆ ਕਿ ਸਿੱਖਾਂ ਨੂੰ ਕੇਵਲ ਤੇ ਕੇਵਲ ਸ਼ਬਦ ਗੁਰੂ ਦੇ ਪੈਰੋਕਾਰ ਬਣਾਇਆ ਗਿਆ ਹੈ ਪਰ ਹਰੇਕ ਸਾਧ ਬਾਬੇ ਨੇ ਭਾਵੇਂ ਆਪਣੇ ਡੇਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੁੰਦਾ ਹੈ ਪਰ ਉਹ ਆਪਣੀ ਸਿੱਖੀ-ਸੇਵਕੀ ਨਾਲ ਦੇਹਧਾਰੀ ਗੁਰੂ ਵਾਂਗ ਹੀ ਪੇਸ਼ ਆਉਂਦੇ ਹਨ!ਉਨਾਂ ਤੋਂ ਬਾਅਦ ਭਾਈ ਵਰਿੰਦਰ ਸਿੰਘ ਗੋਲਡੀ ਨੇ ਸ੍ਰੀ ਗੁਰ ਸੋਭਾ, ਮਹਿਮਾ ਪ੍ਰਕਾਸ਼,ਗੁਰਪ੍ਰਤਾਪ ਸੂਰਜ ਅਤੇ ਗੁਰ-ਬਲਾਸ ਛੇਵੀਂ ਪਾਤਸ਼ਾਹੀ ਵਰਗੇ ਕਈ ਪੁਰਾਤਨ ਗ੍ਰੰਥਾਂ ਵਿੱਚੋਂ ਟੂਕਾਂ ਦੇ ਦੇ ਕੇ ਦੱਸਿਆ ਕਿ ਕਿਵੇਂ ਉਨ੍ਹਾਂ ਵਿਚ ਗੁਰਮਤਿ ਆਸ਼ੇ ਦੇ ਉਲਟ ਗੱਲਾਂ ਲਿਖੀਆਂ ਹੋਈਆਂ ਹਨ। ਭਾਈ ਗੋਲਡੀ ਨੇ ਸਪਸ਼ਟ ਕਿਹਾ ਕਿ ਸਿੱਖ ਸਾਹਿਤ ਦੇ ਇਸ ਅਮੁੱਲੇ ਖਜਾਨੇ ਨੂੰ ਸਮੁੱਚੇ ਰੂਪ ਵਿੱਚ ਹੀ ਨਾ ਤਿਆਗਿਆ ਜਾ ਸਕਦਾ ਹੈ ਅਤੇ ਨਾ ਹੀ ਪ੍ਰਵਾਨ ਕੀਤਾ ਜਾ ਸਕਦਾ ਹੈ, ਬਸ ਇਨ੍ਹਾਂ ਦਾ ਕੱਚ-ਸੱਚ ਪਰਖਣ ਲਈ ਸਾਡੇ ਕੋਲ ਗੁਰਬਾਣੀ ਦੀ ਕਸਵੱਟੀ ਮੌਜੂਦ ਹੈ। ਉਂਘੇ ਪ੍ਰਚਾਰਕ ਭਾਈ ਹਰਜਿੰਦਰ ਸਿੰਘ ਸਭਰਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰੂਨੀ ਸੰਪਾਦਨ-ਵਿਧੀ ਵਿਧਾਨ ਬਾਰੇ ਚਾਨਣਾ ਪਾਉਂਦਿਆਂ ਬੀਤੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵਲੋਂ ਅਨੰਦ ਸਾਹਿਬ ਬਾਣੀ ਦੀਆਂ ਮਗਰਲੀਆਂ ਪਉੜੀਆਂ ਬਾਰੇ ਗਲ੍ਹਤ ਜਾਣਕਾਰੀ ਦੇਣ ਦਾ ਮੁੱਦਾ ਵੀ ਛੂਹਿਆ। ਭਾਈ ਸਭਰਾ ਨੇ ਗੁਰਬਾਣੀ ਵਿੱਚ ਕਬੀਰ ਸਾਹਿਬ ਦੇ ਸ਼ਬਦ ਨਾਲ ਪੰਜਵੇਂ ਪਾਤਸ਼ਾਹ ਵਲੋਂ ਦਿੱਤੇ ਗਏ ਸਿਰਲੇਖ 'ਨਾ਼ਲ ਰਲਾਇ ਲਿਖਿਆ ਮਹਲਾ ਪੰਜਵਾਂ' ਦਾ ਉਲੇਖ ਕਰਦਿਆਂ ਦੱਸਿਆ ਕਿ ਗੁਰਬਾਣੀ ਦੇ ਰਚਣਹਾਰਿਆਂ ਨੇ ਕਿਸੇ ਕਿਸਮ ਦੇ ਭੁਲੇਖੇ ਦੀ ਗੁੰਜਾਇਸ਼ ਹੀ ਨਹੀਂ ਰੱਖੀ। ਸਭਰਾ ਜੀ ਤੋਂ ਮਗਰੋਂ ਪ੍ਰਸਿੱਧ ਕਥਾਵਾਚਕ ਭਾਈ ਸਰਬਜੀਤ ਸਿੰਘ ਧੂੰਦਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬਉੱਚਤਾ ਬਾਰੇ ਇਤਹਾਸਿਕ ਅਤੇ ਗੁਰਬਾਣੀ ਦੇ ਹਵਾਲਿਆਂ ਨਾਲ ਬੜਾ ਪ੍ਰਭਾਵਸ਼ਾਲੀ ਵਿਆਖਿਆਨ ਦਿੱਤਾ। ਉਨ੍ਹਾਂ ਵਿਲੱਖਣ ਅੰਦਾਜ਼ ਨਾਲ ਵਿਚਾਰ ਪ੍ਰਗਟਾਉਂਦਿਆਂ ਦੱਸਿਆ ਕਿ ਪ੍ਰਵਾਣਿਤ ਸਿੱਖ ਰਹਿਤ ਮਰਿਆਦਾ ਵਿੱਚ ਸਾਡੇ ਵਡਾਰੂਆਂ ਨੇ ਇਹ ਸਪਸ਼ਟ ਲਿਖਿਆ ਹੋਇਆ ਹੈ ਕਿ ਗੁਰੂ ਮਹਾਰਾਜ ਦੇ ਤੁਲ ਹੋਰ ਕਿਸੇ ਵੀ ਗ੍ਰੰਥ ਨੂੰ ਸਥਾਪਨ ਨਹੀਂ ਕੀਤਾ ਜਾ ਸਕਦਾ।

ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੋਣ ਦਾ ਦਾਅਵਾ ਕਰਦਿਆਂ ਰਹਿਤ ਮਰਿਆਦਾ ਨੂੰ ਨਾ ਸਵੀਕਾਰਨ ਵਾ-ਲਿਆਂ ਬਹੁਤੇ ਡੇਰੇਦਾਰਾਂ ਨੂੰ ਉਨ੍ਹਾਂ ਸਵਾਲ ਕੀਤਾ ਕਿ ਉਹ 'ਸਮ-ਰਪਿਤ ਹੋਣ' ਦੇ ਅਰਥ ਤਾਂ ਸਮਝਾ ਦੇਣ? ਰਾਤ ਦਸ ਵਜੇ ਤੱਕ ਬੜੀ ਸੰਜੀਦਗੀ ਨਾਲ ਚੱਲੇ ਇਸ ਸਮਾਗਮ ਦੇ ਅਖੀਰ ਵਿੱਚ ਤਿੰਨ ਮਤੇ ਪਾਸ ਕੀਤੇ ਗਏ ਜਿਨ੍ਹਾਂ ਵਿੱਚ ਸ਼੍ਰੋਮਣੀ ਕਮੇਟੀ ਤੋਂ ਮੰਗ ਕੀਤੀ ਗਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਦੀ ਸ਼ੁੱਧਤਾ ਨੂੰ ਸਦੀਵ ਕਾਲ ਤਾਈਂ ਕਾਇਮ ਰੱਖਣ ਲਈ ਹੱਥੀਂ ਉਤਾਰੇ ਕਰਨ ਵਾ਼ਲਿਆਂ ਜਾਂ ਛਾਪੇ ਖਾਨੇ ਵਾ਼ਲਿਆਂ ਤੋਂ ਜਾਣੇ। ਅਣਜਾਣੇ ਹੋਈਆਂ ਭੁੱਲਾਂ ਦੀ ਸੁਧਾਈ ਵਾਸਤੇ ਵਿਆਕਰਣਿਕ ਮਾਹਰਾਂ ਦੀ ਕਮੇਟੀ ਬਣਾਈ ਜਾਵੇ।ਦੂਜੇ ਮਤੇ ਵਿੱਚ ਪੰਜਵੇਂ ਗੁਰੂ ਜੀ ਵਲੋਂ ਭਾਈ ਗੁਰਦਾਸ ਜੀ ਤੋਂ ਗੁਰਬਾਣੀ ਲਿਖਾਉਣ ਮੌਕੇ ਮੰਗ਼ਲਾਂ ਨੂੰ ਅੰਗ ਦੇ ਉੱਪਰ ਸੱਜੇ ਪਾਸੇ ਪਹਿਲਾਂ ਲਿਖਾਉਣ ਦੀ ਪ੍ਰਵਾਨੀ ਹੋਈ ਵਿਧੀ ਮੁੜ ਸਥਾਪਤ ਕੀਤੀ ਜਾਵੇ।ਇਸ ਮੌਕੇ ਜੇਤੂ ਰਹੇ ਕਿਸਾਨੀ ਸੰਘਰਸ਼ ਵਿੱਚ ਪ੍ਰਮੁੱਖ ਸੇਵਾਵਾਂ ਨਿਭਾਉਣ ਵਾ਼ਲੇ ਡਾਕਟਰ ਸਵੈਮਾਨ ਸਿੰਘ ਅਤੇ ਤਰਲੋਚਨ ਸਿੰਘ 'ਦੁਪਾਲ ਪੁਰ' ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਨੇ ਵੀ ਇਕੱਠ ਨੂੰ ਸੰਬੋਧਨ ਕੀਤਾ ਤੀਸਰੇ ਮਤੇ ਵਿੱਚ ਮੂ਼ਲ ਨਾਨਕਸ਼ਾਹੀ ਕੈਲੰਡਰ ਨੂੰ ਫੌਰੀ ਤੌਰ 'ਤੇ ਮੁੜ ਲਾਗੂ ਕਰਨ ਦੀ ਅਪੀਲ ਕੀਤੀ ਗਈ ਤਾਂ ਕਿ ਗੁਰਪੁਰਬ ਅਤੇ ਹੋਰ ਇਤਹਾਸਿਕ ਦਿਹਾੜੇ ਮਨਾਉਣ ਵੇਲੇ ਕੋਈ ਦੁਬਿਧਾ ਨਾ ਖੜ੍ਹੀ ਹੋਵੇ। ਅੰਤ ਵਿੱਚ ਇਸ ਸਮਾਗਮ ਦੇ ਮੁੱਖ ਪ੍ਰਬੰਧਕ ਭਾਈ ਹਰਬਖਸ਼ ਸਿੰਘ ਰਾਉਕੇ ਨੇ ਬੁਲਾਰਿਆਂ ਦੇ ਨਾਲ ਨਾਲ ਸ੍ਰੋਤਿਆਂ ਅਤੇ 'ਓਮਨੀ ਵੀਡੀਉ ਐਂਡ ਫੋਟੋਗ੍ਰਾਫੀ' ਦੇ ਸ਼ਿਆਰਾ ਸਿੰਘ ਢੀਂਡਸਾ ਦਾ ਧੰਨਵਾਦ ਕੀਤਾ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਫਲੋਰੀਡਾ ਦੀਆਂ 18ਵੀਆਂ ਰਾਸ਼ਟਰੀ ਸੀਨੀਅਰ ਖੇਡਾਂ ਵਿੱਚ ਪੰਜਾਬੀਆਂ ਨੇ ਚਮਕਾਇਆ ਭਾਈਚਾਰੇ ਦਾ ਨਾਮ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਸੈਨਹੋਜੇ (ਕੈਲੀਫੋਰਨੀਆਂ)**– ਅਮਰੀਕਾ ਦੇ ਕਿਸੇ ਵੀ ਸ਼ਹਿਰ ਜਾਂ ਸਟੇਟ ਵਿੱਚ ਕੋਈ ਸ਼ੀਨੀਅਰ ਖੇਡਾਂ ਹੁੰਦੀਆਂ ਹੋਣ, ਫਰਿਜ਼ਨੋ ਨਿਵਾਸੀ ਗੁਰਬਖਸ਼ ਸਿੰਘ ਸਿੱਧੂ ਓਥੇ ਆਪਣੇ ਸਾਥੀਆਂ ਸਮੇਤ ਪਹੁੰਚਕੇ ਆਪਣੀ ਖੇਡ ਦਾ ਲੋਹਾ ਜ਼ਰੂਰ ਮਨਵਾਉਂਦੇ ਹਨ। ਇਸ ਸਾਲ 10 ਤੋਂ 23 ਮਈ ਤੱਕ ਫੋਰਟ ਲਾਡਰਡੇਲ, ਫਲੋਰੀਡਾ ਵਿੱਚ 18ਵੀਆਂ ਰਾਸ਼ਟਰੀ ਸੀਨੀਅਰ ਖੇਡਾਂ ਹੋਈਆਂ। ਇਹਨਾਂ ਖੇਡਾਂ ਵਿੱਚ ਭਾਗ ਲੈਣ ਲਈ ਪੰਜਾਬੀ ਸੀਨੀਅਰ ਚੋਬਰ ਗੁਰ-ਬਖਸ਼ ਸਿੰਘ ਸਿੱਧੂ, ਦਿਲਾਵਰ ਸਿੰਘ ਅਤੇ ਹਜ਼ੂਰ ਸਿੰਘ ਆਦਿ ਪਹੁੰਚੇ ਹੋਏ ਸਨ ਅਤੇ ਇਹਨਾਂ ਸੀਨੀਅਰ ਚੋਬਰਾਂ ਨੇ ਆਪੋ ਆਪਣੀ ਖੇਡ ਦਾ ਲੋਹਾ







ਮਨਵਾਇਆ। ਇਹਨਾਂ ਸੀਨੀਅਰ ਖੇਡਾਂ ਦੌਰਾਨ ਗੁਰ-ਬਖਸ਼ ਸਿੰਘ ਸਿੱਧੂ ਨੇ ਹੈਮਰ ਥਰੋਅ ਦੇ ਮੁਕਾਬਲਾ ਦੌਰਾਨ 39:40 ਮੀਟਰ ਥਰੋਅ ਨਾਲ ਚੌਥਾ ਸਥਾਨ ਪ੍ਰਾਪਤ ਕੀਤਾ।ਮੈਰੀਲੈਂਡ ਸਟੇਟ ਇਮੇਜ ਗਰੁੱਪ 90-94 ਦੇ ਦਿਲਵਰ ਸਿੰਘ ਨੇ 100 ਮੀਟਰ ਡੈਸ਼ ਰੇਸ ਵਿੱਚ ਹਿੱਸਾ ਲਿਆ ਅਤੇ 28:21 ਸਕਿੰਟ ਦੇ ਸਮੇਂ ਨਾਲ 7ਵਾਂ ਸਥਾਨ ਪ੍ਰਾਪਤ ਕੀਤਾ। ਸੈਨਹੋਜੇ ਕੈਲੀਫੋਰਨੀਆ ਦੇ ਹਜ਼ੂਰ ਸਿੰਘ ਸੈਣੀ ਨੇ 50 ਮੀਟਰ ਡੈਸ਼ ਵਿੱਚ ਭਾਗ ਲਿਆ ਅਤੇ ਪਹਿਲੀ ਹੀਟ ਵਿੱਚ 7ਵਾਂ ਸਥਾਨ ਪ੍ਰਾਪਤ ਕੀਤਾ। ਇਹਨਾਂ ਦਿਲਚਸਪ ਮੁਕਾਬਲਿਆਂ ਵਿੱਚ ਅਮਰੀਕਾ ਦੇ 50 ਰਾਜਾਂ ਦੇ ਲਗਭਗ 10000 ਐਥਲੀਟ 20 ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈਣ ਪਹੁੰਚੇ ਹੋਏ ਸਨ।

# ਆਪਣੇ ਮਾਪਿਆਂ ਤੇ ਪ੍ਰਸੰਸਕਾਂ ਨੂੰ ਹਮੇਸ਼ਾਂ ਲਈ ਗਮਗੀਨ ਕਰ ਗਿਆ ਜ਼ਮੀਨ ਨਾਲ ਜੁੜਿਆ ਸਿੱਧੂ ਮੂਸੇ ਵਾਲਾ

ਮਾਨਸਾ– ਸਿੱਧੂ ਮੂਸੇਵਾਲਾ ਦੇ ਅੰਤਿਮ ਸੰਸਕਾਰ ਮੌਕੇ ਅੱਜ ਮਾਨਸਾ ਦੇ ਪਿੰਡ ਮੂਸਾ ਵਿਖੇ ਲੱਖਾਂ ਲੋਕਾਂ ਦਾ ਹੜ੍ਹ ਆ ਗਿਆ। ਮੂਸੇਵਾਲਾ ਦੇ ਅੰਤਿਮ ਸੰਸਕਾਰ ਮੌਕੇ ਲੱਖਾਂ ਲੋਕਾਂ ਦੀਆਂ ਅੱਖਾ ਨਮ ਹੋਈਆਂ ਤੇ ਹਰ ਇੱਕ ਨੇ ਰੱਜ ਕੇ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਖਿਲਾਫ ਨਾਰੇਬਾਜੀ ਕੀਤੀ ਅਤੇ ਮੂਸੇਵਾਲਾ ਦੇ ਕਾਤਿਲਾਂ ਨੂੰ ਰੱਜ ਕੇ ਕੋਸਿਆ। ਸਿੱਧੂ ਮੂਸੇਵਾਲੇ ਦੇ ਅੰਤਿਮ ਸੰਸਕਾਰ ਚ ਲੱਖਾਂ ਦੀ ਗਿਣਤੀ ਚ ਦੂਰੋਂ ਦੂਰੋਂ ਪਹੁੰਚੇ ਪ੍ਰਸ਼ੰਸ਼ਕਾਂ ਨੇ ਪੰਜਾਬ ਪੁਲਿਸ ਤੇ ਦੋਸ਼ ਲਗਾਏ ਕਿ ਜੇਕਰ ਪੁਲਿਸ ਨੇ ਪਹਿਲਾਂ ਇਸ ਪੰਜਾਬ ਦੇ ਹੀਰੇ ਦੀ ਸੁਰੱਖਿਆ ਚ ਕੋਤਾਹੀ ਨਾ ਕੀਤੀ ਹੁੰਦੀ ਤਾਂ ਇਹ ਪੰਜਾਬ ਦਾ ਹੀਰਾ ਸਾਡੇ ਵਿੱਚਕਾਰ ਹੁੰਦਾ।

ਇਸ ਮੌਕੇ ਸਿੱਧੂ ਮੂਸੇਵਾਲੇ ਦੇ ਪਿਤਾ ਬਲਕੌਰ ਸਿੰਘ ਨੇ ਅਪਨੇ ਬੇਟੇ ਸ਼ੁਭਦੀਪ ਸਿੰਘ ਸਿੱਧੂ ਦੇ ਪੱਗੜੀ ਸਜਾ ਕੇ ਉਸਨੂੰ ਅੰਤਿਮ ਸੰਸਕਾਰ ਲਈ ਤਿਆਰ ਕੀਤਾ ਤੇ ਪੁੱਤਰ ਦੀ ਚਿਖਾ ਨੂੰ ਅਗਨੀ ਦਿੱਤੀ। ਸਿੱਧੂ ਮੂਸੇਵਾਲੇ ਦੀ ਮਾਤਾ ਚਰਨ ਕੌਰ ਟਰੈਕਟਰ ਤੇ ਬੈਠੀ ਅਪਨੇ ਪੁੱਤਰ ਦੀ ਅੰਤਿਮ ਦਰਸ਼ਨ ਕੀਤੇ ਅਤੇ ਧਾਂਹਾਂ ਮਾਰ ਕੇ ਰੋਏ ਤੇ ਸਿੱਧੂ ਮੂਸੇਵਾਲੇ ਦੇ ਕਾਤਿਲਾਂ ਨੂੰ ਜਮ ਕੇ ਕੋਸਿਆ। ਸਿੱਧੂ ਮੂਸੇਵਾਲਾ ਦੇ ਅੰਤਿਮ ਸੰਸਕਾਰ ਮੌਕੇ ਲੱਖਾਂ ਦੀ ਗਿਣਤੀ ਚ ਦੂਰੋਂ ਦੂਰੋਂ ਪਹੁੰਚੇ ਪ੍ਰਸ਼ੰਸ਼ਕਾਂ ਨੂੰ ਅਪਨੇ ਚਹੇਤੇ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਗਮ ਚ ਨਾ ਭੁੱਖ ਨਾ ਨੀਂਦ ਨਾ ਗਰਮੀ ਲੱਗੀ, ਜਦੋਂ ਕਿ ਕਈ ਅਜਿਹੇ ਵੀ ਪ੍ਰਸ਼ੰਸ਼ਕ ਸਨ, ਜੋਕਿ ਮਈ ਮਹੀਨੇ ਦੀ ਭਾਰੀ ਗਰਮੀ ਦੌਰਾਨ ਵੀ ਸਿਖਰ ਦੁਪਿਹਰੇ ਸਿੱਧੂ ਮੂਸੇਵਾਲਾ ਦੇ ਅੰਤਿਮ ਸੰਸਕਾਰ ਮੌਕੇ ਉਸਦੇ ਖੇਤ ਚ ਲੱਗੇ ਦਰੱਖਤਾਂ ਤੇ ਚੜ੍ਹ ਕੇ ਦੇਖਦੇ ਰਹੇ।

ਸਿੱਧੂ ਮੂਸੇਵਾਲੇ ਅੰਤਿਮ ਯਾਤਰਾ ਦੌਰਾਨ ਪਿਤਾ ਬਲਕੌਰ ਸਿੰਘ ਅਤੇ ਮਾਤਾ ਚਰਨ ਕੌਰ ਨੇ ਆਪਣੇ ਪੁੱਤਰ ਸਿੱਧੂ ਮੂਸੇਵਾਲਾ ਲਈ ਉਮੜੇ ਪਿਆਰ ਅਤੇ ਭੀੜ ਨੂੰ ਹੱਥ ਜੋੜੇ, ਪਿਤਾ ਨੇ ਪੱਗ ਲਾਹ ਕੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਆਪਣੇ ਪੁੱਤਰ ਨੂੰ ਇਨ੍ਹਾਂ ਵੱਡਾ ਪਿਆਰ ਦੇਣ ਲਈ ਲੋਕਾਂ ਦਾ ਧੰਨਵਾਦ ਕਰਦੇ ਹਨ। ਇਸ ਦੌਰਾਨ ਪੈਰ ਰੱਖਣ ਲਈ ਵੀ ਕਿਤੇ ਜਗ੍ਹਾ ਨਜਰ ਨਹੀਂ ਆਈ। ਲੋਕਾਂ ਦਾ ਸੈਲਾਬ ਇਸ ਕਦਰ ਉਮੜਿਆ ਕੇ ਲੋਕ ਮਕਾਨਾਂ ਦੀਆਂ ਛੱਤਾਂ, ਕੰਧਾਂ, ਟਰੈਕਟਰ, ਟਰਾਲੀਆਂ, ਟਰੱਕਾਂ, ਜੀਪਾਂ, ਕਾਰਾਂ ਦੀਆਂ ਛੱਤਾਂ ਤੇ ਸਵਾਰ ਹੋ ਕੇ ਆਪਣੇ ਪਸੰਦੀਦਾ ਕਲਾਕਾਰ ਦੇ ਅੰਤਿਮ ਦਰਸ਼ਨਾਂ ਲਈ ਪਹੁੰਚੇ। ਲੋਕਾਂ ਨੇ ਵੱਡੀ ਗਿਣਤੀ ਵਿੱਚ ਸਿੱਧੂ ਨੂੰ ਸ਼ਰਧਾਂਜਲੀ ਦੇਣ ਲਈ ਉਸ ਦੀਆਂ ਫੋਟੋਆਂ ਹੱਥਾਂ ਵਿੱਚ ਫੜੀਆਂ ਹੋਈਆਂ ਸਨ। ਕਈ ਥਾਵਾਂ ਤੇ ਉਸ ਦੇ ਗੀਤੀ ਵੀ ਵੱਜਦੇ ਨਜ਼ਰ ਆਏ।

ਸਿੱਧੂ ਮੂਸੇਵਾਲਾ ਦਾ ਅੰਤਿਮ ਸੰਸਕਾਰ ਪਿੰਡ ਦੀ ਸ਼ਮਸ਼ਾਨਘਾਟ ਦੀ ਬਜਾਏ ਉਸ ਦੇ ਖੇਤ ਵਿਖੇ ਕੀਤਾ ਗਿਆ। ਪਰਿਵਾਰ ਅਤੇ ਪ੍ਰਸ਼ੰਸ਼ਕਾਂ ਦੀ ਮੰਗ ਤੇ ਸਿੱਧੂ ਮੂਸੇਵਾਲਾ ਨੂੰ ਖੇਤਾਂ ਨਾਲ ਬਹੁਤ ਪਿਆਰ ਸੀ। ਜਿਸ ਕਰਕੇ ਉਸ ਦਾ ਅੰਤਿਮ ਸੰ-ਸਕਾਰ ਉਸ ਦੇ ਖੇਤ ਵਿਖੇ ਹੀ ਕੀਤਾ ਗਿਆ। ਅੰਤਿਮ ਸੰਸਕਾਰ ਤੋਂ ਬਾਅਦ ਵੱਡੀ ਗਿਣਤੀ ਵਿੱਚ ਪਹੁੰਚੇ ਪ੍ਰਸ਼ੰਸ਼ਕ ਹੰਝੂ ਲੈ ਕੇ ਉੱਥੋਂ ਵਿਦਾ ਹੋਏ ਅਤੇ ਉਨ੍ਹਾਂ ਸਿੱਧੂ ਮੂਸੇਵਾਲਾ ਅਮਰ ਰਹੇ ਦੇ ਨਾਅਰੇ ਵੀ ਲਗਾਏ।

ਇਸ ਮੌਕੇ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਸਾਬਕਾ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਸੁੱਖੀ ਰੰਧਾਵਾ, ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ, ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ, ਸਾਬਕਾ ਵਿਧਾਇਕ ਅਜੀਤਇੰਦਰ ਸਿੰਘ ਮੋਫਰ, ਜਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਰਸ਼ਦੀਪ ਸਿੰਘ ਮਾਈਕਲ ਗਾਗੋਵਾਲ, ਸਾਬਕਾ ਵਿਧਾਇਕ ਕੁਲਵੀਰ ਸਿੰਘ ਜੀਰਾ, ਅਕਾਲੀ ਦਲ ਅਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਫਿਲਮ ਅਦਕਾਰ ਗਿੱਪੀ ਗਰੇਵਾਲ, ਕੋਰਵਾਲਾ ਮਾਨ, ਆਰ।ਨੇਤ, ਐਮੀ ਵਿਰਕ, ਗਿੱਲ ਰੌਂਤਾ, ਅਫਸਾਨਾ ਖਾਨ, ਪੰਜਾਬ ਕਾਂਗਰਸ ਦੀ ਸਕੱਤਰ ਰਣਜੀਤ ਕੌਰ ਭੱਟੀ, ਪ੍ਰਧਾਨ ਗੁਰਪ੍ਰੀਤ ਸਿੰਘ ਮੋਨੀ, ਚੇਅਰਮੈਨ ਸੁਰੇਸ਼ ਕੁਮਾਰ ਨੰਦਗੜ੍ਹੀਆ, ਪ੍ਰਧਾਨ ਮਨਦੀਪ ਗੋਰਾ, ਕਾਂਗਰਸੀ ਆਗੂ ਪ੍ਰਿਤਪਾਲ ਸਿੰਘ ਡਾਲੀ, ਸਰਪੰਚ ਪੋਲੋਜੀਤ ਸਿੰਘ ਬਾਜੇਵਾਲਾ, ਨੰਬਰਦਾਰ ਹਰਮੇਲ ਸਿੰਘ ਖੋਖਰ, ਹਰਪ੍ਰੀਤ ਸਿੰਘ ਬਹਿਣੀਵਾਲ, ਸਰਪੰਚ ਹਰਚਰਨ ਸਿੰਘ ਖੋਖਰ, ਬਾਦਲ ਸਿੰਘ ਬਾਹਮਣਵਾਲਾ ਆਦਿ ਰਾਜਨੀਤੀਵਾਨ ਮੌਜੂਦ ਸਨ।

# ਅਮਰੀਕਾ ਦੇ ਸ਼ਹਿਰ ਚਿਕੋਪੀ ਨੇ 29 ਅਪ੍ਰੈਲ ਨੂੰ ਸਿੱਖ ਕੌਮ ਦੇ ਆਜ਼ਾਦੀ ਦਿਵਸ ਦੇ ਐਲਾਨਨਾਮੇ ਵਜੋਂ ਮਾਨਤਾ ਦਿੱਤੀ ਗਈ



**ਸੈਕਰਾਮੈਂਟੋ, ਕੈਲੀਫੋਰਨੀਆ: (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਸ਼ਹਿਰ ਚਿਕੋਪੀ ਨੇ 29 ਅਪ੍ਰੈਲ ਨੂੰ ਸਿੱਖ ਕੌਮ ਦੇ ਆਜ਼ਾਦੀ ਦਿਵਸ ਦੇ ਐਲਾਨਨਾਮੇ ਵਜੋਂ ਮਾਨਤਾ ਦਿੱਤੀ ਗਈ ਹੈ। ਇਹ ਘੋਸ਼ਣਾ ਪੱਤਰ ਚਿਕੋਪੀ ਸਿਟੀ ਦੇ ਮੇਅਰ, ਸ੍ਰੀ ਜੌਹਨ ਵਿਯੂ ਦੁਆਰਾ ਜਾਰੀ ਕੀਤਾ ਗਿਆ ਹੈ। ਚਿਕੋਪੀ ਅਮਰੀਕਾ ਦੇ ਪ੍ਰਾਂਤ ਮੈਸੇਚਿਉਸੇਟਸ ਦਾ ਇੱਕ ਵਧੀਆ ਸ਼ਹਿਰ ਹੈ। ਇਸ ਘੋਸ਼ਣਾ ਪੱਤਰ ਵਿੱਚ ਵਿਸ਼ੇਸ਼ ਜਿਕਰ ਹੈ ਕਿ ਭਾਰਤ ਨੇ 1984 ਤੋਂ ਲੈ ਕੇ ਹੁਣ ਤੱਕ ਸਿੱਖਾਂ ਦੇ ਜਾਇਜ਼ ਆਜ਼ਾਦੀ ਸੰਘਰਸ਼ ਨੂੰ ਕੁਚਲਣ ਲਈ ਸਿੱਖਾਂ ਦੀ ਨਸਲਕੁਸ਼ੀ ਕੀਤੀ ਹੈ, ਜਿਸ ਦੇ ਜਵਾਬ ਵਿਚ ਸਿੱਖਾਂ ਨੇ ਸਰਬੱਤ ਖ਼ਾਲਸੇ ਰਾਹੀ 26 ਜਨਵਰੀ, 1986 ਨੂੰ ਪੰਥਕ ਕਮੇਟੀ ਦਾ ਸੰਗਠਨ ਕੀਤਾ ਗਿਆ। ਭਾਰਤ ਦੇ ਕਬਜ਼ੇ ਵਾਲੇ ਪੰਜਾਬ ਵਿੱਚ ਪ੍ਰਭੂ ਸੱਤਾ ਸੰਪੰਨ ਰਾਜ ਸਿੱਖ ਕੌਮ ਦੇ ਸਵੈ-ਨਿਰਣੇ ਦੇ ਅਧਿਕਾਰ ਦੀ ਵਰਤੋਂ ਕਰਨ ਦਾ ਇੱਕੋ ਇੱਕ ਪ੍ਰਭਾਵਸ਼ਾਲੀ ਸਾਧਨ ਹੈ, ਜਿਸ ਕਾਰਨ 29 ਅਪ੍ਰੈਲ, 1986 ਨੂੰ ਨਿਯੁਕਤ ਪੰਥਕ ਕਮੇਟੀ ਦੁਆਰਾ ਸਿੱਖਾਂ ਦੀ ਆਜ਼ਾਦੀ ਦਾ ਐਲਾਨਨਾਮਾ ਕੀਤਾ ਗਿਆ ਸੀ। ਇਹ ਕਾਰਜ ਗੁਰਨੀਦੰਰ ਸਿੰਘ ਧਾਲੀਵਾਲ ਵਰਲਡ ਸਿੱਖ ਪਾਰਲੀਮੈਂਟ ਦੀ ਅਨਥੱਕ ਮਿਹਨਤ ਸਦੱਕੇ ਸਿਰੇ ਲੱਗਾ।ਖ਼ਾਲਿਸਤਾਨ ਅਫੇਯਰ ਸੈਂਟਰ ਦੇ ਡਾ: ਅਮਰਜੀਤ ਸਿੰਘ ਨੇ ਵਰਲਡ ਸਿੱਖ ਪਾਰਲੀਮੈਂਟ ਦੇ ਇਸ ਉੱਦਮ ਦੀ ਤਾਰੀਫ਼ ਕਰਦੇ ਕਿਹਾ ਕਿ ਸਿੱਖਾਂ ਦੇ ਹੱਕਾਂ ਦੀ ਗੱਲ ਹਰ ਇੱਕ ਪੱਧਰ ਤੇ ਹੋਣੀ ਲਾਜ਼ਮੀ ਹੈ। ਦੂਸਰੇ ਦੇਸ਼ਾਂ ਵਿੱਚ ਵੀ ਇਸ ਤਰ੍ਹਾਂ ਦੀ ਪਹਿਲ ਕਦਮੀ ਦੀ ਲੋੜ੍ਹ ਹੈ ਅਤੇ ਸਿੱਖ ਸੰ-ਸਥਾਵਾਂ ਨੂੰ ਸਾਂਝੇ ਤੌਰ ਤੇ ਇਸ ਤਰ੍ਹਾਂ ਦੇ ਕੰਮਾਂ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ। ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਸ। ਹਿੰਮਤ ਸਿੰਘ ਨੇ ਕਿਹਾ ਕਿ ਅਸੀਂ ਅਮਰੀਕਾ ਦੇ ਸੰਵਿਧਾਨ ਦੀ ਪਾਲਣਾ ਕਰਦੇ ਹੋਏ ਆਪਣੇ ਧਾਰਮਿਕ ਅਤੇ ਸਿਆਸੀ ਮਸਲਿਆਂ ਦੀ ਗੱਲ ਖੁੱਲ ਕੇ ਕਰ ਸਕਦੇ ਹਾਂ ਜੋ ਕਿ ਭਾਰਤੀ ਤੰਤਰ ਹੇਠ ਅਜਿਹਾ ਕਰਨ ਤੇ ਸਿੱਖਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਜਾਂਦਾ ਹੈ। ਬੰਦੀ ਸਿੰਘਾਂ ਦੀਆਂ ਸਜਾਵਾਂ ਪੂਰੀਆਂ ਹੋਣ ਤੇ ਵੀ ਰਿਹਾ ਨਾ ਕਰਨਾ ਭਾਰਤ ਦੀ ਝੂਠੀ ਡੈਮੋਕਰੇਸੀ ਦਾ ਚਿਹਰਾ ਨੰਗਾ ਕਰਦਾ ਹੈ। ਬਾਹਰਲੇ ਦੇਸ਼ਾਂ ਦੀ ਅਜ਼ਾਦੀ ਅੰਦਰ ਰਹਿੰਦੇ ਅਸੀਂ ਆਪਣੇ ਕਾਰਜ ਗੁਰੂ ਕਿਰਪਾ ਸਦਕਾ ਸੰਵਿਧਾਨਿਕ ਸੂਝ ਬੂਝ ਨਾਲ ਫ਼ਤਿਹ ਕਰ ਕੌਮ ਦੀ ਝੋਲੀ ਵਿੱਚ ਪਾਉਣ ਲਈ ਹਮੇਸ਼ਾ ਵਚਨਬੱਧ ਹਾਂ। ਸਿੱਖ ਜਥੇਬੰਦੀਆਂ ਨੂੰ ਹੋਰ ਅਧਿਕਾਰ ਖੇਤਰਾਂ ਵਿੱਚ ਵੀ ਅਜਿਹੇ ਐਲਾਨਾਂ ਨੂੰ ਪੂਰਾ ਕਰਨ ਲਈ ਮਿਲ ਕੇ ਕੰਮ ਕਰਨ ਦੀ ਲੋੜ ਹੈ। ਵਰਲਡ ਸਿੱਖ ਪਾਰਲੀਮੈਂਟ ਅਮਰੀਕਾ ਅਤੇ ਹੋਰ ਦੇਸਾਂ ਵਿੱਚ ਇਸ ਤਰ੍ਹਾਂ ਦੇ ਯਤਨਾਂ ਵਿੱਚ ਸਹਾਇਤਾ ਲਈ ਕੋਈ ਵੀ ਲੋੜੀਂਦਾ ਦਸਤਾਵੇਜ਼ ਪ੍ਰਦਾਨ ਕਰਨ ਲਈ ਤਿਆਰ ਹੈ। ਸ। ਹਰਜਿੰਦਰ ਸਿੰਘ (ਪਾਈਨ ਹਿੱਲ-ਨਿਊਜਰਸੀ) ਮੀਡੀਆ ਬੁਲਾਰੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ ਕਿਹਾ ਕਿ ਸਿੱਖਾਂ ਨੂੰ ਆਪਣੇ ਹੱਕਾਂ ਤੇ ਰਲ ਮਿਲ ਪਹਿਰਾ ਦਿੰਦੇ ਰਹਿਣਾ ਚਾਹੀਦਾ ਹੈ। ਅਮਰੀਕਾ ਵਰਗੇ ਜਮਹੂਰੀਅਤ ਪਸੰਦ ਦੇਸ਼ ਮਨੁੱਖੀ ਹੱਕਾਂ ਦੀ ਕਦਰ ਕਰਦੇ ਹਨ।



ਚਿਕੋਪੀ ਸ਼ਹਿਰ ਵੱਲੋਂ ਵੀ 29 ਅਪ੍ਰੈਲ ਨੂੰ ਸਿੱਖ ਕੌਮ ਦੇ ਆਜ਼ਾਦੀ ਦਿਵਸ ਦੇ ਐਲਾਨਨਾਮੇ ਵਜੋਂ ਮਾਨਤਾ ਦੇਣੀ ਬਹੁਤ ਵਧੀਆ ਫੈਸਲਾ ਹੈ। ਅਮਰੀਕਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਡਾ: ਪ੍ਰਿਤਪਾਲ ਸਿੰਘ ਨੇ ਵੀ ਚਿਕੋਪੀ ਸ਼ਹਿਰ ਦੇ ਇਸ ਐਲਾਨ ਤੋਂ ਖੁਸ਼ੀ ਦਾ ਇਜ਼ਹਾਰ ਕਰਦਿਆਂ ਵਰਲਡ ਸਿੱਖ ਪਾਰਲੀਮੈਂਟ ਦਾ ਧੰਨਵਾਦ ਕੀਤਾ।


NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928

RE/MAX® Gold


Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd #
100 Sacramento, CA 95834

ਦੇਸ਼ ਦੁਆਬਾ

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਮਨਮੁਖ, ਮਨੂੰਵਾਦੀ ਅਤੇ ਮੁਗਲ ਹੁਕਮਰਾਨ

ਗੁਰੂ ਅਰਜਨ ਦੇਵ ਜੀ ਪਹਿਲੇ ਸਿੱਖ ਗੁਰੂ ਹਨ, ਜਿਹਨਾਂ ਨੂੰ ਸ਼ਹੀਦੀ ਦਾ ਜਾਮ ਪੀਣਾ ਨਸੀਬ ਹੋਇਆ। ਬਿਲਡਿੰਗਾਂ ਦਾ ਨਿਰਮਾਣ ਇੱਟਾਂ, ਸੀਮਿੰਟ, ਸਰੀਏ ਅਤੇ ਪਾਣੀ ਵਰਗੀਆਂ ਵਸਤਾਂ ਨਾਲ ਹੁੰਦਾ ਹੈ ਪਰ ਇਨ੍ਹਾਂ ਵਸਤਾਂ ਨੂੰ ਬਿਲਡਿੰਗ ਦਾ ਰੂਪ ਦੇਣ ਲਈ ਜ਼ਮੀਨ, ਆਰਚੀਟੈਕਟ, ਮਿਸਤਰੀਆਂ ਅਤੇ ਮਜ਼ਦੂਰਾਂ ਦੀ ਲੋੜ ਹੁੰਦੀ ਹੈ। ਹਰ ਕੰਮ ਕਰਨ ਦਾ ਇਕ ਸਮਾਂ ਅਤੇ ਤਰੀਕਾ ਹੁੰਦਾ ਹੈ। ਕਣਕ ਬੀਜਣ ਦਾ ਇਕ ਤਰੀਕਾ ਅਤੇ ਸਮਾਂ ਹੁੰਦਾ ਹੈ। ਕਣਕ ਵੱਢਣ ਦਾ ਵੀ ਇਕ ਤਰੀਕਾ ਅਤੇ ਸਮਾਂ ਹੁੰਦਾ ਹੈ। ਜੇ ਸਮੇਂ ਸਿਰ ਕਣਕ ਨਾ ਵੱਢੀ ਜਾਵੇ ਤਾਂ ਕਣਕ ਦੇ ਛਿੱਟੇ ਕਿਰ ਜਾਂਦੇ ਹਨ। ਮਿਹਨਤ ਵਿਅਰਥ ਜਾਂਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਤੋਂ ਪਹਿਲਾਂ ਦੇ ਚਾਰ ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਪੂਰਵਗਾਮੀ ਅਤੇ ਸਮਕਾਲੀ ਮਹਾਪੁਰਖਾਂ ਦੀ ਬਾਣੀ ਨੂੰ 1604 ਈਸਵੀ ਵਿਚ ਸੋਧ ਕੇ ਸੰਪਾਦਿਤ ਕਰਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਪਹਿਲਾ ਪ੍ਰਕਾਸ਼ ਕੀਤਾ। ਬਾਬਾ ਬੁੱਢਾ ਜੀ ਜੋ ਉਸ ਸਮੇਂ ਦੀ ਹਿੰਦੂਆਂ ਦੀ ਵਰਣ ਵਿਵਸਥਾ ਵਿਚ ਚੌਥੇ ਦਰਜੇ ਸ਼ੂਦਰ ਵਰਣ ਦੀ ਜੱਟ ਜਾਤ 'ਚੋਂ ਪੈਦਾ ਹੋਏ, ਨੂੰ ਪਹਿਲਾ ਪਾਠੀ ਨਿਯੁਕਤ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਉਸ ਵਿਚ ਸ਼ੂਦਰ ਸਮਾਜ ਦੇ ਮਹਾਂਪੁਰਖਾਂ ਦੀ ਗੁਰਬਾਣੀ ਅਤੇ ਬਾਬਾ ਬੁੱਢਾ ਜੀ ਦੀ ਦਰਬਾਰ ਸਾਹਿਬ ਵਿਚ ਨਿਯੁਕਤੀ ਨਾਲ ਮਨੂੰਵਾਦੀਆਂ ਅਤੇ ਮੁਗਲ ਸ਼ਾਸਕਾਂ ਨੂੰ ਸਿਆਸਤ ਦੀ ਭਿਣਕ ਪਈ।

ਹਰ ਸਥਾਪਤ ਸਮਾਜ ਦੇ ਪੁਰੋਹਿਤ ਵਰਗ ਅਤੇ ਹੁਕਮਰਾਨਾਂ ਵਿਚ ਗੁਪਤ ਅਤੇ ਖੁੱਲ੍ਹਮ ਖੁੱਲ੍ਹਾ ਸਮਝੌਤਾ ਹੋਇਆ, ਜਿਸ ਤਹਿਤ ਪੁਰੋਹਿਤ ਬਾਦਸ਼ਾਹ-ਰਾਜੇ ਨੂੰ ਰੱਬ ਦਾ ਦੂਤ ਐਲਾਨਦਾ ਹੈ ਅਤੇ ਬਾਦਸ਼ਾਹ/ ਰਾਜਾ ਪੁਰੋਹਿਤ ਨੂੰ ਰੱਬ ਐਲਾਨਦਾ ਹੈ। ਖੁਆਜੇ ਦਾ ਗਵਾਹ ਡੱਡੂ। ਦੋਵੇਂ ਮਿਲ ਕੇ ਆਮ ਜਨਤਾ ਨੂੰ ਲੁੱਟਦੇ ਅਤੇ ਕੁੱਟਦੇ ਹਨ।


**ਮੁਹੰਮਦ ਬਿਨ ਕਾਸਿਮ ਹੱਥੋਂ ਸਿੰਧ ਦੇ ਰਾਜਾ ਦਾਹਿਰ ਦੀ ਹਾਰ ਨਾਲ ਦਿਨੋਂ ਦਿਨ ਭਾਰਤੀ ਸਮਾਜ ਉਪਰ ਬ੍ਰਾਹਮਣ, ਪ੍ਰੋਹਿਤ ਅਤੇ ਕਸ਼ੱਤਰੀ ਰਾਜਾਂ ਦਾ ਦਬਦਬਾ ਟੁੱਟਦਾ ਗਿਆ। ਇਸ ਨਾਲ ਸਭ ਤੋਂ ਵੱਧ ਸੁਖ ਦਾ ਸਾਹ ਸ਼ੂਦਰ ਅਛੂਤ ਵਰਗ ਨੂੰ ਹੋਇਆ। ਉਸ ਨੇ ਬ੍ਰਾਹਮਣ ਅਤੇ ਕਸ਼ੱਤਰੀ ਵਰਣਾਂ ਖ਼ਿਲਾਫ਼ ਵਿਦਰੋਹ ਕੀਤਾ ਜੋ ਸਾਨੂੰ ਗੁਰੂ ਨਾਮਦੇਵ, ਗੁਰੂ ਤਿਲੋਚਨ ਦੇ ਰੂਪ ਵਿਚ ਮਹਾਰਾਸ਼ਟਰ, ਗੁਰੂ ਰਵਿਦਾਸ, ਗੁਰੂ ਕਬੀਰ ਦੇ ਰੂਪ ਵਿਚ ਉਤਰ ਪ੍ਰਦੇਸ਼ ਦੇ ਧੁਰ ਪੂਰਬ ਵੱਲ, ਗੁਰੂ ਦਾਦੂ ਦਿਆਲ ਦੇ ਰੂਪ ਵਿਚ ਰਾਜਸਥਾਨ ਤੋਂ ਉਪਰ ਸਿੰਧ ਇਲਾਕੇ 'ਚ ਗੁਰੂ ਸਧਨਾ ਦੇ ਰੂਪ ਵਿਚ ਦਿਖਾਈ ਦਿੰਦਾ ਹੈ। ਦਰਅਸਲ ਇਹ ਵਿਦਰੋਹ ਨਹੀਂ ਕ੍ਰਾਂਤੀ ਸੀ, ਜਿਸ ਨੂੰ ਭਾਰਤ ਦੇ ਇਤਿਹਾਸਕਾਰਾਂ ਨੇ ਕਿਤਾਬਾਂ ਵਿਚ ਕਲਮਬੰਦ ਨਹੀਂ ਕੀਤਾ। ਜਿਸ ਕ੍ਰਾਂਤੀ ਨੇ ਨਾ ਸਿਰਫ਼ ਬ੍ਰਾਹਮਣ (ਪ੍ਰੋਹਿਤ), ਕਸ਼ੱਤਰੀ (ਰਾਜਾ) ਖ਼ਿਲਾਫ਼ ਵਿਦਰੋਹ ਕੀਤਾ, ਸਗੋਂ ਇਨ੍ਹਾਂ ਦੇ ਪ੍ਰੇਰਨਾ ਸਰੋਤ ਮਹਾਂਪੁਰਖਾਂ ਤੋਂ ਵੀ ਜ਼ਬਰਦਸਤ ਹਮਲਾਵਰੀ ਰੁਖ ਅਪਣਾਇਆ ਗਿਆ।**

*ਤੁਮ ਕਹੀਅਤ ਹੋ ਜਗਤ ਗੁਰ ਸੁਆਮੀ*
*ਹਮ ਕਹੀਅਤ ਕਲਿਜੁਗ ਕੇ ਕਾਮੀ*
*ਗੌਤਮ ਨਰਿ ਉਪਾਦਿ ਸਵਾਮੀ*
*ਸੀਸ ਧਰਨ ਸਤਸ ਭਗ ਗਾਮੀ।। (ਗੁਰੂ ਰਵਿਦਾਸ ਸਫਾ 710)*

ਇਨ੍ਹਾਂ ਮਹਾਂਪੁਰਖਾਂ ਨੇ ਹਿੰਦੂ ਧਰਮ ਦੇ ਮਨੂੰਵਾਦੀ ਦ੍ਰਿਸ਼ਟੀਕੋਣ ਦੀ ਆਲੋਚਨਾ ਕੀਤੀ ਅਤੇ ਉਸ ਦਾ ਬਦਲ ਵੀ ਦਿੱਤਾ। ਉਨ੍ਹਾਂ ਨੇ ਇਸਲਾਮ ਤੇ ਪੁਰੋਹਿਤ ਵਰਗ ਅਤੇ ਸ਼ਾਸਕਾਂ ਖ਼ਿਲਾਫ਼ ਵੀ ਵਿਦਰੋਹ ਕੀਤਾ, ਜਿਸ ਕਾਰਨ ਗੁਰੂ ਰਵਿਦਾਸ ਅਤੇ ਗੁਰੂ ਕਬੀਰ ਨੂੰ ਅਦਾਲਤਾਂ ਦੇ ਚੱਕਰ ਕੱਟਣੇ ਪਏ ਅਤੇ ਸਜ਼ਾਵਾਂ ਸਹਿਣੀਆਂ ਪਈਆਂ। ਗੁਰੂ ਰਵਿਦਾਸ ਵੱਲੋਂ ਰਾਜਪੂਤਣੀ ਸੰਤਣੀ ਮੀਰਾਂ ਬਾਈ ਔਰਤ ਨੂੰ ਨਾਮਦਾਨ ਦੇਣ ਤੇ ਤਾਂ ਮਨੂੰਵਾਦੀ ਵਿਵਸਥਾ ਅੱਗ ਬਬੂਲਾ ਹੋ ਗਈ ਅਤੇ ਉਨ੍ਹਾਂ ਨੇ ਗੁਰੂ ਰਵਿਦਾਸ ਜੀ ਨੂੰ ਚਿਤੌੜਗੜ੍ਹ ਵਿਖੇ ਸ਼ਹੀਦ ਕਰ ਦਿੱਤਾ। ਗੁਰੂ ਰਵਿਦਾਸ ਜੀ ਦੀ ਸਮਾਧ ਅਜੇ ਵੀ ਚਿਤੌੜਗੜ੍ਹ ਵਿਖੇ ਹੈ। ਗੁਰੂ ਰਵਿਦਾਸ ਛੱਤਰੀ ਧਰਮ ਸਥਾਨ ਵੀ ਹੈ।

***ਇਹ ਭੂਮਿਕਾ ਬਣਾਉਣ ਦਾ ਭਾਵ ਹੈ ਕਿ ਜਿਨ੍ਹਾਂ ਸ਼ੂਦਰ ਮਹਾਂਪੁਰਖਾਂ ਨੇ ਹਿੰਦੂ ਅਤੇ ਮੁਸਲਿਮ ਧਰਮਾਂ/ ਸਮਾਜਾਂ ਦੇ ਪੁਰੋਹਿਤ ਵਰਗਾਂ ਅਤੇ ਧਾਰਮਿਕ ਅਕੀਦਿਆਂ ਤੇ ਤਾਬੜਤੋੜ ਹਮਲੇ ਕੀਤੇ, ਉਹਨਾਂ ਦੀ ਹੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਮਹਾਰਾਜ ਨੇ ਸੁਸ਼ੋਭਿਤ ਕਰਕੇ ਮਨੂੰਵਾਦੀਆਂ ਮੁਗਲ ਸ਼ਾਸਕਾਂ ਨੂੰ ਤਰਲੋ ਮੱਛੀ ਕਰ ਦਿੱਤਾ। ਗੁਰਗੱਦੀ ਦੇ ਦਾਅਵੇਦਾਰ ਘਰੋਗੀ ਮਨਮੁਖਾਂ ਨੇ ਬਲਦੀ 'ਤੇ ਤੇਲ ਪਾਇਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਖ਼ਿਲਾਫ਼ ਲਿਖਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਪ੍ਰਕਾਸ਼ ਤੋਂ ਪਹਿਲਾਂ ਤੱਕ ਸਿੱਖ ਗੁਰੂਆਂ ਅਤੇ ਮੁਗਲ ਬਾਦਸ਼ਾਹਾਂ ਦੇ ਸਬੰਧ ਨਾ ਸਿਰਫ਼ ਸੁਖਾਵੇਂ ਸਨ ਸਗੋਂ ਅੰਮ੍ਰਿਤਸਰ ਵਸਾਉਣ ਲਈ ਜਮੀਨ ਮੁਗਲ ਬਾਦਸ਼ਾਹਾਂ ਨੇ ਹੀ ਦਾਨ ਵਿਚ ਦਿੱਤੀ ਸੀ। ਗੁਰੂ ਅਰਜਨ ਦੇਵ ਜੀ ਦੇ ਕਹਿਣ 'ਤੇ ਹੀ ਬਾਦਸ਼ਾਹ ਅਕਬਰ ਨੇ ਪੰਜਾਬ ਦੇ ਅਕਾਲ ਪੀੜਤ ਕਿਸਾਨਾਂ ਦਾ ਮਾਲੀਆ ਮੁਆਫ਼ ਕਰ ਦਿੱਤਾ ਸੀ।***

ਗੁਰੂ ਗ੍ਰੰਥ ਸਾਹਿਬ ਦੀ ਰਚਨਾ ਦੇ ਦੋ ਸਾਲ ਦੇ ਅੰਦਰ ਹੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦ ਹੋਣਾ ਸਿੱਧ ਕਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਗੁਰਬਾਣੀਕਾਰਾਂ ਦੀ ਵਿਚਾਰਧਾਰਾ ਅਤੇ ਹਿੰਦੂ ਸਮਾਜ ਦੇ ਤੀਜੇ ਦਰਜੇ ਦੇ ਵਰਣ ਖੱਤਰੀ ਵਿਚ ਪੈਦਾ ਹੋਏ ਸਿੱਖ ਗੁਰੂਆਂ ਦੇ ਧਾਰਮਿਕ ਗੁਰੂ ਬਣਨਾ ਬ੍ਰਾਹਮਣ ਪੁਰੋਹਿਤ ਵਰਗ ਨੂੰ ਪਸੰਦ ਨਹੀਂ ਸੀ। ਉਨ੍ਹਾਂ ਦੇ ਸਮਾਜ ਵਿਚਲੇ ਧਾਰਮਿਕ ਏਕਾਧਿਕਾਰ ਨੂੰ ਸਿੱਧਾ ਚੈਲੰਜ ਸੀ। ਉਹਨਾਂ ਦੇ ਰੁਜ਼ਗਾਰ ਦਾ ਵੀ ਸਵਾਲ ਸੀ, ਲੰਗਰ ਪ੍ਰਥਾ ਨਾਲ ਵੀ ਉਨ੍ਹਾਂ ਨੂੰ ਸਮਾਜ ਵਿਚ ਆ ਰਹੀ ਨੇੜਤਾ ਦਾ ਖਤਰਾ ਸੀ।



ਤਰਨਤਾਰਨ, ਅੰਮ੍ਰਿਤਸਰ, ਕਰਤਾਰਪੁਰ, ਗੋਇੰਦਵਾਲ, ਖਡੂਰ ਸਾਹਿਬ ਦੇ ਸਿੱਖ ਕੇਂਦਰ ਵਜੋਂ ਦਿੱਸਣ ਨਾਲ ਉਨ੍ਹਾਂ ਦੇ ਧਾਰਮਿਕ ਕੇਂਦਰ ਹੀ ਉਹਨਾਂ ਦੇ ਰਾਜਸੀ ਕੇਂਦਰ ਸਨ। ਸਮੇਂ-ਸਮੇਂ ਤੇ ਆਏ ਹੁਕਮਰਾਨਾਂ ਨਾਲ ਮਨੂੰਵਾਦੀਆਂ ਨੇ ਰਾਜਸੀ ਸਮਝੌਤੇ ਕਰਕੇ ਅਹਿਲਕਾਰ ਬਣ ਗਏ। ਕਦੇ ਉਨ੍ਹਾਂ ਨੇ ਧੀਆਂ ਦੇ ਡੋਲੇ ਦੇ ਕੇ ਸੱਤਾ ਦੇ ਕੇਂਦਰਾਂ 'ਚ ਗ੍ਰਹਿ ਪ੍ਰਵੇਸ਼ ਕਰਕੇ ਨਵੇਂ ਜੰਮੇ ਹੁਕਮਰਾਨਾਂ ਦੇ ਮਾਮੇ ਅਤੇ ਨਾਨੇ ਬਣ ਬੈਠੇ।

10 ਜੂਨ 2006 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਗੁਰੂ ਨਾਨਕ ਭਵਨ ਅੰਮ੍ਰਿਤਸਰ ਵਿਖੇ ਸੈਮੀਨਾਰ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਤਾਬਦੀ ਸ਼ਹੀਦੀ ਦਿਵਸ ਨੂੰ ਸਮਰਪਿਤ ਕੀਤਾ। ਜਿਸ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਪੰਜਾਬ, ਪੰਜਾਬ ਦੇ ਉਸ ਵਕਤ ਦੇ ਰਾਜਪਾਲ ਜਨਰਲ ਐਸ. ਐਫ. ਰੌਡਰਿਗਜ਼, ਸ. ਅਵਤਾਰ ਸਿੰਘ ਮੱਕੜ ਜੋ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ, ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਬੀਬੀ ਜਗੀਰ ਕੌਰ, ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਮੌਜੂਦਗੀ ਵਿਚ ਆਰੀਆ ਸਮਾਜ ਦੇ ਮੁਖੀ ਸਵਾਮੀ ਅਗਨੀਵੇਸ਼ ਨੇ ਕਿਹਾ ''ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਾਸਤੇ ਜਹਾਂਗੀਰ ਦੇ ਹਾਕਮਾਂ ਦੇ ਨਾਲ ਨਾਲ ਗੁਰੂ ਸਾਹਿਬ ਦੇ ਘਰੇਲੂ ਵਿਰੋਧੀ ਵੀ ਜ਼ਿੰਮੇਵਾਰ ਸਨ।'' ਸਵਾਮੀ ਅਗਨੀਵੇਸ਼ ਨੇ ਬੜੀ ਹੁਸ਼ਿਆਰੀ ਨਾਲ ਚੰਦੂ ਮਨੂੰਵਾਦੀ ਨੂੰ ਬਚਾ ਲਿਆ।

ਡਾ. ਕਰਤਾਰ ਸਿੰਘ ਸੂਰੀ ਪੀ. ਐਚ. ਡੀ. ਆਪਣੀ ਪੁਸਤਕ 'ਗੁਰੂ ਅਰਜਨ ਦੇਵ ਕਲਾ ਤੇ ਚਿੰਤਨ' (ਸਫਾ 36-37) ਵਿਚ ਚੰਦੂ ਬਾਰੇ ਲਿਖਦੇ ਹਨ, ਹੁਣ ਚੰਦੂ ਨੂੰ ਬਦਲਾ ਲੈਣ ਦਾ ਅਵਸਰ ਮਿਲ ਗਿਆ। ਮੁਗਲ ਹਕੂਮਤ ਦਾ ਦੀਵਾਨ ਤਾਂ ਉਹ ਹੀ ਹੈ ਜੋ ਹਾਕਮ ਨੂੰ ਕਹਿ ਕੇ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਮਾਰਨ ਦਾ ਨੀਚ ਕੰਮ ਉਸ ਨੇ ਆਪਣੇ ਜ਼ਿੰਮੇ ਲੈ ਲਿਆ। ਚੰਦੂ ਨੇ ਗੁਰੂ ਜੀ ਨੂੰ ਜੇਠ ਦੇ ਮਹੀਨੇ ਦੀ ਸੜਦੀ ਧੁੱਪ ਵਿਚ ਗਰਮ ਪਾਣੀ ਦੀ ਉਬਲਦੀ ਦੇਗ ਵਿਚ ਬਿਠਾਇਆ ਪਰ ਗੁਰੂ ਜੀ ਨੇ ਉਫ਼ ਤੱਕ ਨਾ ਕੀਤੀ ਅਤੇ ਆਪ ਬੜੀ ਸ਼ਾਂਤੀ ਨਾਲ ਇਹ ਸ਼ਬਦ ਉਚਾਰਦੇ ਰਹੇ-

*ਤੇਰਾ ਭਾਣਾ ਮੀਠਾ ਲਾਗੈ।। ਹਰਿਨਾਮ ਪਦਾਰਥ ਨਾਨਕ ਮਾਂਗੈ।।*

ਜਦੋਂ ਚੰਦੂ ਨੇ ਵੇਖਿਆ ਕਿ ਇਤਨਾ ਸਖ਼ਤ ਕਸ਼ਟ ਵੀ ਆਪ ਨੇ ਸਹਾਰ ਲਿਆ ਹੈ ਤਾਂ ਆਪ ਨੂੰ ਗਰਮ ਲੋਹ 'ਤੇ ਬਿਠਾਇਆ ਗਿਆ ਅਤੇ ਸਿਰ ਉੱਤੇ ਗਰਮ ਰੇਤ ਪਾਈ ਗਈ।

ਪੰਜ ਦਿਨ ਗੁਰੂ ਜੀ ਉਪਰ ਚੰਦੂ ਨੇ ਇਹ ਅੱਤਿਆਚਾਰ ਕੀਤਾ ਜਿਸ ਨਾਲ ਮੌਕੇ 'ਤੇ ਮੌਜੂਦ ਪੰਜ ਸਿੱਖ ਭਾਈ ਪਿਰਾਣਾ, ਭਾਈ ਲੰਗਾਹ, ਭਾਈ ਜੇਠਾ, ਭਾਈ ਬਿਧੀਆ ਅਤੇ ਭਾਈ ਪੈੜਾ ਸਣੇ ਸਾਈਂ ਮੀਆਂ ਮੀਰ ਦੀਆਂ ਅੱਖਾਂ ਵਿਚੋਂ ਰਾਵੀ ਦਰਿਆ ਵਹਿ ਤੁਰੇ ਤਾਂ ਗੁਰੂ ਅਰਜਨ ਦੇਵ ਜੀ ਨੇ ਆਖਿਆ:-

*ਨਾ ਕੋਈ ਮੇਰਾ ਦੁਸਮਨ ਰਹਿਆ ਨਾ ਹਮ ਕਿਸੇ ਕੇ ਬੈਰਾਈ। (ਰਾਗ ਧਨਾਸਰੀ)*

ਉਪਰੋਕਤ ਸੈਮੀਨਰ ਵਿਚ ਖੋਜੀ ਲੇਖਕਾਂ ਪ੍ਰੋ. ਨੇ ਆਪਣੇ ਖੋਜ ਪੱਤਰਾਂ ਵਿਚ ਹਿੰਦੂ ਕੱਟੜਵਾਦ ਦੀ ਖੂਬ ਨੁਕਤਾਚੀਨੀ ਕੀਤੀ ਤਾਂ ਆਰੀਆ ਸਮਾਜੀ ਸਵਾਮੀ ਅਗਨੀਵੇਸ਼ ਨੂੰ ਕਹਿਣਾ ਪਿਆ ਕਿ 'ਆਰੀਆ ਸਮਾਜ ਦਾ ਮੁਖੀ ਹੋਣ ਦੇ ਨਾਤੇ ਉਹ ਵਾਅਦਾ ਕਰਦੇ ਹਨ ਕਿ ਛੇਤੀ ਹੀ ਸਤਿਆਰਥ ਪ੍ਰਕਾਸ਼ ਗ੍ਰੰਥ ਦੁਬਾਰਾ ਛਾਪਿਆ ਜਾਵੇਗਾ।'।

**ਯਾਦ ਰਹੇ ਕਿ ਸਵਾਮੀ ਦਇਆ ਨੰਦ ਲਿਖਤ ਸਤਿਆਰਥ ਪ੍ਰਕਾਸ਼ ਵਿਚ ਗੁਰੂ ਨਾਨਕ, ਗੁਰੂ ਕਬੀਰ, ਗੁਰੂ ਦਾਦੂ ਦਿਆਲ, ਇਸਾਈਆਂ, ਮੁਸਲਮਾਨਾਂ, ਸਿੱਖਾਂ, ਬੋਧੀਆਂ, ਜੈਨੀਆਂ ਖ਼ਿਲਾਫ਼ ਖੂਬ ਜ਼ਹਿਰ ਉਗਲਿਆ ਹੈ। ਯਾਦ ਰਹੇ ਕਿ ਪ੍ਰੋ. ਦਿੱਤ ਰਾਮ ਉਰਫ ਗਿਆਨੀ ਦਿੱਤ ਸਿੰਘ (1850-1901) ਨੇ ਸਵਾਮੀ ਦਇਆ ਨੰਦ ਨੂੰ ਤਿੰਨ ਬਹਿਸਾਂ ਵਿਚ ਲਾਹੌਰ ਵਿਖੇ ਹਰਾਇਆ ਸੀ ਅਤੇ 'ਸਤਿਆਰਥ ਪ੍ਰਕਾਸ਼' ਦੰਭ ਵਿਕਾਰਣ ਪੁਸਤਕ ਵਿਚ ਸਤਿਆਰਥ ਪ੍ਰਕਾਸ਼ ਦਾ ਜਵਾਬ ਦਿੱਤਾ ਜਿਸ ਨੂੰ ਅਜੇ ਤੱਕ ਸ਼੍ਰੋਮਣੀ ਕਮੇਟੀ ਜਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਨਹੀਂ ਛਾਪਿਆ। ਸਤਿਆਰਥ ਪ੍ਰਕਾਸ਼ ਵਿਚ 150 ਵੇਰਾਂ ਮਨੂੰ ਸਮ੍ਰਿਤੀ ਦੇ ਹਵਾਲੇ ਹਨ। ਸਵਾਮੀ ਦਇਆ ਨੰਦ ਨੇ 'ਵੇਦਾਂ ਵੱਲ ਮੁੜੋ' ਦਾ ਨਾਅਰਾ ਦਿੱਤਾ। ਜਿਹੜੇ ਵੇਦ ਪੜ੍ਹਨ ਸੁਣਨ ਤੇ ਸ਼ੂਦਰ ਨੂੰ ਮੌਤ ਦੀ ਸਜ਼ਾ ਸੀ।**

ਆਰੀਆ ਸਮਾਜੀ, ਸਨਾਤਨ ਧਰਮੀ ਅਤੇ ਆਰ. ਐਸ. ਐਸ. ਇਕੋ ਮਾਨਸਿਕਤਾ ਦੇ ਵੱਖੋ-ਵੱਖਰੇ ਨਾਮ ਹਨ। ਕੁਝ ਸਾਲ ਪਹਿਲਾਂ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਆਰ. ਐਸ. ਐਸ. ਨੇ ਇਕ ਸੈਮੀਨਾਰ ਵਿਚ ਆਪਣੇ ਪੰਜ ਦੁਸ਼ਮਣ ਐਲਾਨੇ ਸਨ। ਔਰਤਵਾਦੀ, ਕਮਿਊਨਿਸਟ, ਧਾਰਮਿਕ ਘੱਟ ਗਿਣਤੀਆਂ (ਸਿੱਖ, ਮੁਸਲਮਾਨ, ਬੋਧੀ, ਇਸਾਈ, ਜੈਨੀ, ਪਾਰਸੀ), ਸ਼ੂਦਰ (ਅਨੁਸੂਚਿਤ ਜਾਤੀਆਂ/ ਜਨ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਜੱਟ), ਧਰਮ ਨਿਰਪੱਖ ਰਾਜਸੀ ਪਰਟੀਆਂ। ਇਹਨਾਂ ਵਰਗਾਂ ਨੂੰ ਆਪਣਾ ਘੱਟੋ-ਘੱਟ ਸਾਂਝਾ ਪ੍ਰੋਗਰਾਮ ਬਣਾ ਕੇ ਆਜ਼ਾਦੀ, ਬਰਾਬਰੀ, ਭਾਈਚਰੇ ਅਤੇ ਨਿਆਂ 'ਤੇ ਆਧਾਰਿਤ ਗੁਰੂ ਅਰਜਨ ਦੇਵ ਜੀ ਦਾ ਹਲੀਮੀ ਰਾਜ ਅਤੇ ਗੁਰੂ ਰਵਿਦਾਸ ਜੀ ਦਾ ਬੇਗਮਪੁਰਾ ਸਥਾਪਤ ਕਰਨਾ ਚਾਹੀਦਾ ਹੈ।

ਅੰਤ ਵਿਚ ਮੈਂ ਆਪਣੀ ਗੱਲ ਨੂੰ ਇਸ ਤਰ੍ਹਾਂ ਕਹਿਣਾ ਚਾਹਾਂਗਾ- ਇਕ ਆਦਮੀ ਤਿੰਨ ਤਰ੍ਹਾਂ ਦੀਆਂ ਸ਼ੀਸ਼ੇ ਦੀਆਂ ਮੂਰਤੀਆਂ ਵੇਚ ਰਿਹਾ ਸੀ। ਇਨ੍ਹਾਂ ਮੂਰਤੀਆਂ ਦੀ ਪਾਰਦਰਸ਼ਤਾ ਕਾਰਨ ਸਰੀਰ ਦੇ ਸਾਰੇ ਅੰਦਰੂਨੀ ਅੰਗ ਜਿਵੇਂ ਦਿਲ, ਦਿਮਾਗ, ਫੇਫੜੇ, ਗੁਰਦੇ ਆਦਿ ਦਿਖਾਈ ਦਿੰਦੇ ਸਨ। ਤਿੰਨਾਂ 'ਚੋਂ ਪਹਿਲੀ ਦੀ ਕੀਮਤ ਇਕ ਹਜ਼ਾਰ ਡਾਲਰ ਸੀ, ਦੂਜੀ ਦੀ ਦਸ ਹਜ਼ਾਰ ਡਾਲਰ ਤੇ ਤੀਜੀ ਦੀ ਇਕ ਲੱਖ ਡਾਲਰ ਕੀਮਤ ਸੀ। ਇਕ ਵਿਅਕਤੀ ਨੇ ਇਨ੍ਹਾਂ ਦੀ ਕੀਮਤ ਵਿਚ ਇੰਨੇ ਫਰਕ ਬਾਰੇ ਸਵਾਲ ਕੀਤਾ ਕਿ ਇਹ ਦੇਖਣ ਨੂੰ ਅਤੇ ਮਟੀਰੀਅਲ ਵੀ ਇਕੋ ਜਿਹਾ ਹੈ ਪਰ ਕੀਮਤ ਵਿਚ ਫਰਕ ਕਿਉਂ ਹੈ?

ਉਸ ਦੁਕਾਨਦਾਰ ਨੇ ਇਕ ਹਜ਼ਾਰ ਡਾਲਰ ਵਾਲੀ ਮੂਰਤੀ ਦੇ ਕੰਨ ਵਿਚ ਸੂਈ ਪਾਈ ਜੋ ਤੁਰੰਤ ਦੂਜੇ ਕੰਨ ਰਾਹੀਂ ਬਾਹਰ ਆ ਗਈ। ਦੁਕਾਨਦਾਰ ਨੇ ਕਿਹਾ ਕਿ ਇਹ ਮੂਰਤੀ ਉਸ ਵਿਅਕਤੀ ਵਾਂਗ ਹੈ ਜੋ ਕੋਈ ਗੱਲ ਇਕ ਕੰਨ ਨਾਲ ਸੁਣਦਾ ਹੈ ਅਤੇ ਦੂਜੇ ਕੰਨ ਰਾਹੀਂ ਕੱਢ ਦਿੰਦਾ ਹੈ। ਦੂਜੀ ਦਸ ਹਜ਼ਾਰ ਡਾਲਰ ਵਾਲੀ ਮੂਰਤੀ ਦੇ ਕੰਨ ਵਿਚ ਸੂਈ ਪਾਈ ਤਾਂ ਗਾਹਕ ਨੇ ਵੇਖਿਆ ਕਿ ਇਸ ਵਾਰ ਸੂਈ ਦੂਜੇ ਕੰਨ ਰਾਹੀਂ ਨਾ ਨਿਕਲ ਕੇ ਸਰੀਰ ਦੇ ਸਾਰੇ ਹਿੱਸੇ ਵਿਚ ਗਈ ਪਰ ਦਿਮਾਗ ਵੱਲ ਨਾ ਜਾ ਕੇ ਮੂੰਹ ਰਾਹੀਂ ਨਿਕਲ ਗਈ। ਉਸ ਨੇ ਦੱਸਿਆ ਕਿ ਇਹ ਮੂਰਤੀ ਉਸ ਵਿਅਕਤੀ ਵਰਗੀ ਹੈ ਜੋ ਗੱਲ ਨੂੰ ਧਿਆਨ ਨਾਲ ਸੁਣਦਾ ਤਾਂ ਹੈ ਪਰ ਵਿਚਾਰਦਾ ਨਹੀਂ।

ਜਦੋਂ ਤੀਜੀ ਮੂਰਤੀ ਦੇ ਕੰਨ ਵਿਚ ਸੂਈ ਪਾਈ ਤਾਂ ਸਾਰੇ ਸਰੀਰ ਵਿਚ ਜਾ ਕੇ ਫਿਰ ਦਿਮਾਗ ਵਿਚ ਕੁਝ ਸਮਾਂ ਠਹਿਰ ਕੇ ਫਿਰ ਮੂੰਹ ਰਾਹੀਂ ਨਿਕਲ ਗਈ ਤਾਂ ਉਸ ਨੇ ਕਿਹਾ ਕਿ ਇਹ ਮੂਰਤੀ ਉਸ ਸੂਝਵਾਨ ਵਿਅਕਤੀ ਵਾਂਗ ਹੈ ਜੋ ਕਿਸੇ ਗੱਲ ਨੂੰ ਧਿਆਨ ਨਾਲ ਸੁਣ ਕੇ ਉਸ ਉਪਰ ਖੂਬ ਵਿਚਾਰ ਕੇ ਬੋਲਦਾ ਹੈ।

ਪਰ ਸਾਡੇ ਗੁਰੂਆਂ ਨੇ ਉਪਦੇਸ਼ ਹੀ ਨਹੀਂ ਦਿੱਤਾ। ਉਨ੍ਹਾਂ ਉਪਦੇਸ਼ਾਂ ਨੂੰ ਅਮਲੀ ਜਾਮਾ ਪਾਉਣ ਲਈ ਸਖ਼ਤ ਘਾਲਣਾ ਵੀ ਕੀਤੀ। ਆਪਣੇ ਅਤੇ ਆਪਣੇ ਗੁਰਸਿੱਖਾਂ ਦੇ ਸਰਬੰਸ ਤੱਕ ਵਾਰ ਦਿੱਤੇ। ਅੱਜ ਅਸੀਂ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਸ਼ਹੀਦੀ ਨੂੰ ਘੋਖਣਾ/ਵਿਚਾਰਨਾ ਹੈ ਅਤੇ ਉਸ ਤੋਂ ਨਿਕਲੇ ਸਿੱਟਿਆਂ ਨੂੰ ਸੋਚ ਸਮਝ ਕੇ ਜੀਵਨ ਵਿਚ ਢਾਲਣੇ ਹਨ। ਅੱਜ ਜੋ ਸਾਡੇ ਗੁਰੂਆਂ ਦੇ ਜੀਵਨ ਉਪਦੇਸ਼ਾਂ ਤੇ ਪਹਿਰਾ ਦੇ ਰਹੇ ਹਨ, ਉਹਨਾਂ ਵਿਅਕਤੀਆਂ ਨੂੰ ਤਨ, ਮਨ ਅਤੇ ਧਨ ਨਾਲ ਸਹਿਯੋਗ ਦੇਣਾ ਹੈ।

**-ਪ੍ਰੇਮ ਕੁਮਾਰ ਚੁੰਬਰ (ਸੰਪਾਦਕ 'ਦੇਸ ਦੁਆਬਾ')**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

### ਟੈਕਸਾਸ ਸਕੂਲ ਗੋਲੀਬਾਰੀ ਕਾਂਡ

# ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਤੋਂ ਨਰਾਜ਼ ਹਨ ਮਾਪੇ, ਜਿੰਮੇਵਾਰੀ ਤੈਅ ਕਰਨ ਦੀ ਕੀਤੀ ਮੰਗ

**ਸੈਕਰਾਮੈਂਟੋ 29 ਮਈ–** ਟੈਕਸਾਸ ਦੇ ਰੌਬ ਐਲੀਮੈਂਟਰੀ ਸਕੂਲ ਵਿਚ ਵਾਪਰੇ ਗੋਲੀਕਾਂਡ ਨੂੰ ਲੈ ਕੇ ਮਾਪਿਆਂ ਦੇ ਮੰਨਾਂ ਵਿਚ ਕਈ ਤਰਾਂ ਦੇ ਸਵਾਲ ਉਠ ਰਹੇ ਹਨ। ਮਾਪੇ ਪੁਲਿਸ ਵੱਲੋਂ ਕੀਤੇ ਜਾ ਰਹੇ ਦਾਅਵੇ ਨੂੰ ਵੀ ਰੱਦ ਕਰ ਰਹੇ ਹਨ ਤੇ ਮੰਗ ਕਰ ਰਹੇ ਹਨ ਕਿ 19 ਬੱਚਿਆਂ ਤੇ 2 ਅਧਿਆਪਕਾਂ ਦੀ ਹੋਈ ਮੌਤ ਲਈ ਜਿੰਮੇਵਾਰੀ ਤੈਅ ਕੀਤੀ ਜਾਵੇ। ਅਲਫਰੈਡ ਗਾਰਜ਼ਾ ਜਿਸ ਦੀ ਬੱਚੀ ਇਸ ਸਕੂਲ ਵਿਚ ਪੜਦੀ ਸੀ, ਗੋਲੀਬਾਰੀ ਸਮੇ ਹੋਰ ਮਾਪਿਆਂ ਨਾਲ ਸਕੂਲ ਦੇ ਬਾਹਰ ਮੌਜੂਦ ਸੀ। ਅਧਿਕਾਰੀਆਂ ਵੱਲੋਂ ਬੀਤੇ ਦਿਨ ਕੀਤੀ ਪ੍ਰੈਸ ਕਾਨਫਰੰਸ ਵਿਚ ਕਿਹਾ ਗਿਆ ਹੈ ਕਿ ਪਹਿਲਾ ਪੁਲਿਸ ਅਫਸਰ ਗੰਨਮੈਨ ਦੇ ਮਾਰੇ ਜਾਣ ਤੋਂ ਇਕ ਘੰਟੇ ਦੇ ਵੀ ਵਧ ਸਮੇਂ ਤੋਂ ਪਹਿਲਾਂ ਸਕੂਲ ਵਿਚ ਦਾਖਲ ਹੋਇਆ ਸੀ। ਅਲਫਰੈਡ ਗਾਰਜ਼ਾ ਨੇ ਪੁਲਿਸ ਦੇ ਇਸ ਦਾਅਵੇ ਨੂੰ ਰੱਦ ਕੀਤਾ ਹੈ ਤੇ ਕਿਹਾ ਹੈ ਕਿ ਮੇਰਾ ਇਸ ਉਪਰ ਵਿਸ਼ਵਾਸ਼ ਨਹੀਂ ਹੈ। ਗਾਰਜ਼ਾ ਨੇ ਕਿਹਾ ਹੈ ਕਿ ਇਸ ਗੱਲ ਦਾ ਕੋਈ ਮਹੱਤਵ ਨਹੀਂ ਹੈ ਕਿ ਪੁਲਿਸ ਅਫਸਰ ਲੰਬਾ ਸਮਾਂ ਪਹਿਲਾਂ ਉਥੇ ਮੌਜੂਦ ਸੀ। ਮੱਹਤਵ ਇਸ ਗੱਲ ਦਾ ਹੈ ਕਿ ਤੁਰੰਤ ਕਾਰਵਾਈ ਕਿਉਂ ਨਹੀਂ ਕੀਤੀ ਗਈ? ਜੇਕਰ ਤੁਰੰਤ ਕਾਰਵਾਈ ਕੀਤੀ ਜਾਂਦੀ ਤਾਂ ਮੇਰੀ ਬੱਚੀ ਸਮੇਤ ਕਈ ਮਾਸੂਮਾਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਸਨ। ਪੁਲਿਸ ਵੱਲੋਂ ਦਿੱਤੇ ਗਏ ਵੇਰਵੇ ਭੰਬਲਭੂਸੇ ਵਾਲੇ ਹਨ ਪਰੰਤੂ ਇਕ ਗੱਲ ਸਾਫ ਹੋਈ ਹੈ ਕਿ ਪੁਲਿਸ ਨੇ ਗੰਨਮੈਨ ਖਿਲਾਫ ਕਾਰਵਾਈ ਕਰਨ ਵਿਚ ਦੇਰੀ ਕੀਤੀ ਜਿਸ ਕਾਰਨ ਪੀੜਤ ਪਰਿਵਾਰਾਂ ਵਿਚ ਰੋਸ ਹੈ ਤੇ ਪੂਰੇ ਉਵਾਲਡੇ ਸ਼ਹਿਰ ਦੇ ਲੋਕ ਦੁੱਖੀ ਹਨ। ਇਕ ਹੋਰ ਔਰਤ ਜੈਨਫਰ ਗੈਟਨ ਨੇ ਇਕ ਨਿਊਜ਼ ਚੈਨਲ ਉਪਰ ਗੱਲਬਾਤ ਕਰਦਿਆਂ ਕਿਹਾ ਕਿ "ਅਸੀਂ ਅਧਿਕਾਰੀਆਂ ਨੂੰ ਕਾਰਵਾਈ ਕਰਨ ਦੀ ਬੇਨਤੀ ਕੀਤੀ, ਉਨਾਂ ਕੋਲੋਂ ਕਾਰਵਾਈ ਦੀ ਭੀਖ ਮੰਗੀ। ਮੇਰਾ ਇਕ ਪੁਲਿਸ ਅਫਸਰ ਨਾਲ ਸਾਹਮਣਾ ਹੋਇਆ। ਮੈਨੂੰ ਲੱਗਾ ਕਿ ਉਹ ਜੋ ਕੁਝ ਸਕੂਲ ਅੰਦਰ ਚੱਲ ਰਿਹਾ ਸੀ, ਉਸ ਬਾਰੇ ਗੰਭੀਰ ਨਹੀਂ ਸਨ।" ਮੌਕੇ ਦੇ ਹੋਰ ਗਵਾਹਾਂ ਨੇ ਵੀ ਪੁਲਿਸ ਦੀ ਕਾਰਵਾਈ ਬਾਰੇ ਇਸ ਕਿਸਮ ਦੇ ਦੋਸ਼ ਲਾਏ ਹਨ। ਟੈਕਸਾਸ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਦੇ ਡਾਇਰੈਕਟਰ ਮੈਕਕਰਾਅ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਗੰਨਮੈਨ ਦੇ ਸਕੂਲ ਵਿਚ ਦਾਖਲ ਹੋਣ ਤੋਂ ਦੋ ਮਿੰਟ ਬਾਅਦ ਤੇ ਗੰਨਮੈਨ ਦੇ ਮਾਰੇ ਜਾਣ ਤੋਂ ਇਕ ਘੰਟਾ ਪਹਿਲਾਂ ਪਹਿਲਾ ਪੁਲਿਸ ਅਫਸਰ ਸਕੂਲ ਵਿਚ ਦਾਖਲ ਹੋ ਗਿਆ ਸੀ। ਮੈਕਰਾਅ ਨੇ ਕਿਹਾ ਕਿ ਤਕਰੀਬਨ 70 ਮਿੰਟ ਦੇ ਸਮੇ ਦੌਰਾਨ ਹੋਰ ਪੁਲਿਸ ਅਫਸਰ ਸਕੂਲ ਦੀ ਇਮਾਰਤ ਵਿਚ ਪੁੱਜੇ। ਉਹ ਹੋਰ ਸਾਧਨਾਂ ਦੀ ਮੰਗ ਕਰ ਰਹੇ ਸਨ ਪਰ ਕਿਸੇ ਨੇ ਵੀ ਸਕੂਲ ਦੇ ਉਸ ਕਮਰੇ ਤੱਕ ਪਹੁੰਚਣ ਦੀ ਕੋਸ਼ਿਸ਼ ਨਹੀਂ ਕੀਤੀ ਜਿਥੇ ਗੰਨਮੈਨ ਸਲਵਾਡੋਰ ਰਾਮੋਸ ਲੁਕਿਆ ਹੋਇਆ ਸੀ। ਉਸ ਨੇ ਕਿਹਾ ਗੰਨਮੈਨ ਦੇ ਮਾਰੇ ਜਾਣ ਤੋਂ 45 ਮਿੰਟ ਪਹਿਲਾਂ 19 ਪੁਲਿਸ ਅਫਸਰ ਖੜੇ ਵੇਖੇ ਗਏ। ਇਸੇ ਦੌਰਾਨ ਇਹ ਵੀ ਇੰਕਸ਼ਾਫ ਹੋਇਆ ਹੈ ਕਿ ਜਿਸ ਅਫਸਰ ਨੇ ਉਸ ਕਮਰੇ ਜਿਸ ਵਿਚ ਗੰਨਮੈਨ ਮੌਜਦ ਸੀ, ਦੇ ਦਰਵਾਜ਼ੇ ਨੂੰ ਤੋੜ ਕੇ ਅੰਦਰ ਨਾ ਜਾਣ ਦਾ ਨਿਰਨਾ ਲਿਆ ਸੀ, ਉਹ ਪੁਲਿਸ ਅਫਸਰ ਸਕੂਲ ਡਿਸਟ੍ਰਿਕਟ ਪੁਲਿਸ ਮੁੱਖੀ ਸੀ । ਗੰਨਮੈਨ ਵਿਰੁੱਧ ਕਾਰਵਾਈ ਦਾ ਅੰਤਿਮ ਨਿਰਨਾ ਬਾਰਡਰ ਪੈਟਰੋਲ ਏਜੰਟਸ ਦੇ ਮੌਕੇ ਉਪਰ ਪਹੁੰਚਣ 'ਤੇ ਲਿਆ ਗਿਆ ਜਿਸ ਵਿਚ ਉਨਾਂ ਨੂੰ ਸਫਲਤਾ ਵੀ ਮਿਲੀ।

# ਟੈਕਸਾਸ ਦੇ ਸਕੂਲ ਵਿਚ ਹੋਈ ਗੋਲੀਬਾਰੀ ਵਿਚ ਮਾਰੀ ਗਈ ਅਧਿਆਪਕਾ ਪਤਨੀ ਦੇ ਗਮ ਵਿਚ ਪਤੀ ਵੀ ਚੱਲ ਵੱਸਿਆ



**ਸੈਕਰਾਮੈਂਟੋ 27 ਮਈ–** ਅਮਰੀਕਾ ਦੇ ਸੂਬੇ ਟੈਕਸਾਸ ਦੇ ਸ਼ਹਿਰ ਉਵਾਲਡੇ ਦੇ ਰੌਬ ਐਲਮੈਂਟਰੀ ਸਕੂਲ ਵਿਚ ਇਕ ਸਿਰਫਿਰੇ ਗੋਰੇ ਨੌਜਵਾਨ ਵੱਲੋਂ ਕੀਤੀ ਗੋਲੀਬਾਰੀ ਵਿਚ ਮਾਰੀ ਗਈ ਅਧਿਆਪਕਾ ਰਮਾ ਗਾਰਸੀਆ ਦਾ ਪਤੀ ਜੋਇ ਗਾਰਸੀਆ ਵੀ ਆਪਣੀ ਪਤਨੀ ਦੇ ਵਿਛੋੜੇ ਵਿਚ ਅਚਾਨਕ ਚੱਲ ਵੱਸਿਆ। ਜੋਇ ਗਾਰਸੀਆ ਲੰਘੇ ਦਿਨ ਸਕੂਲ ਵਿਚ ਘਟਨਾ ਵਾਲੀ ਥਾਂ 'ਤੇ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਘਰ ਵਾਪਿਸ ਆ ਗਿਆ। ਖਾਣੇ ਵਾਲੇ ਮੇਜ਼ 'ਤੇ ਬਾਕੀ ਪਰਿਵਾਰ ਨਾਲ ਬੈਠਾ ਸੀ ਕਿ ਅਚਾਨਕ ਢਹਿ ਢੇਰੀ ਹੋ ਗਿਆ। ਉਸ ਨੂੰ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ ਪਰ ਉਹ ਬਚ ਨਹੀਂ ਸਕਿਆ। ਇਹ ਜਾਣਕਾਰੀ ਗਾਰਸੀਆ ਦੇ ਭਤੀਜੇ ਜੌਹਨ ਮਾਰਟਿਨਜ ਨੇ ਦਿੱਤੀ ਹੈ। ਰਮਾ ਗਾਰਸੀਆ ਚੌਥੀ ਸ਼੍ਰੇਣੀ ਦੇ ਉਨਾਂ ਦੋ ਅਧਿਆਪਕਾਂ ਵਿਚ ਸ਼ਾਮਿਲ ਸੀ ਜੋ ਗੋਲੀਬਾਰੀ ਵਿਚ ਮਾਰੇ ਗਏ 19 ਬੱਚਿਆਂ ਨਾਲ ਮਾਰੇ ਗਏ ਸਨ। ਗਾਰਸੀਆ ਦੇ ਚਾਰ ਬੱਚੇ ਹਨ। ਮਾਰਟਿਨਜ ਨੇ ਕਿਹਾ ਹੈ ਕਿ ਉਸ ਨੇ ਆਪਣੇ ਚਾਚਾ-ਚਾਚੀ ਨੂੰ ਸਦਾ ਲਈ ਗਵਾ ਲਿਆ ਹੈ ਜੋ ਇਕ ਨਾ ਪੂਰਿਆ ਜਾ ਸਕਣਾ ਵਾਲਾ ਘਾਟਾ ਹੈ। ਉਸ ਨੇ ਕਿਹਾ ਹੈ ਕਿ ਦੋਨਾਂ ਦੀਆਂ ਅੰਤਿਮ ਰਸਮਾਂ ਇਕੱਠੀਆਂ ਹੀ ਕੀਤੀਆਂ ਜਾਣਗੀਆਂ।

# ਪੈਨਸਿਲਵਾਨੀਆ ਦੇ ਇਕ ਘਰ ਵਿਚ ਅੱਗ ਲੱਗਣ ਉਪਰੰਤ ਹੋਏ ਜਬਰਦਸਤ ਧਮਾਕੇ ਵਿੱਚ 5 ਮੌਤਾਂ, 2 ਜ਼ਖਮੀ




**ਸੈਕਰਾਮੈਂਟੋ 28 ਮਈ–** ਪੈਨਸਿਲਵਾਨੀਆ ਦੇ ਇਕ ਛੋਟੇ ਜਿਹੇ ਕਸਬੇ ਪੋਟਸਟਾਊਨ ਦੇ ਇਕ ਘਰ ਵਿਚ ਅੱਗ ਲੱਗਣ ਉਪਰੰਤ ਹੋਏ ਜੋਰਦਾਰ ਧਮਾਕੇ ਵਿਚ 5 ਵਿਅਕਤੀਆਂ ਦੀ ਮੌਤ ਹੋ ਗਈ ਤੇ 2 ਹੋਰ ਜ਼ਖਮੀ ਹੋ ਗਏ। ਪੋਟਸਟਾਊਨ ਦੀ ਬੋਰੋਘ ਮਾਰਕਿਟ ਦੇ ਮੈਨੇਜਰ ਜਸਟਿਨ ਕੇਲਰ ਨੇ ਦਸਿਆ ਕਿ ਅੱਗ ਬੀਤੇ ਦਿਨ ਰਾਤ ਵੇਲੇ 8 ਵਜੇ ਦੇ ਆਸ ਪਾਸ ਲੱਗੀ ਜਿਸ ਉਪਰੰਤ ਜੋਰਦਾਰ ਧਮਾਕਾ ਹੋਇਆ ਜਿਸ ਨਾਲ ਨਾਲ ਲੱਗਦੇ ਘਰ ਨੂੰ ਵੀ ਨੁਕਸਾਨ ਪੁੱਜਾ ਹੈ। ਜਿਸ ਘਰ ਵਿਚ ਧਮਾਕਾ ਹੋਇਆ ਉਹ ਪੂਰੀ ਤਰਾਂ ਤਬਾਹ ਹੋ ਗਿਆ ਤੇ ਉਸ ਦਾ ਮਲਬਾ ਆਸ ਪਾਸ ਕਾਫੀ ਦੂਰ ਤੱਕ ਖਿਲਰ ਗਿਆ। ਅੱਗ ਲੱਗਣ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ ਜਿਸ ਬਾਰੇ ਅਧਿਕਾਰੀ ਜਾਂਚ ਕਰ ਰਹੇ ਹਨ। ਮਾਰੇ ਗਏ ਲੋਕਾਂ ਦੇ ਨਾਂ ਜਨਤਿਕ ਨਹੀਂ ਕੀਤੇ ਗਏ ਹਨ। ਜ਼ਖਮੀ ਹੋਏ ਵਿਅਕਤੀਆਂ ਦੀ ਹਾਲਤ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਇਸ ਘਟਨਾ ਕਾਰਨ ਇਕ ਦਿਨ ਲਈ ਕਸਬੇ ਵਿਚਲੇ ਸਕੂਲ ਬੰਦ ਕਰ ਦਿੱਤੇ ਗਏ। ਪੋਟਸਟਾਊਨ ਕਸਬਾ ਫਿਲਾਡੈਲਫੀਆ ਤੋਂ 40 ਮੀਲ ਦੂਰ ਹੈ।

# ਕੈਲਫੋਰਨੀਆ ਦੇ ਸਕੂਲ ਦੀ ਦੂਸਰੀ ਸ਼੍ਰੇਣੀ ਦੇ ਵਿਦਿਆਰਥੀ ਕੋਲੋਂ ਗੰਨ ਤੇ ਭਰਿਆ ਹੋਇਆ ਮੈਗਜ਼ੀਨ ਮਿਲਿਆ

**ਸੈਕਰਾਮੈਂਟੋ 27 ਮਈ–** ਅਮਰੀਕਾ ਦੇ ਲਗਭਗ ਹਰ ਹਿੱਸੇ ਚ ਨਿੱਤ ਨਵੀਆਂ ਘਟਨਾਵਾਂ ਦੇਖਣ ਸੁਣਨ ਨੂੰ ਮਿਲ ਰਹੀਆਂ ਹਨ ਜਿਸ ਨੂੰ ਕਿਸੇ ਨਾ ਕਿਸੇ ਸਿਰ ਫਿਰੇ ਵਲੋਂ ਅੰਜਾਮ ਦਿੱਤਾ ਹੁੰਦਾ ਹੈ। ਸੈਕਰਾਮੈਂਟੋ ਵਿੱਚ ਵੀ ਹੈਰਾਨੀ ਕਰਨ ਵਾਲੀ ਇੱਕ ਘਟਨਾ ਵਾਪਰੀ, ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਅਧਿਕਾਰੀਆਂ ਦੇ ਅਨੁਸਾਰ, ਇੱਕ ਦੂਜੀ ਜਮਾਤ ਦਾ ਵਿਦਿਆਰਥੀ ਸਕੂਲ ਵਿੱਚ ਇੱਕ ਗੰਨ ਅਤੇ ਲੋਡਡ ਮੈਗਜ਼ੀਨ ਲਿਆਇਆ। ਇਹ ਘਟਨਾ ਮੀਡੋਵਿਊ ਇਲਾਕੇ ਦੇ ਐਡਵਰਡ ਕੇਮਬਲ ਐਲੀਮੈਂਟਰੀ ਸਕੂਲ ਵਿੱਚ ਵਾਪਰੀ, ਅਜੇ ਇੱਕ ਦਿਨ ਪਹਿਲਾਂ ਇੱਕ 18 ਸਾਲਾ ਨੌਜਵਾਨ ਨੇ ਉਵਾਲਡੇ, ਟੈਕਸਾਸ ਵਿੱਚ ਇੱਕ ਐਲੀਮੈਂਟਰੀ ਸਕੂਲ ਵਿੱਚ 19 ਸਕੂਲੀ ਬੱਚਿਆਂ ਅਤੇ ਦੋ ਬਾਲਗਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ। ਸੈਕਰਾਮੈਂਟੋ ਸਿਟੀ ਯੂਨੀਫਾਈਡ ਤੋਂ ਪਰਿਵਾਰਾਂ ਨੂੰ ਦੇਰ ਰਾਤ ਈਮੇਲ ਕਰਕੇ ਸੂਚਨਾਂ ਦਿੱਤੀ ਗਈ ਕਿ "ਅਸੀਂ ਸ਼ੁਕਰਗੁਜ਼ਾਰ ਹਾਂ ਕਿ ਇਸ ਘਟਨਾ ਦੇ ਨਤੀਜੇ ਵਜੋਂ ਕਿਸੇ ਦੁਖਾਂਤ ਦਾ ਨਤੀਜਾ ਨਹੀਂ ਨਿਕਲਿਆ । ਸਕੂਲ ਪ੍ਰਬੰਧਕਾਂ ਨੇ ਕਿਹਾ ਕਿ "ਇਹ ਵੱਡੇ ਹਿੱਸੇ ਵਿੱਚ ਉਹਨਾਂ ਵਿਦਿਆਰਥੀਆਂ ਦੀ ਬਹਾਦਰੀ ਅਤੇ ਜਾਗਰੂਕਤਾ ਦੇ ਕਾਰਨ ਹੋਇਆ ਹੈ ਜਿਨਾਂ ਨੇ ਅੱਜ ਐਡਵਰਡ ਕੇਮਬਲ ਐਲੀਮੈਂਟਰੀ ਸਕੂਲ ਦੇ ਸਟਾਫ ਨੂੰ ਸੁਚੇਤ ਕੀਤਾ ਤੇ ਕੇਮਬਲ ਸਟਾਫ਼ ਮੈਂਬਰਾਂ ਨੂੰ ਵਿਦਿਆਰਥੀਆਂ ਦੁਆਰਾ ਸੁਚੇਤ ਕੀਤਾ ਗਿਆ ਸੀ ਕਿ ਇੱਕ ਸਹਿਪਾਠੀ ਸਕੂਲ ਵਿੱਚ ਹਥਿਆਰ ਲੈ ਕੇ ਆਇਆ ਹੈ।

ਯੂਨੀਫਾਈਡ ਸਕੂਲ ਡਿਸਟ੍ਰਿਕਟ ਦੇ ਬਿਆਨ ਅਨੁਸਾਰ, ਉਨ੍ਹਾਂ ਨੂੰ ਵਿਦਿਆਰਥੀ ਦੇ ਡੈਸਕ ਵਿੱਚ ਬੰਦੂਕ ਅਤੇ ਇੱਕ ਲੋਡਡ ਮੈਗਜ਼ੀਨ ਮਿਲਿਆ। ਸਕੂਲ ਦੇ ਅਧਿਕਾਰੀਆਂ ਨੇ ਸੈਕਰਾਮੈਂਟੋ ਪੁਲਿਸ ਨੂੰ ਬੁਲਾਇਆ, ਜਿਸ ਨੇ ਜਾਂਚ ਸ਼ੁਰੂ ਕੀਤੀ।ਜ਼ਿਲ੍ਹਾ ਅਧਿਕਾਰੀਆਂ ਨੇ ਪਰਿਵਾਰਾਂ ਨੂੰ ਯਾਦ ਦਿਵਾਇਆ ਕਿ ਜੇਕਰ ਉਹ ਕੈਂਪਸ ਵਿੱਚ ਸ਼ੱਕੀ ਗਤੀਵਿਧੀਆਂ ਦੇਖਦੇ ਹਨ ਤਾਂ ਅਧਿਕਾਰੀਆਂ ਨੂੰ ਚੇਤਾਵਨੀ ਦੇਣ। ਯੂਨੀਫਾਈਡ ਸਕੂਲ ਡਿਸਟ੍ਰਿਕਟ ਨੇ ਕਿਹਾ ਕਿ ਉਹ ਪੁਲਿਸ ਨਾਲ ਸਹਿਯੋਗ ਕਰ ਰਿਹਾ ਹੈ ਕਿਉਂਕਿ ਜਾਂਚ ਜਾਰੀ ਹੈ। ਹਾਲ ਹੀ ਦੇ ਮਹੀਨਿਆਂ ਵਿੱਚ ਸੈਕਰਾਮੈਂਟੋ-ਏਰੀਆ ਕੈਂਪਸ ਵਿੱਚ ਅਤੇ ਨੇੜੇ ਕਈ ਹਥਿਆਰ ਮਿਲੇ ਸਨ।

# ਟੈਕਸਾਸ ਦੇ ਸਕੂਲ ਵਿਚ ਗੋਲੀਬਾਰੀ ਕਰਨ ਵਾਲੇ ਨੇ ਖਰੀਦੀਆਂ ਸੀ 2 ਅਸਾਲਟ ਰਾਈਫਲਾਂ



**ਸੈਕਰਾਮੈਂਟੋ 28 ਮਈ–** ਟੈਕਸਾਸ ਦੇ ਸ਼ਹਿਰ ਉਵਾਲੇਡ ਦੇ ਇਕ ਪ੍ਰਾਇਮਰੀ ਸਕੂਲ ਵਿਚ ਗੋਲੀਬਾਰੀ ਕਰਕੇ 19 ਬੱਚਿਆਂ ਤੇ ਦੋ ਅਧਿਆਪਕਾਂ ਦੀ ਹੱਤਿਆ ਕਰਨ ਵਾਲੇ 18 ਸਾਲਾ ਨੌਜਵਾਨ ਨੇ ਪਿਛਲੇ ਹਫਤੇ ਆਪਣੇ 18 ਵੇਂ ਜਨਮ ਦਿਨ 'ਤੇ 2 ਅਸਾਲਟ ਰਾਈਫਲਾਂ ਖਰੀਦੀਆਂ ਸਨ। ਸਲਵਾਡੋਰ ਰਾਮੋਸ ਨਾਮੀ ਇਸ ਨੌਜਵਾਨ ਨੇ ਰੌਬ ਐਲੀਮੈਂਟਰੀ ਸਕੂਲ ਵਿਚ ਦਾਖਲ ਹੋ ਕੇ ਅੰਨੇਵਾਹ ਕੀਤੀ ਗੋਲੀਬਾਰੀ ਵਿਚ ਨਿਰਦੋਸ਼ ਬੱਚਿਆਂ ਤੇ ਅਧਿਆਪਕਾਂ ਦੀ ਜਾਨ ਲੈ ਲਈ ਸੀ। ਬਾਅਦ ਵਿਚ ਉਹ ਮੌਕੇ ਉਪਰ ਪੁੱਜੀ ਪੁਲਿਸ ਦੀ ਗੋਲੀ ਦਾ ਸ਼ਿਕਾਰ ਹੋ ਗਿਆ ਸੀ। ਜਾਂਚ ਉਪਰੰਤ ਪਤਾ ਲੱਗਾ ਹੈ ਕਿ ਅਮਰੀਕਾ ਵਿਚ ਹੋਈਆਂ ਹੋਰ ਕਈ ਸਮੂਹਿਕ ਹੱਤਿਆਵਾਂ ਦੀਆਂ ਘਟਨਾਵਾਂ ਜਿਨਾਂ ਵਿਚ ਅਪਰਾਧਕ ਪਿਛੋਕੜ ਵਾਲੇ ਦੋਸ਼ੀ ਸ਼ਾਮਿਲ ਸਨ, ਵਾਂਗ ਇਸ ਨੌਜਵਾਨ ਦਾ ਕੋਈ ਅਪਰਾਧ ਪਿਛੋਕੜ ਨਹੀਂ ਹੈ।

## ਕੋਲੋਰਾਡੋ ਦੇ ਨੈਸ਼ਨਲ ਪਾਰਕ ਵਿਚ ਇਕ ਪਰਬੱਤ ਆਰੋਹੀ ਦੀ ਮੌਤ ਦੋ ਜ਼ਖਮੀ

**ਸੈਕਰਾਮੈਂਟੋ 31 ਮਈ–** ਕੋਲੋਰਾਡੋ ਦੇ ਰੌਕੀ ਮਾਊਂਟੇਨ ਨੈਸ਼ਨਲ ਪਾਰਕ ਵਿਚ ਮੀਕਰ ਚੋਟੀ 'ਤੇ ਬਰਫ ਦਾ ਤੋਦਾ ਡਿੱਗਣ ਤੇ ਪਹਾੜੀ ਟੁੱਟਣ ਨਾਲ ਇਕ ਪਰਬੱਤ ਆਰੋਹੀ ਦੀ ਮੌਤ ਹੋ ਗਈ ਤੇ 2 ਹੋਰ ਜ਼ਖਮੀ ਹੋ ਗਏ। ਪਾਰਕ ਦੇ ਅਧਿਕਾਰੀਆਂ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਪਰਬੱਤ ਆਰੋਹੀਆਂ ਵਿਚ ਦੋ ਮਰਦ ਤੇ ਇਕ ਔਰਤ ਸ਼ਾਮਿਲ ਹੈ। ਇਕ ਪਰਬੱਤ ਆਰੋਹੀ ਨੂੰ ਨੈਸ਼ਨਲ ਪਾਰਕ ਦੀ ਬਚਾਅ ਤੇ ਰਾਹਤ ਟੀਮ ਨੇ ਕੋਲੋਰਾਡੋ ਨੈਸ਼ਨਲ ਗਾਰਡ ਦੀ ਮੱਦਦ ਨਾਲ ਬਚਾ ਲਿਆ ਜਦ ਕਿ ਦੂਸਰੇ ਨੂੰ ਬਚਾਇਆ ਨਹੀਂ ਜਾ ਸਕਿਆ। ਉਸ ਦੀ ਲਾਸ਼ ਦਾ ਪਤਾ ਲਾ ਲਿਆ ਗਿਆ ਹੈ ਪਰੰਤੂ ਖਰਾਬ ਮੌਸਮ ਕਾਰਨ ਲਾਸ਼ ਨੂੰ ਕੱਢਿਆ ਨਹੀਂ ਜਾ ਸਕਿਆ। ਔਰਤ ਪਰਬੱਤ ਆਰੋਹੀ ਦੇ ਮਾਮੂਲੀ ਜ਼ਖਮ ਹਨ ਤੇ ਉਸ ਦੇ ਛੇਤੀ ਸਿਹਤਯਾਬ ਹੋਣ ਦੀ ਆਸ ਹੈ।

# ਸਲਾਨਾ "ਕਰੂਜ਼ ਨਾਈਟ" ਦੌਰਾਨ ਦੋ ਕਾਰਾਂ ਭੀੜ ਉਪਰ ਚੜੀਆਂ- 2 ਮੌਤਾਂ, 20 ਜ਼ਖਮੀ

**ਸੈਕਰਾਮੈਂਟੋ 31 ਮਈ–** ਨੇਬਰਾਸਕਾ ਦੀ ਰਾਜਧਾਨੀ ਲਿੰਕੋਲਨ ਵਿਚ ਅਯੋਜਿਤ ਕੀਤੀ ਸਾਲਾਨਾ 'ਕਰੂਜ਼ ਨਾਈਟ' ਦੇ ਚਲ ਰਹੇ ਪ੍ਰੋਗਰਾਮ ਦੌਰਾਨ ਦੋ ਕਾਰਾਂ ਖੜੇ ਲੋਕਾਂ ਦੀ ਭੀੜ ਉਪਰ ਚੜ ਗਈਆਂ ਜਿਸ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ ਤੇ 20 ਹੋਰ ਜ਼ਖਮੀ ਹੋ ਗਏ। ਪੁਲਿਸ ਅਨੁਸਾਰ ਇਕ ਕਾਰ ਵਿਚ ਸਵਾਰ 20 ਤੇ 22 ਸਾਲ ਦੀਆਂ ਔਰਤਾਂ ਦੀ ਮੌਤ ਹੋ ਗਈ। ਜ਼ਖਮੀਆਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ । ਬਾਕੀ ਜ਼ਖਮੀ ਵੀ ਹਸਪਤਾਲ ਵਿਚ ਦਾਖਲ ਹਨ ਪਰ ਉਨਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਲਿੰਕੋਲਨ ਪੁਲਿਸ ਮੁੱਖੀ ਟੈਰੇਸਾ ਈਵਿਨਜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਡਾ ਵਿਸ਼ਵਾਸ਼ ਹੈ ਕਿ ਇਹ ਹਾਦਸਾ ਅਚਨਚੇਤ ਵਾਪਰਿਆ ਹੈ ਤੇ ਜਾਣਬੁਝਕੇ ਨਹੀਂ ਕੀਤਾ ਗਿਆ। ਉਨਾਂ ਕਿਹਾ ਕਿ ਹਾਦਸਾਗ੍ਰਸਤ ਦੋਨੇ ਕਾਰਾਂ "ਕਰੂਜ਼ ਨਾਈਟ" ਦਾ ਹਿੱਸਾ ਨਹੀਂ ਸਨ ਤੇ ਇਹ ਇਕ ਅਜਿਹਾ ਹਾਦਸਾ ਹੈ ਜੋ ਕਿਸੇ ਵੀ ਸਮੇ ਵਾਪਰ ਸਕਦਾ ਹੈ। ਈਵਿਨਜ ਅਨੁਸਾਰ 18ਸਾਲਾ ਵਿਅਕਤੀ ਕਾਲੇ ਰੰਗ ਦੀ ਫੋਰਡ ਟੌਰਸ ਕਾਰ ਚਲਾ ਰਿਹਾ ਸੀ ਜੋ ਪੱਛਮ ਦੀ ਤਰਫ ਜਾ ਰਹੀ ਸੀ । ਇਹ ਕਾਰ ਦੂਸਰੇ ਪਾਸੇ ਤੋਂ ਆ ਰਹੀ ਚਿੱਟੇ ਰੰਗ ਦੀ ਟੋਇਟਾ ਕੋਰੋਲਾ ਕਾਰ ਵਿਚ ਜਾ ਵੱਜੀ ਜਿਸ ਉਪਰੰਤ ਦੋਨੋ ਕਾਰਾਂ ਭੀੜ ਉਪਰ ਜਾ ਚੜੀਆਂ। ਕੋਰੋਲਾ ਕਾਰ ਵਿਚ ਸਵਾਰ ਦੋਨੋਂ ਔਰਤਾਂ ਮੌਕੇ ਉਪਰ ਹੀ ਦਮ ਤੋੜ ਗਈਆਂ ਜਦ ਕਿ ਟੌਰਸ ਦੇ ਡਰਾਈਵਰ ਨੂੰ ਜ਼ਖਮੀ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਹ ਹਾਦਸਾ ਲਿੰਕੋਲਨ ਦੀ ਜ਼ੀਰੋ ਸਟਰੀਟ ਵਿਚ ਵਾਪਰਿਆ ਜੋ ਸਮਾਗਮਾਂ ਦੇ ਅਯੋਜਨ ਲਈ ਪ੍ਰਸਿੱਧ ਸਥਾਨ ਹੈ। ਇਥੇ ਜਿਕਰਯੋਗ ਹੈ ਕਿ "ਕਰੂਜ਼ ਨਾਈਟ" ਦਾ ਆਯੋਜਨ 90ਵੇਂ ਦਹਾਕੇ ਦੀ ਸ਼ੁਰੂਆਤ ਤੋਂ ਕੀਤਾ ਜਾ ਰਿਹਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸੈਕਰਾਮੈਂਟੋ ਕਬੱਡੀ ਕੱਪ ਨਿਊਯਾਰਕ ਮੈਟਰੋ ਨੇ ਜਿੱਤਿਆ ਤੇ ਓਪਨ 'ਚ ਚੜ੍ਹਦਾ ਪੰਜਾਬ ਰੋਜਵਿਲ ਜੇਤੂ ਰਹੇ, ਦਰਸ਼ਕਾਂ ਦੇ ਇਕੱਠ ਨੇ ਰਿਕਾਰਡ ਤੋੜਿਆ










**ਸੈਕਰਾਮੈਂਟੋ, ਕੈਲੀਫੋਰਨੀਆ: (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਚ ਕਰਵਾਇਆ ਗਿਆ 7 ਵਾਂ ਕਬੱਡੀ ਕੱਪ ਐਤਕਾਂ ਨਿਊਯਾਰਕ ਮੈਟਰੋ ਦੀ ਝੋਲੀ ਪਿਆ ਤੇ ਹੋਲਾ ਮਹੱਲਾ ਕਲੱਬ ਰੋਜਵਿਲ ਨੂੰ ਦੂਸਰੇ ਥਾਂ ਹੀ ਸਬਰ ਕਰਨਾ ਪਿਆ। ਕਰੋਨਾ ਵਇਰਸ ਦੇ ਬੰਦ ਤੋਂ ਬਾਅਦ ਇਹ ਪੂਰੇ ਅਮਰੀਕਾ ਵਿੱਚ ਪਹਿਲਾ ਕਬੱਡੀ ਟੂਰਨਾਂਮੈਂਟ ਸੀ ਜਿਸ ਕਰਕੇ ਲੋਕਾਂ ਦਾ ਭਾਰੀ ਰਿਕਾਰਡ ਤੋੜ ਇਕੱਠ ਦੇਖਣ ਨੂੰ ਮਿਲਿਆ ।ਇਸੇ ਤਰਾਂ ਕਬੱਡੀ ਓਪਨ ਚ "ਚੜਦਾ ਪੰਜਾਬ" ਪਹਿਲੇ ਸਥਾਨ ਤੇ ਰਿਹਾ ਤੇ ਦੂਸਰੇ ਨੰਬਰ ਤੇ ਫਰਿਜਨੋ ਰਿਹਾ। ਰੱਸੀ ਕਸੀ ਚ ਟਗ ਵੋਰੀਅਰਜ ਫਰਿਜਨੋ ਪਹਿਲੇ ਤੇ ਮੈਨਟੀਕਾ ਦੀ ਟੀਮ ਦੂਜੇ ਸਥਾਨ ਤੇ ਰਹੀ।

ਬੈਸਟ ਸਟਾਪਰ ਦਾ ਖਿਤਾਬ ਸਾਂਝੇ ਤੌਰ ਤੇ ਹੁਸ਼ਿਆਰਾ ਬੋਹਪੁਰ ਤੇ ਪਾਲਾ ਜਲਾਲਪੁਰ ਨੂੰ ਦਿੱਤਾ ਗਿਆ, ਇਸੇ ਤਰਾਂ ਬੈਸਟ ਰੇਡਰ ਦਾ ਖਿਤਾਬ ਸੁਲਤਾਨ ਸਮਸਪੁਰ ਨੂੰ ਦਿੱਤਾ ਗਿਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਪੰਜਾਬੀ ਦੀ ਨਾਮਵਰ ਗਾਇਕਾ ਮਨਿੰਦਰ ਦਿਓਲ ਤੇ ਕਿਸਾਨੀ ਸੰਘਰਸ਼ ਵਿੱਚ ਪ੍ਰਮੁੱਖ ਸੇਵਾਵਾਂ ਨਿਭਾਉਣ ਵਾਲ਼ੇ ਡਾਕਟਰ ਸਵੈਮਾਨ ਸਿੰਘ ਵਿਸ਼ੇਸ਼ ਤੌਰ ਤੇ ਹਾਜਰ ਹੋਏ।

ਇਸ ਮੌਕੇ ਗਾਇਕਾ ਮਨਿੰਦਰ ਦਿਓਲ ਨੇ ਭਾਰੀ ਗਿਣਤੀ ਚ ਪਹੁੰਚੇ ਦਰਸ਼ਕਾਂ ਦਾ ਤੇ ਸੁਚੱਜੇ ਪ੍ਰਬੰਧ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕਬੱਡੀ ਖਿਡਾਰੀ ਪਾਲਾ ਜਲਾਲਪੁਰ, ਨਵੀ ਤੇ ਕਬੱਡੀ ਕਮੈਂਟੇਟਰ ਮੱਖਣ ਅਲੀ ਨੂੰ ਡਾਇਮੰਡ ਦੀਆਂ ਮੂੰਦੀਆਂ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਵੱਖ ਵੱਖ ਸਪੌਂਸਰਾਂ ਵਲੋਂ ਜੇਤੂ ਖਿਡਾਰੀਆਂ ਟਰੌਫੀਆਂ, ਸ਼ੀਲਡਾਂ ਤੇ ਡਾਲਰਾਂ ਨਾਲ ਸਨਮਾਨ ਕੀਤਾ, ਸਨਮਾਨ ਕਰਨ ਵਾਲਿਆਂ ਵਿੱਚ ਬੋਪਾਰਾਇ ਬ੍ਰਦਰਜ, ਕੁਲਜੀਤ ਨਿੱਝਰ, ਸੰਤੋਖ ਜੱਜ, ਮੇਜਰ ਨਿੱਝਰ, ਸਰਬਜੀਤ ਧੂਤ, ਭੰਡਾਲ ਪਰਿਵਾਰ, ਗਾਖਲ ਭਰਾ, ਮਾਈਕ ਭੁੱਲਰ, ਨਰਿੰਦਰ ਔਜਲਾ,ਜਗਜੀਤ ਰੱਕੜ, ਗੁਰਵਿੰਦਰ ਗਾਖਲ, ਦਲਵਿੰਦਰ ਧੂਤ, ਬਲਜੀਤ ਬਾਸੀ, ਕੁਲਜੀਤ ਸਿੱਧੂ, ਮਲਾਘਰ ਖੈਰਾ, ਪਰਮਜੀਤ ਖੈਰਾ, ਜਸਵਿੰਦਰ ਰਾਏ, ਰਵਿੰਦਰ ਜੌਹਲ, ਜੱਸੀ ਸ਼ੇਰ ਗਿੱਲ, ਸੰਘਾ, ਤੀਰਥ ਸਹੋਤਾ, ਸਨੀ ਸਮਰਾ ਹਰਮਨ ਬਸਰਾ, ਟੋਨੀ ਧਾਲੀਵਾਲ, ਸਤਵੰਤ ਨਿਝਰ, ਸੁਖਵਿੰਦਰ ਅਜ਼ੀਮਲ, ਦਵਿੰਦਰ ਨਿੱਝਰ ਆਦਿ ਹਾਜਰ ਸਨ।

ਇਸ ਮੌਕੇ ਟੂਰਨਾਂਮੈਂਟ ਨੂੰ ਸਟੇਜ ਤੋਂ ਖੂਬਸੂਰਤੀ ਨਾਲ ਸ਼ਬਦਾਂ ਦੀ ਧਨੀ ਆਸ਼ਾ ਸ਼ਰਮਾਂ ਨੇ ਚਲਾਇਆ ਤੇ ਖੇਡ ਦੇ ਮੈਦਾਨ ਤੋਂ ਮੱਖਣ ਅਲੀ, ਇਕਬਾਲ ਗਾਲਿਬ, ਕਾਲਾ ਰੇਚਿੰਨ ਨੇ ਚਲਾਇਆ ਤੇ ਕੋਚ ਦਵਿੰਦਰ ਨੇ ਮੈਂਚਾਂ ਦੀ ਰੈਫਰੀ ਕੀਤੀ। ਇਸ ਮੌਕੇ ਗੁਰਦੁਆਰਾ ਦਸਮੇਸ਼ ਦਰਬਾਰ ਦੀ ਕਮੇਟੀ ਵਲੋਂ ਵੱਖ ਵੱਖ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ ਸੀ। ਸੈਕਰਾਮੈਂਟੋ ਕਿੰਗਜ ਸਪੋਰਟਸ ਕਲੱਬ ਦੇ ਪ੍ਰਬੰਧਕਾਂ ਮੁਖ ਤੌਰ ਤੇ ਸੁਖੀ ਸੇਖੋਂ, ਗੁਰਨੇਕ ਸਿੰਘ, ਕਿੰਦੂ ਰਮੀਦੀ, ਸੀਤਲ ਸਿੰਘ, ਸੁਖਵਿੰਦਰ ਤੂਰ, ਸੋਢੀ ਸਿੰਘ, ਗੁਰਮੁਖ ਸੰਧੂ, ਜੱਸੀ ਢਿਲੋਂ  ਵਲੋਂ ਜੇਤੂ ਕਬੱਡੀ ਟੀਮ ਨੂੰ 15 ਹਜਾਰ ਡਾਲਰ ਦਾ ਨਗਦ ਇਨਾਮ ਤੇ ਟਰਾਫੀ ਦਿੱਤੀ ਗਈ।

ਇਸੇ ਤਰਾਂ ਬਾਕੀ ਜੇਤੂ ਟੀਮਾਂ ਨੂੰ ਵੀ ਨਗਦ ਇਨਾਮ ਤੇ ਟਰਾਫੀਆਂ ਦਿੱਤੀਆਂ ਗਈਆਂ। ਇਸ ਮੌਕੇ ਬੀਬੀਆਂ ਵੀ ਭਾਰੀ ਗਿਣਤੀ ਚ ਹਾਜਰ ਹੋਈਆਂ। ਇਸ ਮੌਕੇ ਕਬੱਡੀ ਖੀਡਾਰੀ ਸੰਦੀਪ ਨੰਗਲ ਅੰਬੀਆਂ ਤੇ ਮਹਿੰਦਰ ਸਿੰਘ ਮੌੜ ਦੇ ਅਕਾਲ ਚਲਾਣੇ ਤੇ ਪ੍ਰਬੰਧਕਾਂ ਤੇ ਦਰਸ਼ਕਾਂ ਵਲੋਂ ਇੱਕ ਮਿੰਟ ਦਾ ਮੌਨ ਵੀ ਰੱਖਿਆ ਗਿਆ। ਸਕਿਉਰਿਟੀ ਦੇ ਖਾਸ ਪ੍ਰਬੰਧ ਨੇ ਮਹੌਲ ਸ਼ਾਂਤ ਬਣਾਈ ਰੱਖਿਆ।








# ਕਾਮਾਗਾਟਾ ਮਾਰੂ ਘਟਨਾ ਬਦਲੇ ਦੋ ਕੈਨੇਡੀਅਨ ਪ੍ਰਧਾਨ ਮੰਤਰੀਆਂ ਤੋਂ ਮੁਆਫ਼ੀ ਮੰਗਵਾਉਣ ਵਾਲੇ ਸਾਹਿਬ ਸਿੰਘ ਥਿੰਦ ਦਾ ਪੰਜਾਬੀ ਲੋਕ ਵਿਰਾਸਤ ਅਕਾਡਮੀ ਸਨਮਾਨ

**ਲੁਧਿਆਣਾ–** ਸਦੀ ਪਹਿਲਾਂ ਕਾਮਾਗਾਟਾ ਮਾਰੂ ਜਹਾਜ਼ ਨੂੰ ਕੈਨੇਡਾ ਦੀ ਬੰਦਰਗਾਹ ਤੋਂ ਮੋੜਨ ਬਦਲੇ ਦੋ ਕੈਨੇਡੀਅਨ ਪ੍ਰਧਾਨ



ਮੰਤਰੀਆਂ ਤੋਂ ਮੁਆਫ਼ੀ ਮੰਗਵਾਉਣ ਵਾਲੀ ਸੰਸਥਾ ਪ੍ਰੋਃ ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ ਦੀ ਸਰੀ (ਕੈਨੇਡਾ) ਇਕਾਈ ਦੇ ਪ੍ਰਧਾਨ ਸਃ ਸਾਹਿਬ ਸਿੰਘ ਥਿੰਦ ਦਾ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਬੀਤੀ ਸ਼ਾਮ ਸ਼ਹੀਦ ਭਗਤ ਸਿੰਘ ਨਗਰ ਵਿਖੇ ਸਨਮਾਨ ਕੀਤਾ ਗਿਆ।

ਸਾਹਿਬ ਥਿੰਦ ਇਸ ਵਕਤ ਪਾਕਿਸਤਾਨ ਤੇ ਭਾਰਤੀ ਪੰਜਾਬ ਦੀ ਫੇਰੀ ਤੇ ਆਏ ਹੋਏ ਹਨ। ਦੇਸ਼ ਭਗਤ ਵਿਰਾਸਤ ਤੇ ਜੰਗੇ ਆਜ਼ਾਦੀ ਨਾਲ ਸਬੰਧਿਤ ਮਸਲਿਆਂ ਦੇ ਸੁਚੇਤ ਪਹਿਰੇਦਾਰ ਸਃ।ਸਾਹਿਬ ਸਿੰਘ ਥਿੰਦ ਪਾਕਿਸਤਾਨ ਸਰਕਾਰ ਨੂੰ ਵੀ ਜੰਗੇ ਆਜ਼ਾਦੀ ਲਈ ਅਨੇਕਾਂ ਮੀਟਿੰਗਜ਼ ਦੇ ਚਸ਼ਮਦੀਦ ਗਵਾਹ ਲਾਹੌਰ ਸਥਿਤ ਬਰੈਡਲਾ ਹਾਲ ਨੂੰ ਕੌਮੀ ਵਿਰਾਸਤ ਵਜੋਂ ਸੰਭਾਲਣ ਲਈ ਲੰਮੇ ਸਮੇਂ ਤੋਂ ਪ੍ਰੇਰਨਾ ਦੇ ਰਹੇ ਸਨ ਪਰ ਹੁਣ ਉਨ੍ਹਾਂ ਦੱਸਿਆ ਕਿ ਪਾਕਿ ਸਰਕਾਰ ਨੇ ਇਸ ਦੇਸ਼ ਭਗਤ ਸਰਗਰਮੀ ਕੇਂਦਰ ਦੀ ਸੰਭਾਲ ਲਈ ਨੌਂ ਕਰੋੜ ਰੁਪਏ ਜਾਰੀ ਕਰ ਦਿੱਤੇ ਹਨ।

ਸ ਸਾਹਿਬ ਸਿੰਘ ਥਿੰਦ ਲਈ ਸੁਆਗਤੀ ਸ਼ਬਦ ਬੋਲਦਿਆਂ ਅਕਾਡਮੀ ਦੇ ਚੇਅਰਮੈਨ ਪ੍ਰੋਃ ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ 1983 ਤੋਂ ਕੈਨੇਡਾ ਵੱਸਦੇ ਥਿੰਦ ਨੇ 1998 ਚ ਫਾਉਂਡੇਸ਼ਨ ਦਾ ਕਾਰਜ ਭਾਰ ਸਃ ਜਗਦੇਵ ਸਿੰਘ ਜੱਸੋਵਾਲ ਦੀ ਹਲਾ ਸ਼ੇਰੀ ਨਾਲ ਸੰਭਾਲਿਆ ਅਤੇ ਇਸ ਸੰਸਥਾ ਵੱਲੋਂ ਮੇਲਾ ਗਦਰੀ ਬਾਬਿਆਂ ਦਾ ਉੱਘੇ ਪੰਜਾਬੀ ਨਾਵਲਕਾਰ ਗਿਆਨੀ ਕੇਸਰ ਸਿੰਘ ਤੇ ਦੇਸ਼ ਭਗਤ ਬਾਬਾ ਭਗਤ ਸਿੰਘ ਬਿਲਗਾ ਦੀ ਪ੍ਰੇਰਨਾ ਨਾਲ ਆਰੰਭਿਆ ਜੋ ਹੁਣ ਠੀਕ ਨਿਰੰਤਰ ਚੱਲ ਰਿਹਾ ਹੈ।

ਕਾਮਾਗਾਟਾ ਮਾਰੂ ਘਟਨਾ ਬਦਲੇ ਕੈਨੇਡੀਅਨ ਸਰਕਾਰ ਪਾਸੋਂ ਮੁਆਫ਼ੀ ਮੰਗਵਾਉਣ ਵਾਲੀ ਲਹਿਰ ਦੇ ਇਸ ਆਗੂ ਨੇ ਦੋ ਪ੍ਰਧਾਨ ਮੰਤਰੀਆਂ ਸਟੀਫਨ ਹਾਰਪਰ ਤੇ ਜਸਟਿਨ ਟਰੂਡੋ ਪਾਸੇ ਦੋ ਵਾਰ ਲੋਕ ਕਚਹਿਰੀ ਵਿੱਚ ਮੁਆਫ਼ੀ ਮੰਗਵਾਈ ਅਤੇ ਜਸਟਿਨ ਟਰੂਡੋ ਤੋਂ ਇਸ ਘਟਨਾ ਲਈ ਦੇਸ਼ ਦੀ ਪਾਰਲੀਮੈਂਟ ਵਿੱਚ ਮੁਆਫ਼ੀ ਮੰਗਵਾਈ।

2008 ਵਿੱਚ ਤਾਂ ਪ੍ਰੋ ਮੋਹਨ ਸਿੰਘ ਫਾਉਂਡੇਸ਼ਨ ਦੇ ਭਾਰਤੀ ਪ੍ਰਧਾਨ ਸਃ ਪਰਗਟ ਸਿੰਘ ਗਰੇਵਾਲ ਤੇ ਮੈਂ ਬਤੌਰ ਸਕੱਤਰ ਜਨਰਲ ਉਸ ਮੇਲੇ ਵਿੱਚ ਹਾਜ਼ਰ ਸਾਂ ਜਦ ਸਟੀਫਨ ਹਾਰਪਰ ਨੇ ਮੰਚ ਤੋਂ ਬੋਲਦਿਆਂ ਮੁਆਫ਼ੀ ਮੰਗੀ ਪਰ ਧੰਨਵਾਦੀ ਸ਼ਬਦ ਬੋਲਦਿਆਂ ਸਾਹਿਬ ਥਿੰਦ ਨੇ ਕਿਹਾ ਕਿ ਇਸ ਢੰਗ ਦੀ ਮੁਆਫ਼ੀ ਪਰਵਾਨ ਨਹੀਂ, ਜੇ ਮੰਗਣੀ ਹੈ ਤਾਂ ਪਾਰਲੀਮੈਂਟ ਵਿੱਚ ਉਥੇ ਹੀ ਮੰਗੋ ਜਿਥੇ ਕਾਲੇ ਕਾਨੂੰਨ ਘੜੇ ਸਨ।

ਉਨ੍ਹਾਂ ਕਿਹਾ ਕਿ ਸਾਹਿਬ ਸਿੰਘ ਥਿੰਦ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਬਾਰ ਬਾਰ ਚਿੱਠੀ ਪੱਤਰ ਲਿਖਣ ਉਪਰੰਤ ਮੁਲਾਕਾਤਾਂ ਕਰਕੇ 2020 ਵਿੱਚ ਉਹ ਹੁਕਮਨਾਮਾ ਵੀ ਵਾਪਸ ਲੈਣ ਲਈ ਰਜ਼ਾਮੰਦ ਕਰ ਲਿਆ, ਜਿਸ ਮੁਤਾਬਕ ਗਦਰ ਪਾਰਟੀ ਦੇ ਦੇਸ਼ ਭਗਤ ਸੂਰਮਿਆਂ ਖ਼ਿਲਾਫ਼ 1920 ਚ ਅਰੂੜ ਸਿੰਘ ਸਰਬਰਾਹ ਨੇ ਫਰੰਗੀ ਹਕੂਮਤ ਦੇ ਹਿਤ ਪੂਰਨ ਲਈ ਹੁਕਮ-ਨਾਮਾ ਜਾਰੀ ਕਰਕੇ ਕਾਮਾ ਗਾਟਾ ਮਾਰੂ ਤੇ ਗਦਰ ਪਾਰਟੀ ਦੇ ਦੇਸ਼ ਭਗਤਾਂ ਨੂੰ ਅਸਿੱਖ ਕਰਾਰ ਦੇ ਦਿੱਤਾ ਸੀ।

ਵਰਤਮਾਨ ਸਮੇਂ ਵੀ ਸਾਹਿਬ ਸਿੰਘ ਥਿੰਦ ਵਲਾਇਤ ਦੀ ਅੰਗ੍ਰੇਜ਼ ਹਕੂਮਤ ਨੂੰ ਜੱਲ੍ਹਿਆਂ ਵਾਲਾ ਬਾਗ ਘਟਨਾ ਦੀ ਪਾਰਲੀਮੈਂਟ ਚ ਮੁਆਫ਼ੀ ਮੰਗਣ ਦੀ ਚਾਰਾਜੋਈ ਕਰ ਰਹੇ ਹਨ। ਹਿਮਾਚਲ ਪ੍ਰਦੇਸ਼ ਵਿੱਚ ਡਲਹੌਜ਼ੀ ਤੇ ਮੈਕਲੋਡਗੰਜ ਦਾ ਨਾਮ ਪਗੜੀ ਸੰਭਾਲ ਜੱਟਾ ਲਹਿਰ ਦੇ ਆਗੂ ਸਃ ਅਜੀਤ ਸਿੰਘ ਤੇ ਸੁਭਾਸ਼ ਚੰਦਰ ਬੋਸ ਦੇ ਨਾਮ ਤੇ ਰੱਖਣ ਲਈ ਉਥੋਂ ਦੀ ਸਿਆਸੀ ਲੀਡਰਸ਼ਿਪ ਨਾਲ ਸੰਪਰਕ ਕਰਕੇ ਪ੍ਰੇਰਤ ਕਰ ਰਹੇ ਹਨ।

ਸ ਸਾਹਿਬ ਸਿੰਘ ਥਿੰਦ ਨੂੰ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਦੋਸ਼ਾਲਾ ਤੇ ਪੁਸਤਕਾਂ ਦਾ ਸੈਟ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾਃ ਮੁਖਤਿਆਰ ਸਿੰਘ ਧੰਜੂ ਤੇ ਸਰਦਾਰਨੀ ਜਸਵਿੰਦਰ ਕੌਰ ਗਿੱਲ ਵੀ ਹਾਜ਼ਰ ਸਨ।

ਸ ਸਾਹਿਬ ਸਿੰਘ ਥਿੰਦ ਨੇ ਕਿਹਾ ਕਿ ਪ੍ਰੋਃ ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ ਦੇ ਬੈਨਰ ਹੇਠ ਅਸੀਂ ਜੰਗੇ ਆਜ਼ਾਦੀ ਦੇ ਸੂਰਮਿਆਂ ਦੇ ਸੁਨੇਹੇ ਘਰ ਘਰ ਦੇਸ਼ ਬਦੇਸ਼ ਚ ਵੰਡ ਰਹੇ ਹਾਂ। ਉਨ੍ਹਾਂ ਕਿਹਾ ਕਿ 2012 ਚ ਪੰਜਾਬ ਅਸੈਂਬਲੀ ਨੇ ਵੀ ਕਾਮਾਗਾਟਾ ਮਾਰੂ ਜਹਾਜ਼ ਮੋੜਨ ਵਾਲੀ ਹਕੂਕਮਤ ਖ਼ਿਲਾਫ਼ ਮਤਾ ਪਾਸ ਕਰਕੇ ਸਾਡੀ ਲਹਿਰ ਨੂੰ ਬਲ ਬਖ਼ਸ਼ਿਆ। ਉਨ੍ਹਾਂ ਕਿਹਾ ਕਿ ਮੈਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਉਸ ਵਕਤ ਵੀ ਪ੍ਰੋ ਗੁਰਭਜਨ ਸਿੰਘ ਗਿੱਲ, ਵਰਤਮਾਨ ਸਮੇਂ ਪੰਜਾਬ ਦੇ ਕੈਬਨਿਟ ਮੰਤਰੀ ਸਃ ਕੁਲਦੀਪ ਸਿੰਘ ਧਾਲੀਵਾਲ ਤੇ ਡਾਃ ਜਸਬੀਰ ਕੌਰ ਗਿੱਲ ਪੋਤਰੀ ਸ਼ਹੀਦ ਬੰਤਾ ਸਿੰਘ ਸੰਘਵਾਲ(ਜਲੰਧਰ) ਨੇ ਸਾਡਾ ਸਾਥ ਦੇ ਕੇ ਸਃ ਪਰਕਾਸ਼ ਸਿੰਘ ਬਾਦਲ ,ਬੀਬੀ ਰਾਜਿੰਦਰ ਕੌਰ ਭੱਠਲ ਤੇ ਸਪੀਕਰ ਸਃ ਚਰਨ-ਜੀਤ ਸਿੰਘ ਅਟਵਾਲਰਾਹੀਂ ਸਰਬਸੰਮਤੀ ਨਾਲ ਇਹ ਮਤਾ ਪਾਸ ਕਰਵਾਇਆ ਸੀ। ਉਨ੍ਹਾਂ ਕਿਹਾ ਕਿ ਮੈਨੂੰ ਹਰ ਵਾਰ ਇਥੋਂ ਨਵੀਂ ਊਰਜਾ ਮਿਲਦੀ ਹੈ ਜਿਸ ਨਾਲ ਅਸੀਂ ਹੋਰ ਸ਼ਕਤੀ ਨਾਲ ਨਵੇਂ ਮਸਲੇ ਉਭਾਰਨ ਤੇ ਹੱਲ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਾਂ।

## ਸਦਗੁਰੂ ਕਬੀਰ ਸੈਨਾ ਵਲੋਂ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੀ ਸਖ਼ਤ ਨਿਖੇਧੀ



ਮਹਾਤਮਾ ਜਸਵਿੰਦਰ (ਪ੍ਰਧਾਨ) | ਜਸਦੇਵ (ਸੈਕਟਰੀ) | ਮਹਾਦੇਵ (ਖਜ਼ਾਨਚੀ) | ਜਸਪਾਲ ਸਿੰਘ (ਮੀਡੀਆ ਇੰਚਾਰਜ)

**ਪਟਿਆਲਾ–**ਸਦਗੁਰੂ ਕਬੀਰ ਸੈਨਾ ਦੇ ਸੰਸਥਾਪਕ ਸਵਾਮੀ ਕ੍ਰਿਸ਼ਨਾਨੰਦ ਜੀ ਮਹਾਰਾਜ ਦੇ ਚੇਲੇ ਮਹਾਤਮਾ ਜਸਵਿੰਦਰ (ਪ੍ਰਧਾਨ), ਜਸਦੇਵ (ਸਕੱਤਰ), ਮਹਾਦੇਵ (ਖਜ਼ਾਨਚੀ), ਜਸਪਾਲ ਸਿੰਘ (ਮੀਡੀਆ ਇੰਚਾਰਜ) ਪੰਜਾਬ ਨੇ ਸਾਂਝੇ ਤੌਰ 'ਤੇ ਉਭਰਦੇ ਗਾਇਕ ਸਿੱਧੂ ਮੂਸੇਵਾਲੇ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕੀਤੀ। ਉਨ੍ਹਾਂ ਕਿਹਾ ਕਿ ਇਸ ਕਤਲ ਕਾਰਨ ਪੰਜਾਬ ਨੂੰ ਇੱਕ ਬਹੁਤ ਵੱਡਾ ਕਾਲਾ ਧੱਬਾ ਲਗਾ ਦਿੱਤਾ ਹੈ, ਜਿਸ ਦੀ ਜਿੰਨੀ ਵੀ ਆਲੋਚਨਾ ਕੀਤੀ ਜਾਵੇ ਘੱਟ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹਿੰਸਾ ਲਈ ਕੋਈ ਥਾਂ ਨਹੀਂ ਸੀ, ਨਾ ਹੈ ਅਤੇ ਨਾ ਹੀ ਰਹੇਗੀ। ਅਸੀਂ ਇਸ ਕਤਲ ਦੀ ਸਖ਼ਤ ਨਿਖੇਧੀ ਕਰਦੇ ਹਾਂ। ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਪੰਜਾਬ ਵਿੱਚ ਸ਼ਾਂਤੀ ਅਤੇ ਭਾਈਚਾਰਾ ਬਣਿਆ ਰਹੇ। ਇਸ ਮੌਕੇ ਕਮੇਟੀ ਦੇ ਬਹੁਤ ਸਾਰੇ ਮੈਂਬਰ ਸ਼ਾਮਲ ਸਨ।



# ਬਾਬਾ ਬੰਦਾ ਸਿੰਘ ਬਹਾਦਰ ਵਰਗਾ ਰਾਜ ਹੀ ਪੰਜਾਬ, ਦੇਸ਼ ਤੇ ਸੰਸਾਰ ਦਾ ਭਲਾ ਕਰ ਸਕਦਾ ਹੈ-ਖਾਲੜਾ ਮਿਸ਼ਨ







**ਤਰਨ ਤਾਰਨ, 29 ਮਈ–** ਤਰਨ ਤਾਰਨ ਵਿਖੇ ਗੰਢਾ ਵਾਲੀ ਧਰਮਸ਼ਾਲਾ ਵਿਖੇ 27 ਮਈ 1710 ਨੂੰ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਕਾਇਮ ਕੀਤੇ ਰਾਜ ਨੂੰ ਯਾਦ ਕੀਤਾ ਗਿਆ। ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਤੇ ਮਨੁੱਖੀ ਅਧਿਕਾਰ ਇੰਨਸਾਫ ਸੰਘਰਸ਼ ਕਮੇਟੀ ਦੇ ਆਗੂਆਂ ਨੇ ਸੰਬੋਧਨ ਕੀਤਾ। ਸਭ ਤੋਂ ਪਹਿਲਾਂ ਸੁਖਮਨੀ ਸਾਹਿਬ ਦੇ ਜਾਪ ਤੋਂ ਬਾਅਦ ਭੋਗ ਪਾਏ ਗਏ। ਅਕਾਲ ਪੁਰਖ ਅੱਗੇ ਅਰਦਾਸ ਬੇਨਤੀ ਕੀਤੀ ਗਈ ਕਿ ਪਾਪੀ ਰਾਜ ਦੇ ਖਾਤਮੇ ਤੇ ਹਲੇਮੀ ਰਾਜ ਦੀ ਸਥਾਪਨਾ ਲਈ ਆਪ ਸਹਾਈ ਹੋਵੋ। ਕਿਉਂ ਕਿ ਅੱਜ ਹਰ ਪਾਸੇ ਕੂੜ ਹੀ ਪ੍ਰਧਾਨ ਹੈ। ਮੰਨੂਵਾਦੀਆਂ ਦੇ ਜੰਗਲ ਰਾਜ ਦੌਰਾਨ ਧਾਰਮਿਕ, ਘੱਟ ਗਿਣਤੀਆਂ, ਕਿਸਾਨਾ, ਗਰੀਬਾਂ ਉੱਪਰ ਹਮਲੇ ਹੋ ਰਹੇ ਹਨ। ਦੇਸ਼ ਭਗਤੀ ਦੀ ਆੜ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਤੋਪਾਂ ਟੈਂਕਾਂ ਨਾਲ ਹਮਲਾ ਹੁੰਦਾ, ਝੂਠੇ ਮੁਕਾਬਲੇ ਬਣਦੇ, ਨਵੰਬਰ-84 ਕਤਲੇਆਮ ਹੁੰਦਾ, ਗੁਜਰਾਤ ਕਤਲੇਆਮ ਹੁੰਦਾ, ਮਸਜ਼ਿਦਾਂ ਉੱਪਰ ਹਮਲੇ ਹੋ ਰਹੇ ਹਨ ਤੇ ਨਮਾਜ਼ ਪੜ੍ਹਨ ਤੇ ਪਬੰਦੀਆਂ ਲਾਈਆਂ ਜਾ ਰਹੀਆਂ ਹਨ। ਬੁਲਾਰਿਆਂ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਲੈ ਕੇ ਗਰੀਬਾਂ ਨੂੰ ਪਾਤਸ਼ਾਹੀਆਂ ਵਾਲਾ ਰਾਜ ਸਥਾਪਿਤ ਕੀਤਾ। ਨੀਵੇਂ ਕਹੇ ਜਾਣ ਵਾਲਿਆਂ ਨੂੰ ਬੰਦਾ ਸਿੰਘ ਬਹਾਦਰ ਨੇ ਸਰਕਾਰ ਵਿਚ ਪ੍ਰਬੰਧਕ ਲਾਇਆ। ਪਹਿਲੀ ਵਾਰ ਜਗੀਰਦਾਰਾਂ ਕੋਲੋਂ ਜ਼ਮੀਨਾਂ ਖੋਹ ਕੇ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ, ਪਰ ਅੱਜ ਮੰਨੂਵਾਦੀਏ ਕਿਸਾਨਾਂ ਕੋਲੋਂ ਜ਼ਮੀਨਾਂ ਖੋਹ ਕੇ ਅਡਾਨੀਆਂ, ਅੰਬਾਨੀਆਂ ਨੂੰ ਦੇ ਰਹੇ ਹਨ। ਉਨ੍ਹਾਂ ਕਿਹ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਇੱਕ ਵੀ ਮਸੀਤ ਨੂੰ ਝਰੀਟ ਨਹੀਂ ਸੀ ਆਉਣ ਦਿੱਤੀ, ਪਰ ਅੱਜ ਮੰਨੂਵਾਦੀਏ ਮਸਜ਼ਿਦਾਂ ਤੇ ਹਮਲੇ ਕਰ ਰਹੇ ਹਨ। ਇਸ ਮੌਕੇ ਤੇ ਪਾਸ ਮਤਿਆਂ ਵਿਚ ਭਗਵੰਤ ਮਾਨ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਰਾਜ ਭਾਗ ਦਾ ਅਨੰਦ ਮਾਣਨ ਵਾਲਿਆਂ ਦੀਆਂ ਜਾਇਦਾਦਾਂ ਦੀ ਜਾਚ ਕਰਾਵੇ ਤੇ ਝੂਠੇ ਮੁਕਾਬਲਿਆਂ ਵਿਚ ਸ਼ਹੀਦ ਹੋਣ ਵਾਲਿਆਂ ਦੀ ਲਿਸਟ ਜਾਰੀ ਕਰੇ। ਉਨ੍ਹਾਂ ਕਿਹ ਕਿ ਬੰਦਾ ਸਿੰਘ ਬਹਾਦਰ ਨੇ ਯੁੱਗ ਪਲਟਾ ਕੇ ਗੁਰੂ ਸਾਹਿਬਾਨ ਦੇ ਨਾਮ ਤੋਂ ਸਿੱਕੇ ਤੇ ਮੋਹਰਾਂ ਜਾਰੀ ਕੀਤੀਆਂ। ਇਸ ਮੌਕੇ ਤੇ ਐਡਵੋਕੇਟ ਜਗਦੀਪ ਸਿੰਘ ਰੰਧਾਵਾ, ਬਾਬਾ ਦਰਸ਼ਨ ਸਿੰਘ, ਹਰਮਨਦੀਪ ਸਿੰਘ, ਸਤਵਿੰਦਰ ਸਿੰਘ, ਪ੍ਰਵੀਨ ਕੁਮਾਰ, ਨਿਰਮਲ ਸਿੰਘ, ਜੋਗਿੰਦਰ ਸਿੰਘ, ਜਸਕਰਨ ਸਿੰਘ, ਸੰਦੀਪ ਕੌਰ, ਵਿਰਸਾ ਸਿੰਘ ਬਹਿਲਾ, ਗੁਰਜੀਤ ਸਿੰਘ ਤਰਸਿੱਕਾ, ਸੰਤੋਖ ਸਿੰਘ, ਕਾਬਲ ਸਿੰਘ, ਨਿਰਵੈਲ ਸਿੰਘ, ਜਰਨੈਲ ਸਿੰਘ, ਬਲਕਾਰ ਸਿੰਘ, ਗੁਰਦੇਵ ਸਿੰਘ, ਮਲੂਕ ਸਿੰਘ, ਰਣਜੀਤ ਸਿੰਘ, ਸਿਮਰਜੀਤ ਕੌਰ, ਪ੍ਰੇਮ ਸਿੰਘ, ਸਤਵੰਤ ਸਿੰਘ ਮਾਣਕ, ਜਥੇਦਾਰ ਗੁਰਮੀਤ ਸਿੰਘ, ਸੁਖਦੇਵ ਸਿੰਘ ਆਦਿ ਹਾਜ਼ਿਰ ਹੋਏ।

# ਐੱਸਸੀ.ਬੀਸੀ. ਫੈੱਡਰੇਸ਼ਨ ਦਾ ਵਫ਼ਦ ਡੀਈਓ. ਐਲੀਮੈਂਟਰੀ ਨੂੰ ਮਿਲਿਆ

**ਹੁਸਿਆਰਪੁਰ–** ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੇ ਸੂਬਾ ਚੇਅਰਮੈਨ ਸ. ਜਸਬੀਰ ਸਿੰਘ ਪਾਲ ਅਤੇ ਸੂਬਾ ਕਮੇਟੀ ਵਲੋਂ ਲਏ ਫੈਸਲੇ ਤਹਿਤ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਦਾ ਇੱਕ ਵਫ਼ਦ ਜ਼ਿਲ੍ਹਾ ਪ੍ਰਧਾਨ ਡਾ. ਜਸਵੰਤ ਰਾਏ ਦੀ ਅਗਵਾਈ ਹੇਠ ਜ਼ਿਲ੍ਹਾ ਸਿਖਿਆ ਅਫਸਰ ਐਲੀਮੈਂਟਰੀ ਹੁਸ਼ਿਆਰਪੁਰ ਸ਼੍ਰੀ ਸੰਜੀਵ ਗੌਤਮ ਨੂੰ ਮਿਲਿਆ। ਇਸ ਵਫ਼ਦ ਵਿੱਚ ਸੂਬਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਅਤੇ ਸੂਬਾ ਵਾਇਸ ਚੇਅਰਮੈਨ ਸ਼੍ਰੀ ਬਲਰਾਜ ਕੁਮਾਰ ਉਚੇਚੇ ਤੌਰ ਤੇ ਪਹੁੰਚੇ।ਇਸ ਮੀਟਿੰਗ ਵਿੱਚ ਵਫ਼ਦ ਨੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਦੋ ਮਹੀਨੇ ਦੇ ਲਗਭਗ ਸਮਾਂ ਬੀਤਣ ਦੇ ਬਾਅਦ ਵੀ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਕਿਤਾਬਾਂ ਨਹੀਂ ਮਿਲੀਆਂ। ਮੁਲਾਜ਼ਮਾਂ ਦੀਆਂ ਦਿਕਤਾਂ ਸਾਂਝੀਆਂ ਕਰਦਿਆਂ ਕਿਹਾ ਕਿ ਈ.ਟੀ.ਟੀ.ਤੋਂ ਮਾਸਟਰ ਕੇਡਰ ਅਤੇ ਐੱਚ.ਟੀ. ਦੀਆਂ ਤਰੱਕੀਆਂ, ਐੱਚ.ਟੀ. ਤੋਂ ਸੀ.ਐੱਚ.ਟੀ. ਦੀਆਂ ਤਰੱਕੀਆਂ,



ਮਿਡ-ਡੇ-ਮੀਲ ਲਈ ਅਨਾਜ ਛੁੱਟੀਆਂ ਤੋਂ ਬਾਅਦ ਭੇਜਣ ਦੀ ਮੰਗ ਕੀਤੀ ਗਈ, ਵਿਦਿਆਰਥੀਆਂ ਦੇ ਵਜ਼ੀਫੇ, ਵਰਦੀਆਂ ਦੀ ਪੂਰਤੀ, ਮੈਡੀਕਲ ਬਿੱਲਾਂ ਦੇ ਭੁਗਤਾਨ ਤੁਰੰਤ ਕਰਨ ਦੀ ਮੰਗ ਨੂੰ ਬੜੇ ਜ਼ੋਰਦਾਰ ਢੰਗ ਨਾਲ ਉਠਾਇਆ।

ਡੀ.ਈ.ਓ. ਸਾਹਿਬ ਨੇ ਸਾਰੀਆਂ ਮੰਗਾਂ ਨੂੰ ਬੜੀ ਸੁਹਿਰਦਤਾ ਨਾਲ ਸੁਣਿਆ ਅਤੇ ਇਨ੍ਹਾਂ ਦੇ ਜਲਦੀ ਨਿਪਟਾਰੇ ਲਈ ਹਾਂ ਪੱਖੀ ਹੁੰਗਾਰਾ ਭਰਿਆ। ਇਸ ਉਪਰੰਤ ਵਫ਼ਦ ਰਵਿਦਾਸ ਨਗਰ ਤੋਂ ਗੁੰਮ ਹੋਏ ਬੱਚਿਆਂ ਦੀ ਭਾਲ਼ ਵਿੱਚ ਪੁਲਿਸ ਵਲੋਂ ਨਿਭਾਈ ਬਾਖੂਬੀ ਜਿੰਮੇਦਾਰੀ ਕਰਕੇ ਐੱਸ.ਐੱਸ.ਪੀ. ਸਾਹਿਬ ਦਾ ਧੰਨਵਾਦ ਕਰਨ ਲਈ ਵੀ ਪਹੁੰਚਿਆ।

ਇਸ ਵਫ਼ਦ ਵਿੱਚ ਲੈਕ. ਬਲਦੇਵ ਸਿੰਘ ਧੁੱਗਾ, ਯੋਧਾ ਮੱਲ ਪਾਲ, ਲੈਕ. ਬਲਦੇਵ ਸਿੰਘ, ਲੈਕ. ਪ੍ਰਭਜੋਤ ਸਿੰਘ, ਲੈਕ. ਲਖਵਿੰਦਰ ਰਾਮ, ਬਲਵਿੰਦਰ ਕੁਮਾਰ, ਸੰਦੀਪ ਕੁਮਾਰ, ਗੁਰਜਿੰਦਰਪਾਲ ਸਿੰਘ, ਸ਼ਸ਼ੀ ਕੁਮਾਰ ਅਤੇ ਜਤਿੰਦਰ ਕੁਮਾਰ ਸ਼ਾਮਿਲ ਸਨ।

# ਭਾਈ ਸੰਗਤ ਸਿੰਘ ਖਾਲਸਾ ਕਾਲਜ ’ਚ ਕਰਵਾਇਆ ਸਾਹਿਤ ਉਚਾਰਨ ਮੁਕਾਬਲਾ

## ਨਵਜੋਤ ਸਾਹਿਤ ਸੰਸਥਾ ਔੜ ਦਾ ਵਿਦਿਆਰਥੀ ਵਰਗ ਲਈ ਉਸਾਰੂ ਉਪਰਾਲਾ

**ਬੰਗਾ (ਰੇਸ਼ਮ ਕਰਨਾਣਵੀ) –** ਨਵਜੋਤ ਸਾਹਿਤ ਸੰਸਥਾ ਔੜ੍ਹ ਵਲੋਂ ਅੱਜ ਇੱਥੋਂ ਦੇ ਭਾਈ ਸੰਗਤ ਸਿੰਘ ਖਾਲਸਾ ਕਾਲਜ ਵਿਖੇ ‘ਸਾਹਿਤ ਉਚਾਰਨ ਪ੍ਰਤੀਯੋਗਤਾ’ ਕਰਵਾਈ ਗਈ। ਇਸ ਵਿੱਚ ਸਾਹਿਤ ਦੀਆਂ ਵੱਖ ਵੱਖ ਵਿਧਾ ’ਤੇ ਵਿਦਿਆਰਥੀਆਂ ਨੇ ਸ਼ਾਨਦਾਰ ਪੇਸ਼ਕਾਰੀਆਂ ਕੀਤੀਆਂ। ਇਹਨਾਂ ਵਿੱਚ ਸਿਮਰਨਦੀਪ ਕੌਰ ਬੀ ਏ ਨੇ (ਭਾਸ਼ਣ) ਵਜੋਂ ਪਹਿਲਾ ਸਥਾਨ ਹਾਸਲ ਕੀਤਾ। ਇਵੇਂ ਮੁਨੀਸ਼ਾ ਕੁਮਾਰੀ ਬਾਰਵੀਂ ਨੇ (ਕਵਿਤਾ) ਵਜੋਂ ਦੂਜਾ ਅਤੇ ਕੀਰਤੀ ਬੀ ਕਾਮ ਨੇ (ਗੀਤ) ਵਜੋਂ ਤੀਜੇ ਨੰਬਰ ’ਤੇ ਰਹੀ। ਇਹਨਾਂ ਪ੍ਰਤੀਯੋਗੀਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਪੁਸਤਕਾਂ ਨਾਲ ਸਨਮਾਨਿਤ ਕੀਤਾ ਗਿਆ।

ਜੇਤੂਆਂ ਨੂੰ ਇਨਾਮ ਤਕਸੀਮ ਕਰਨ ਦੀ ਰਸਮ ਉਕਤ ਸੰਸਥਾ ਦੇ ਸੰਸਥਾਪਕ ਗ਼ਜ਼ਲਗੋ ਗੁਰਦਿਆਲ ਰੌਸ਼ਨ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਰਣਜੀਤ ਸਿੰਘ ਨੇ ਸਮੂਹਿਕ



ਤੌਰ ’ਤੇ ਨਿਭਾਈ। ਉਹਨਾਂ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਵਿਦਿਆਰਥੀ ਵਰਗ ਨੂੰ ਸਾਹਿਤ ਨਾਲ ਜੋੜਨ ਅਤੇ ਉਹਨਾਂ ਨੂੰ ਮੰਚ ਦੇ ਮੁਨਾਰੇ ਬਣਾਉਣ ਹਿੱਤ ਇਹ ਉਪਰਾਲਾ ਅਤੀ ਸ਼ਲਾਘਾਯੋਗ ਹੈ।

ਮੰਚ ਦਾ ਸੰਚਾਲਨ ਸੰਸਥਾ ਦੇ ਸਕੱਤਰ ਸੁਰਜੀਤ ਮਜਾਰੀ ਨੇ ਬਾਖੂਬੀ ਨਿਭਾਇਆ ਅਤੇ ਸੰਸਥਾ ਦੇ ਪ੍ਰਧਾਨ ਸਤਪਾਲ ਸਾਹਲੋਂ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਲੜ਼ੀ ਤਹਿਤ ਬਾਕੀ ਪ੍ਰਤੀਯੋਗੀ ਸੁਮਨ ਬੀ ਏ, ਮੁਸਕਾਨ ਬੀ ਕਾਮ, ਤਮੰਨਾ ਬੀ ਕਾਮ, ਹਰਮਨ ਸਿੰਘ ਬਾਹਰਵੀਂ, ਅਮਨਦੀਪ ਕੌਰ ਬੀ ਏ, ਪ੍ਰਿੰਯਕਾ, ਉਮੇ ਕੁਲਸ਼ਮ ਬਾਹਰਵੀਂ, ਰਾਜਦੀਪ ਕੌਰ ਬੀ ਕਾਮ ਨੂੰ ਪ੍ਰਮਾਣ ਪੱਤਰ ਪ੍ਰਦਾਨ ਕੀਤੇ ਗਏ। ਇਸ ਮੌਕੇ ਜੱਜਾਂ ਦੇ ਪੈਨਲ ਵਿੱਚ ਜੋਗਿੰਦਰ ਸਿੰਘ ਕੁੱਲੇਵਾਲ,ਰਜਨੀ ਸ਼ਰਮਾ, ਨੀਰੂ ਜੱਸਲ ਸ਼ਾਮਲ ਹੋਏ।

# “ਮਾਝਾ, ਮਾਲਵਾ ਅਤੇ ਦੁਆਬਾ ਪਿਚਨ ਕਲੱਬ ਫਰਿਜ਼ਨੋ” ਵੱਲੋਂ ਕਬੂਤਰਾਂ ਦੀ ਸਨਵਾਕੀਨ ਵਿਖੇ ਹੋਈ ਬਾਜ਼ੀ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):–** ਫਰਿਜ਼ਨੋ ਵਿਖੇ ਕਬੂਤਰ ਸੌਕੀਨਾਂ ਦੀ ਬਣਾਈ "ਮਾਝਾ, ਮਾਲਵਾ ਅਤੇ ਦੁਆਬਾ ਪਿਚਨ ਕਲੱਬ" ਵੱਲੋਂ ਕਬੂਤਰਾਂ ਦੀ ਸ਼ਾਨਦਾਰ ਬਾਜ਼ੀ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸ਼ੈਨਵਾਕੀਨ ਵਿੱਚ ਕਰਵਾਈ ਗਈ। ਜਿਸ ਵਿੱਚ ਕਬੂਤਰਾਂ ਦੇ ਸੌਕੀਨਾਂ ਦੁਆਰਾ ਤਕਰੀਬਨ 39 ਦੇ ਕਰੀਬ ਕਬੂਤਰਾਂ ਨੂੰ ਇਸ ਬਾਜ਼ੀ ਵਿੱਚ ਸਾਮਲ ਕੀਤਾ ਗਿਆ। ਇਸ ਕਬੂਤਰਬਾਜ਼ੀ ਵਿੱਚ ਫਰਿਜ਼ਨੋ ਤੋਂ ਇਲਾਵਾ ਯੂਬਾ-ਸਿਟੀ, ਸੈਕਰਾਮੈਂਟੋ, ਬੇਕਰਸ਼ਫੀਲਡ ਅਤੇ ਹੋਰ ਦੁਰਾਡੇ ਸ਼ਹਿਰਾਂ ਤੋਂ ਕਬੂਤਰਾਂ ਦੇ ਸੌਕੀਨ ਆਪਣੇ ਕਬੂਤਰਾਂ ਸਮੇਤ ਪਹੁੰਚੇ। ਜਿਸ ਨੂੰ ਦੇਖਣ ਲਈ ਕੈਲੇਫੋਰਨੀਆਂ ਦੇ ਦੂਰ ਦੁਰਾਡੇ ਦੇ ਸ਼ਹਿਰਾਂ ਤੋਂ ਵੱਡੀ ਗਿਣਤੀ ਵਿੱਚ ਕਬੂਤਰਬਾਜ਼ੀ ਦੇ ਸ਼ੌਕੀਨ ਵੀ ਪਹੁੰਚੇ ਹੋਏ ਸਨ। ਇਹ ਬਾਜ਼ੀ ਦਾ ਸਮਾਂ ਜਿਆਦਾ ਹੋਣ ਕਰਕੇ ਸਵੇਰੇ 7 ਵਜੇ ਸੁਰੂ ਹੋਈ ਅਤੇ ਸ਼ਾਮ 6 ਵਜੇ ਦੇ ਲਗਭਗ ਸਮਾਮਤ ਹੋਈ।





ਸਭ ਤੋਂ ਵੱਧ ਸਮਾਂ ਉੱਡਣ ਵਾਲੇ ਕਬੂਤਰ ਦਾ ਪਹਿਲਾ ਸਥਾਨ ਰਿਹਾ, ਜਿਸ ਨੂੰ ਸਨਮਾਨ ਨਿਸ਼ਾਨੀ ਅਤੇ ਹੋਰ ਇਨਾਮ ਦਿੱਤੇ ਗਏ। ਜਦ ਕਿ ਉਡਾਰੀ ਸਮੇਂ ਅਨੁਸਾਰ ਬਾਕੀ ਇਨਾਮ ਦੂਜਾ ਸਥਾਨ ਅਤੇ ਤੀਜਾ ਸਥਾਨ ਆਦਿਕ ਦਿੱਤੇ ਗਏ।

ਇਸ ਤੋਂ ਇਲਾਵਾ ਬਾਜ਼ੀ ਵਿੱਚ ਸਾਮਲ ਹੋਣ ਵਾਲੇ ਕਬੂਤਰਾਂ ਦੇ ਮਾਲਕਾ ਨੂੰ ਟ੍ਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਫਰਿਜ਼ਨੋ ਪੰਜਾਬੀਆਂ ਨੇ ਵਿਦੇਸ਼ਾ ਵਿੱਚ ਵੀ ਆ ਕੇ ਇਸ ਕਬੂਤਰਬਾਜ਼ੀ ਦੇ ਸ਼ੌਕ ਨੂੰ ਨਵੇਂ ਸਿਰੇ ਤੋਂ ਸੁਰੂ ਕਰਕੇ ਪਹਿਲ ਕਦਮੀਂ ਕੀਤੀ ਹੈ।

# ਉਤਸ਼ਾਹ ਨਾਲ ਮਨਾਇਆ ਮੇਲਾ "ਸਾਂਝ ਮਾਵਾਂ ਧੀਆਂ ਦੀ"







**ਹੇਵਰਡ –** ਬੀਤੇ ਹਫਤੇ ਹੇਵਰਡ ਦੇ ਰਾਜਾ ਸਵੀਟਸ ਬੈਨਕੁਈਟ ਹਾਲ ਵਿਚ ਰੇਡੀਓ ਚੜ੍ਹਦੀ ਕਲਾ ਅਤੇ ਜਸਵਿੰਦਰ ਕੌਰ ਦੇ ਸਾਂਝੇ ਉੱਦਮ ਨਾਲ ਸਲਾਨਾ ਇਕੱਠ ''ਸਾਂਝ ਮਾਵਾਂ ਧੀਆਂ ਦੀ'' ਬੜੇ ਉਤਸ਼ਾਹ ਅਤੇ ਚਾਅ ਨਾਲ ਮਨਾਇਆ ਗਿਆ।ਪਿਛਲੇ ਸਾਲਾਂ ਦੇ ਮੁਕਾਬਲੇ ਇਹ ਇਕੱਠ ਬਹੁਤ ਭਰਵਾਂ ਸੀ। ਹੇਵਰਡ ਅਤੇ ਲਾਗਲੇ ਸ਼ਹਿਰਾਂ ਤੋਂ ਮਾਵਾਂ ਧੀਆਂ ਤੇ ਨਾਲ ਦੋਹਤੀਆਂ, ਪੋਤੀਆਂ ਵੀ ਹੁੰਮ ਹੁਮਾ ਕੇ ਪਹੁੰਚੀਆਂ ਹੋਈਆਂ ਸਨ। ਸਮਾਗਮ ਵਿੱਚ ਪੰਜਾਬੀ ਗੀਤ ਸੰਗੀਤ ਤੋਂ ਇਲਾਵਾ, ਗਿੱਧਾ ਤੇ ਹੋਰ ਸੋਲੋ ਡਾਂਸ ਪੇਸ਼ਕਾਰੀਆਂ ਵੀ ਹੋਈਆਂ। ਛੋਟੀਆਂ ਬੱਚੀਆਂ ਅਤੇ ਅੱਲੜ ਮੁਟਿਆਰਾਂ ਨੇ ਖ਼ੂਬਸੂਰਤ ਪੰਜਾਬੀ ਪੌਸ਼ਾਕਾਂ ਵਿਚ ਜਿੱਥੇ ਲੋਕ ਨਾਚਾਂ ਦੀਆਂ ਵੱਖ ਵੱਖ ਵੰਨਗੀਆਂ ਪੇਸ਼ ਕੀਤੀਆਂ ਉੱਥੇ ਮਾਵਾਂ, ਧੀਆਂ, ਨਾਨੀਆਂ, ਦਾਦੀਆਂ ਨੇ ਵੀ ਪੁਰਾਣੇ ਸੱਭਿਆਚਾਰਕ ਗੀਤ ਗਾ ਕੇ ਪੁਰਾਤਨ ਪੰਜਾਬੀ ਸੱਭਿਆਚਾਰ ਦੀ ਯਾਦ ਤਾਜ਼ਾ



ਕਰਵਾਈ। ਇਸਤੋਂ ਇਲਾਵਾ ਸਮਾਗਮ ਦੀ ਅਸਲ ਪ੍ਰਾਪਤੀ ਇਹ ਰਹੀ ਕਿ ਸਮਾਜਕ ਅਤੇ ਪਰਿਵਾਰਕ ਰਿਸ਼ਤਿਆਂ ਦੀ ਟੁੱਟ ਭੱਜ, ਪਰਿਵਾਰਕ ਝਗੜੇ ਅਤੇ ਹਿੰਸਾ ਤੇ ਔਰਤਾਂ ਉੱਤੇ ਹੁੰਦੇ ਜ਼ੁਲਮਾਂ ਬਾਰੇ ਭਰਪੂਰ ਜਾਗਰੂਕਤਾ ਪੈਦਾ ਕਰਦੀ ਜਾਣਕਾਰੀ ਇਹਨਾਂ ਵਿਸ਼ਿਆਂ ਦੇ ਮਾਹਿਰ ਬੁਲਾਰਿਆਂ ਨੇ ਦਿੱਤੀ।ਹੋਰ ਬੁਲਾਰਿਆਂ ਨੇ ਵੀ ਆਪਣੇ ਵਡਮੁੱਲੇ ਵਿਚਾਰ ਦਿੱਤੇ।

ਸਟੇਜ ਸੰਚਾਲਨ ਸ਼ਕਤੀ ਮਾਣਕ ਨੇ ਬਾਖ਼ੂਬੀ ਨਿਭਾਇਆ। ਪ੍ਰਬੰਧਕੀ ਟੀਮ ਜਸਵਿੰਦਰ ਕੌਰ, ਕਮਲ ਪਰਮਾਰ, ਰਣਬੀਰ ਕੌਰ ਬੱਲ, ਕਮਲਜੀਤ ਕੌਰ ਅਤੇ ਕੰਵਰਜੀਤ ਕੌਰ ਸੰਧੂ ਨੇ ਇਸ ਮੇਲੇ ਨੂੰ ਕਾਮਯਾਬ ਕਰਨ ਲਈ ਵੱਧ ਚੜ੍ਹਕੇ ਯੋਗਦਾਨ ਪਾਇਆ। ਅੰਤ ਵਿੱਚ ਬੀਬੀ ਜਸਵਿੰਦਰ ਕੌਰ ਨੇ ਆਪਣੀ ਸਮੁੱਚੀ ਟੀਮ ਅਤੇ ਰੇਡੀਓ ਚੜ੍ਹਦੀ ਕਲਾ ਵਲੋਂ ਆਏ ਸਮੂਹ ਮਹਿਮਾਨਾਂ ਦਾ ਧੰਨਵਾਦ ਕੀਤਾ।

# ਚੰਡੀਗੜ੍ਹ ਵੈਲਫ਼ੇਅਰ ਟਰੱਸਟ ਵੱਲੋਂ ਲਗਾਏ ਮੁਫ਼ਤ ਸਿਹਤ ਜਾਂਚ ਕੈਂਪ ਦਾ 500 ਤੋਂ ਵੱਧ ਸ਼ਹਿਰ ਵਾਸੀਆਂ ਨੇ ਉਠਾਇਆ ਲਾਭ







ਸ਼ਹਿਰ ਵਾਸੀਆਂ ਨੂੰ ਸਿਹਤ ਸੰਭਾਲ ਪ੍ਰਤੀ ਜਾਗਰੂਕਤਾ ਪ੍ਰਦਾਨ ਕਰਵਾਉਣ ਦੇ ਉਦੇਸ਼ ਨਾਲ ਚੰਡੀਗੜ੍ਹ ਵੈਲਫ਼ੇਅਰ ਟਰੱਸਟ ਵੱਲੋਂ ਸੈਕਟਰ-42 ਦੇ ਕਮਿਊਨਿਟੀ ਸੈਂਟਰ ਵਿਖੇ ਮੁਫ਼ਤ ਸਿਹਤ ਜਾਂਚ ਕੈਂਪ ਦਾ ਆਯੋਜਨ ਕਰਵਾਇਆ ਗਿਆ। ਇਹ ਕੈਂਪ ਰੈਜ਼ੀਡੈਂਸ ਵੈਲਫ਼ੇਅਰ ਐਸੋਸੀਏਸ਼ਨ ਅਤੇ ਮਾਰਕਿਟ ਵੈਲਫੇਅਰ ਐਸੋਸੀਏਸ਼ਨ ਦੇ ਸਹਿਯੋਗ ਨਾਲ ਲਗਾਇਆ ਗਿਆ। ਕੈਂਪ ਦੌਰਾਨ ਫੋਰਟਿਸ ਹਸਪਤਾਲ ਮੋਹਾਲੀ ਤੋਂ ਇਸਤਰੀ ਰੋਗਾਂ ਦੇ ਮਾਹਿਰ ਡਾਕਟਰਾਂ ਦੀ ਟੀਮਾਂ ਵੱਲੋਂ ਜਿੱਥੇ ਬਹੁਗਿਣਤੀ ਮਹਿਲਾਵਾਂ ਦੇ ਵੱਖੋ-ਵੱਖਰੇ ਮੈਡੀਕਲ ਟੈਸਟ ਕੀਤੇ ਗਏ ਉਥੇ ਹੀ ਔਰਤਾਂ ਨੂੰ ਵਭਿੰਨ ਪ੍ਰਕਾਰ ਦੀਆਂ ਬਿਮਾਰੀਆਂ ਤੋਂ ਬਚਾਅ ਪ੍ਰਤੀ ਜਾਗਰੂਕ ਵੀ ਕੀਤਾ ਗਿਆ। ਕੈਂਪ ਦੌਰਾਨ 500 ਤੋਂ ਵੱਧ ਲੋਕਾਂ ਨੇ ਮਾਹਿਰ ਡਾਕਟਰਾਂ ਦੀ ਨਿਗਰਾਨੀ ਅਧੀਨ ਵੱਖੋ ਵੱਖਰੀਆਂ ਸਿਹਤ ਸੇਵਾਵਾਂ ਦਾ ਲਾਭ ਲਿਆ, ਜਿਸ 'ਚ ਬਹੁਗਿਣਤੀ ਮਹਿਲਾਵਾਂ, ਬਜ਼ੁਰਗ ਅਤੇ ਬੱਚੇ ਸ਼ਾਮਲ ਸਨ। ਕੈਂਪ ਦਾ ਉਦਘਾਟਨ ਚੰਡੀਗੜ੍ਹ ਨਗਰ ਨਿਗਮ ਦੀ ਮੇਅਰ ਸ਼੍ਰੀਮਤੀ ਸਰਬਜੀਤ ਕੌਰ ਵੱਲੋਂ ਕੀਤਾ ਗਿਆ। ਇਹ ਕੈਂਪ ਫੋਰਟਿਸ ਹਸਪਤਾਲ ਤੋਂ ਨਿਊਰੋਲੌਜੀ ਦੇ ਐਮ.ਪੀ.ਟੀ, ਬੀ.ਪੀ.ਟੀ ਡਾ. ਨੇਹਾ ਮਿੱਤਲ, ਹੱਡੀਆਂ ਦੇ ਰੋਗਾਂ ਦੇ ਮਾਹਿਰ ਅਤੇ ਡਾਇਰੈਕਟਰ ਡਾ. ਰਵੀ ਗੁਪਤਾ ਅਤੇ ਉਨ੍ਹਾਂ ਦੀਆਂ ਟੀਮਾਂ ਦੀ ਨਿਗਰਾਨੀ ਹੇਠ ਲਗਾਇਆ ਗਿਆ।

ਇਸ ਦੌਰਾਨ ਫੋਰਟਿਸ ਹਸਪਤਾਲ ਮੋਹਾਲੀ ਦੇ ਸੇਲਜ਼ ਅਤੇ ਮਾਰਕਟਿੰਗ ਹੈੱਡ ਅਤੇ ਬਿਜ਼ਨਸ ਪਾਰਟਨਰ ਸ਼੍ਰੀ ਯੋਗੇਸ਼ ਜੋਸ਼ੀ, ਚੰਡੀਗੜ੍ਹ ਵਾਰਡ ਨੰਬਰ 24 ਦੇ ਐਮ.ਸੀ ਜਸਵੀਰ ਜੋਸ਼ੀ, ਸੀ.ਐਚ.ਬੀ ਅਤੇ ਰੈਜ਼ੀਡੈਂਸ ਵੈਲਫੇਅਰ ਐਸੋਸੀਏਸ਼ਨ ਸੈਕਟਰ-42 ਦੇ ਪ੍ਰੈਜ਼ੀਡੈਂਟ ਸ਼ਰਧ ਸ਼ਰਮਾ, ਸੀ.ਐਚ.ਬੀ ਅਤੇ ਆਰ.ਡਬਲਿਯੂ.ਏ ਸੈਕਟਰ-42 ਦੇ ਜਨਰਲ ਸਕੱਤਰ ਸ਼ਸ਼ੀ ਕੁਮਾਰ ਸ਼ਰਮਾ, ਸੀ.ਐਚ.ਬੀ ਅਤੇ ਆਰ. ਡਬਲਿਯੂ. ਏ ਸੈਕਟਰ-42 ਦੇ ਐਗਜ਼ੀਕਿਊਟਿਵ ਮੈਂਬਰ ਨੰਦ ਕਿਸ਼ੋਰ, ਆਰ.ਸੀ.ਡਬਲਿਯੂ.ਏ ਸੈਕਟਰ-42 ਦੇ ਪ੍ਰੈਜ਼ੀਡੈਂਟ ਰਾਜ ਕੁਮਾਰ ਸ਼ਰਮਾ, ਮਾਰਕਿਟ ਵੈਲਫ਼ੇਅਰ ਐਸੋਸੀਏਸ਼ਨ ਦੇ ਪ੍ਰਧਾਨ ਨਰੇਸ਼ ਅਰੋੜਾ, ਸਨਾਤਨ ਧਰਮ ਮੰਦਿਰ ਸੈਕਟਰ 42 ਦੇ ਪ੍ਰਧਾਨ ਆਰ.ਡੀ ਗੋਇਲ, ਸਕੱਤਰ ਵਿਨੋਦ ਕੌਸ਼ਲ, ਫੋਰਟਿਸ ਹਸਪਤਾਲ ਦੇ ਦਿਲ ਦੇ ਰੋਗਾਂ ਦੇ ਮਾਹਿਰ ਡਾ. ਅੰਕੁਰ ਅਹੂਜਾ, ਅਤੇ ਔਰਤਾਂ ਦੇ ਰੋਗਾਂ ਦੇ ਮਾਹਿਰ ਡਾ. ਦਿਵਿਆ ਅਵਾਸਥੀ ਅਤੇ ਚੰਡੀਗੜ੍ਹ ਵੈਲਫ਼ੇਅਰ ਟਰੱਸਟ ਦੇ ਸੰਸਥਾਪਕ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਉਚੇਚੇ ਤੌਰ 'ਤੇ ਹਾਜ਼ਰ ਸਨ।



ਭਾਰਤੀਯ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਸ਼੍ਰੀ ਅਸ਼ਵਨੀ ਸ਼ਰਮਾ ਜੀ ਵਲੋਂ ਸੁੱਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ'ਤੇ ਪੰਜਾਬ ਸਰਕਾਰ ਕੋਲੋਂ ਇਸ ਕਤਲ ਕਾਂਡ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਇਸ ਮੌਕੇ ਸੂਬੇ ਦੇ ਜਨਰਲ ਸਕੱਤਰ ਸ਼੍ਰੀ ਰਾਜੇਸ਼ ਬਾਘਾ ਜੀ , ਸ਼੍ਰੀ ਸੁਭਾਸ਼ ਸ਼ਰਮਾ ਜੀ , ਸ਼੍ਰੀ ਦਿਆਲ ਸੋਢੀ ਜੀ , ਸ਼੍ਰੀ ਰਾਣਾ ਸੋਢੀ ਜੀ , ਜ਼ਿਲਾ ਪ੍ਰਧਾਨ ਭਾਜਪਾ ਮੱਖਣ ਜਿੰਦਲ ਅਤੇ ਹੋਰ ਸੀਨੀਅਰ ਭਾਜਪਾ ਆਗੂ ਸ਼ਾਮਲ ਸਨ।

ਕੈਂਪ ਦੌਰਾਨ 500 ਤੋਂ ਵੱਧ ਲੋਕਾਂ ਨੇ ਮੁਫ਼ਤ ਮੈਡੀਕਲ ਜਾਂਚ ਅਤੇ ਮਾਹਿਰ ਡਾਕਟਰਾਂ ਦੀ ਅਗਵਾਈ 'ਚ ਵੱਖ-ਵੱਖ ਬਿਮਾਰੀਆਂ ਤੋਂ ਬਚਾਅ ਸਬੰਧੀ ਜਾਣਕਾਰੀ ਹਾਸਲ ਕੀਤੀ। ਇਹ ਕੈਂਪ ਮੁੱਖ ਤੌਰ 'ਤੇ ਮਹਿਲਾਵਾਂ ਨੂੰ ਸਮਰਪਿਤ ਰਿਹਾ, ਜਿਸ ਦੌਰਾਨ ਬਹੁ ਗਿਣਤੀ ਮਹਿਲਾਵਾਂ ਨੇ ਥਾਇਰਾਇਡ, ਸ਼ੂਗਰ, ਬੀ.ਐਮ.ਡੀ ਅਤੇ ਖ਼ੂਨ ਜਾਂਚ ਸਮੇਤ ਵੱਖ-ਵੱਖ ਇਸਤਰੀ ਰੋਗਾਂ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਲੋਕਾਂ ਨੇ ਦਿਲ ਦੇ ਰੋਗਾਂ ਸਬੰਧੀ, ਡਾਈਟ ਕਾਊਂਸਲਿੰਗ, ਫ਼ਿਜ਼ੀਓਥਰੈਪੀ, ਭਾਰ ਘਟਾਉਣ ਸਬੰਧੀ ਮਾਰਗ ਦਰਸ਼ਨ ਹਾਸਲ ਕੀਤਾ। ਇਸ ਤੋਂ ਇਲਾਵਾ ਬਹੁਗਿਣਤੀ ਲੋਕਾਂ ਨੇ ਅੱਖਾਂ ਦੀ ਮੁਫ਼ਤ ਜਾਂਚ ਕਰਵਾਈ।

ਇਸ ਤੋਂ ਇਲਾਵਾ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਐਮ.ਐਲ.ਟੀ, ਡਾਇਟਿਕਸ ਐਂਡ ਨਿਊਟ੍ਰੀਏਸ਼ਨ, ਨਰਸਿੰਘ, ਓਪਟੋਮੈਟਰੀ ਅਤੇ ਫ਼ਿਜ਼ੀਓਥਰੈਪੀ ਖੇਤਰਾਂ 'ਚ ਪੜ੍ਹਾਈ ਕਰ ਰਹੇ ਚੰਡੀਗੜ੍ਹ ਵੈਲਫ਼ੇਅਰ ਟਰੱਸਟ ਦੇ ਵਲੰਟੀਅਰਾਂ ਨੇ ਆਏ ਮਰੀਜ਼ਾਂ ਦੀ ਪੂਰੀ ਤਨਦੇਹੀ ਨਾਲ ਦੇਖਭਾਲ ਕੀਤੀ।

ਇਸ ਮੌਕੇ ਬੋਲਦਿਆਂ ਨਗਰ ਨਿਗਮ ਦੀ ਮੇਅਰ ਸ਼੍ਰੀਮਤੀ ਸਰਬਜੀਤ ਕੌਰ ਨੇ ਕਿਹਾ ਕਿ ਚੰਡੀਗੜ੍ਹ ਵੈੱਲਫੇਅਰ ਕਲੱਬ ਚੰਡੀਗੜ੍ਹ ਦੀ ਤਰੱਕੀ ਅਤੇ ਇਲਾਕਾ ਨਿਵਾਸੀਆਂ ਦੀ ਭਲਾਈ ਲਈ ਸਹੀ ਅਰਥਾਂ 'ਚ ਸੰਵੇਦਨਸ਼ੀਲ ਹੈ। ਉਨ੍ਹਾਂ ਚੰਡੀਗੜ੍ਹ ਵੈਲਫੇਅਰ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਹਿਲਾਵਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਅਤੇ ਮੁਫ਼ਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਲਗਾਏ ਕੈਂਪ ਦਾ ਯਕੀਨਨ ਬਹੁਗਿਣਤੀ ਮਹਿਲਾਵਾਂ ਨੂੰ ਲਾਭ ਪਹੁੰਚਿਆ ਹੈ।

ਇਸ ਸਬੰਧੀ ਗੱਲਬਾਤ ਕਰਦਿਆਂ ਟਰੱਸਟ ਦੇ ਸੰਸਥਾਪਕ ਸ. ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਨਿਰਸੰਦੇਹ ਚੰਡੀਗੜ੍ਹ ਹਰ ਖੇਤਰਾਂ 'ਚ ਵਿਕਸਤ ਸ਼ਹਿਰ ਵਜੋਂ ਜਾਣਿਆ ਜਾਂਦਾ ਹੈ, ਪਰ ਹਾਲੇ ਵੀ ਇੱਥੇ ਅਜਿਹੇ ਖੇਤਰ ਨੇ ਜਿੱਥੇ ਬਹੁਤ ਸਾਰੇ ਲੋਕ ਮਿਆਰੀਆਂ ਸਿਹਤ ਸਹੂਲਤਾਂ ਤੋਂ ਵਾਂਝੇ ਹਨ। ਉਨ੍ਹਾਂ ਕਿਹਾ ਕਿ ਜਾਗਰੂਕਤਾ ਦੀ ਘਾਟ ਕਾਰਨ ਛੋਟੀ ਬਿਮਾਰੀ ਭਵਿੱਖ 'ਚ ਭਿਆਨਕ ਬਿਮਾਰੀ ਦਾ ਰੂਪ ਧਾਰਨ ਕਰ ਲੈਂਦੀ ਹੈ। ਸਿਹਤ ਸੰਭਾਲ ਪ੍ਰਤੀ ਜਾਗਰੂਕਤਾ ਦੀ ਲੋੜ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਟਰੱਸਟ ਦਾ ਟੀਚਾ ਹੈ ਕਿ ਇਨ੍ਹਾਂ ਖੇਤਰਾਂ ਸਮੇਤ ਸਮੁੱਚੇ ਸ਼ਹਿਰ 'ਚ ਬੱਚਿਆਂ, ਬਜ਼ੁਰਗਾਂ ਅਤੇ ਮਹਿਲਾਵਾਂ ਨੂੰ ਸਿਹਤ ਸੰਭਾਲ ਪ੍ਰਤੀ ਜਾਗਰੂਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਟਰੱਸਟ ਵੱਲੋਂ ਸਰਕਾਰ ਅਤੇ ਪ੍ਰਸ਼ਾਸਨ ਦੇ ਸਹਿਯੋਗ ਨਾਲ ਭਵਿੱਖ 'ਚ ਨਿਯਮਿਤ ਤੌਰ 'ਤੇ ਅਜਿਹੇ ਕੈਂਪਾਂ ਦੀ ਵਿਵਸਥਾ ਕੀਤੀ ਜਾਵੇਗੀ, ਤਾਂ ਜੋ ਸ਼ਹਿਰ ਦੇ ਹਰ ਹਿੱਸੇ ਤੱਕ ਬੁਨਿਆਦੀ ਸਿਹਤ ਸਹੂਲਤਾਂ ਪਹੁੰਚਾਉਣਾ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਾਡਾ ਟੀਚਾ ਹੈ ਕਿ ਨੀਤੀ ਆਯੋਗ ਦੇ ਅਗਲੇ ਹੈਲਥ ਇੰਡੈਕਸ 'ਚ ਸਿਟੀ ਬਿਊਟੀਫੁੱਲ ਨੂੰ ਮੋਹਰੀ ਸਥਾਨ 'ਤੇ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਔਰਤਾਂ ਅਕਸਰ ਦੂਜਿਆਂ ਦਾ ਖਿਆਲ ਰੱਖਣ ਵਿੱਚ ਇੰਨੀਆਂ ਰੁੱਝ ਜਾਂਦੀਆਂ ਹਨ ਕਿ ਸਮੇਂ ਦੀ ਘਾਟ ਅਤੇ ਅਣਜਾਣਤਾ ਕਾਰਨ ਉਹ ਆਪਣਾ ਖਿਆਲ ਰੱਖਣ ਵਿੱਚ ਅਸਮਰਥ ਹੋ ਜਾਂਦੀਆਂ ਹਨ। ਅਜਿਹੇ 'ਚ ਇਸ ਕੈਂਪ ਰਾਹੀਂ ਔਰਤਾਂ ਦੇ ਥਾਇਰਾਈਡ, ਸ਼ੂਗਰ ਦੀ ਜਾਂਚ ਕੀਤੀ ਗਈ, ਜਿਸ ਦਾ ਸਥਾਨਕ ਔਰਤਾਂ ਨੂੰ ਵੱਡੇ ਪੱਧਰ 'ਤੇ ਲਾਭ ਮਿਲਿਆ ਹੈ।

ਇਸ ਬਾਰੇ ਗੱਲਬਾਤ ਕਰਦਿਆਂ ਡਾ. ਨੇਹਾ ਮਿੱਤਲ ਨੇ ਕਿਹਾ ਕਿ ਭਾਰਤ 'ਚ ਮਹਿਲਾਵਾਂ ਖਾਸ ਤੌਰ 'ਤੇ ਘਰੇਲੂ ਔਰਤਾਂ ਵੱਖ-ਵੱਖ ਸਰੀਰਕ ਬਿਮਾਰੀਆਂ ਬਾਰੇ ਜਾਗਰੂਕ ਜਾਂ ਸੰਵੇਦਨਸੀਲ ਨਹੀਂ, ਜਿਸ ਨਾਲ ਉਹ ਪੀੜ੍ਹਤ ਹਨ। ਉਨ੍ਹਾਂ ਕਿਹਾ ਕਿ ਕੈਂਪ ਦੇ ਮਾਧਿਅਮ ਨਾਲ ਉਨ੍ਹਾਂ ਸਰੀਰਕ ਵਕਾਰਾਂ ਜਾਂ ਬਿਮਾਰੀਆਂ ਪ੍ਰਤੀ ਪ੍ਰਚਾਰ ਅਤੇ ਪ੍ਰਸਾਰ 'ਤੇ ਧਿਆਨ ਕੇਂਦਰਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡਾ. ਰਵੀ ਗੁਪਤਾ ਨੇ ਕਿਹਾ ਕਿ ਖਾਸ ਤੌਰ 'ਤੇ ਔਰਤਾਂ ਨੂੰ ਮੱਧ ਉਮਰ 'ਚ ਕਈ ਸਰੀਰਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਨੂੰ ਧਿਆਨ 'ਚ ਰੱਖਦਿਆਂ ਅੱਜ ਦਾ ਇਹ ਕੈਂਪ ਔਰਤਾਂ ਨੂੰ ਵੱਖ-ਵੱਖ ਇਸਤਰੀ ਰੋਗਾਂ ਪ੍ਰਤੀ ਜਾਗਰੂਕ ਕਰਨ ਲਈ ਵੀ ਸਮਰਪਿਤ ਰਿਹਾ ਹੈ।

# ਸਿੱਧੂ ਮੂਸੇਵਾਲਾ ਦੇ ਕਤਲ 'ਤੇ ਪੰਜਾਬ 'ਚ ਸਿਆਸਤ ਭਖੀ

## ਪੰਜਾਬ 'ਚ ਹੱਤਿਆਵਾਂ ਦੀ ਸੁਪਾਰੀ ਲੈਣ ਲੱਗੇ ਵਿਦੇਸ਼ 'ਚ ਬੈਠੇ ਗੈਂਗਸਟਰ

**ਜਲੰਧਰ (ਜੇ. ਸਿੰਘ 'ਭਡਿਆਰ')–** ਗਾਇਕ, ਅਦਾਕਾਰ ਤੇ ਸਿਆਸਤਦਾਨ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੀ ਹੱਤਿਆ ਤੋਂ ਬਾਅਦ ਪੰਜਾਬ 'ਚ ਸਿਆਸਤ ਭੱਖਣ ਲੱਗ ਪਈ ਹੈ। ਸਿਆਸਤਦਾਨ 'ਆਪ' ਸਰਕਾਰ ਨੂੰ ਦੋਸ਼ੀ ਠਹਿਰਾ ਰਹੇ ਹਨ। ਇਸ ਦਾ ਇਕ ਕਾਰਨ ਬਹੁਤ ਸਾਰੇ ਵਿਅਕਤੀਆਂ ਦੀ ਸਰਕਾਰੀ ਸੁਰੱਖਿਆ ਛਤਰੀ ਵਾਪਸ ਲੈਣ ਦੇ ਨਾਲ-ਨਾਲ ਸਰਕਾਰ ਨੇ ਆਪ ਇਸ ਖ਼ਬਰ ਨੂੰ ਮੀਡੀਏ ਵਿਚ ਨਸ਼ਰ ਕਰ ਦਿੱਤਾ ਸੀ ਅਤੇ ਆਪ ਹੀ ਉਨ੍ਹਾਂ ਨਾਵਾਂ ਦਾ ਵੀ ਖੁਲਾਸਾ ਕਰ ਦਿੱਤਾ ਸੀ, ਜਿਨ੍ਹਾਂ ਨਾਲੋਂ ਸੁਰੱਖਿਆ ਕਰਮੀ ਹਟਾਏ ਗਏ ਸਨ। ਸਿੱਧੂ ਮੂਸੇਵਾਲਾ ਨੂੰ ਵੀ 4 ਪੁਲਿਸ ਸੁਰੱਖਿਆ ਕਰਮੀ ਦਿੱਤੇ ਗਏ ਸਨ, ਜਿਨ੍ਹਾਂ ਵਿਚੋਂ ਦੋ ਨੂੰ ਵਾਪਸ ਬੁਲਾਇਆ ਗਿਆ ਸੀ ਪਰ ਵਾਰਦਾਤ ਸਮੇਂ ਉਸ ਨੇ ਆਪਣੇ ਨਾਲ ਬਾਕੀ ਦੋ ਪੁਲਿਸ ਗਾਰਡਾਂ ਨੂੰ ਵੀ ਨਹੀਂ ਸੀ ਰੱਖਿਆ ਹੋਇਆ। ਇਸ ਮੌਕੇ ਦਾ ਲਾਭ ਉਠਾਉਂਦੇ ਹੋਏ ਉਸ ਦੇ ਦੁਸ਼ਮਣਾਂ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਇਹ ਕਤਲ ਪੰਜਾਬ ਦੀ ਲਗਾਤਾਰ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਉਪਰ ਪ੍ਰਸ਼ਨ ਚਿੰਨ ਹੈ।

### ਜੱਦੀ ਪਿੰਡ ਹੋਇਆ ਸੰਸਕਾਰ

ਸਿੱਧੂ ਮੂਸੇਵਾਲਾ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਮੂਸਾ ਵਿਖੇ ਉਨ੍ਹਾਂ ਦੇ ਖੇਤ ਵਿਚ ਕੀਤਾ ਗਿਆ। ਸਿੱਧੂ ਮੂਸੇਵਾਲਾ ਦੀ ਆਖਰੀ ਰਾਈਡ 5911 ਟਰੈਕਟਰ 'ਤੇ ਹੋਈ। ਇਹ ਉਨ੍ਹਾਂ ਦਾ ਪਸੰਦੀਦਾ ਟਰੈਕਟਰ ਸੀ। ਉਨ੍ਹਾਂ ਦੇ ਅੰਤਿਮ ਦਰਸ਼ਨਾਂ ਲਈ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿਚ ਉਨ੍ਹਾਂ ਦੇ ਸਮਰਥਕ ਅਤੇ ਪ੍ਰਸ਼ੰਸਕ ਪਹੁੰਚੇ ਸਨ। ਉਥੇ ਦਾ ਮਾਹੌਲ ਕਾਫੀ ਗਮਗੀਨ ਸੀ। ਦੱਸ ਦੇਈਏ ਕਿ ਪੰਜਾਬ ਪੁਲਿਸ ਨੇ ਦਿੱਲੀ ਅਤੇ ਉੱਤਰਾਖੰਡ ਪੁਲਿਸ ਨਾਲ ਮਿਲ ਕੇ ਇਕ ਅਪਰੇਸ਼ਨ ਤਹਿਤ ਵੱਡੀ ਲੀਡ ਹਾਸਿਲ ਕੀਤੀ ਹੈ। ਪੁਲਿਸ ਨੇ ਦੇਹਰਾਦੂਨ ਤੋਂ ਪੰਜ ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ।

### ਕਿਵੇਂ ਵਾਪਰਿਆ ਹਾਦਸਾ

ਸਿੱਧੂ ਮੂਸੇਵਾਲਾ ਦੇ ਨਾਲ ਉਸ ਦੀ ਥਾਰ ਗੱਡੀ 'ਚ ਸਵਾਰ ਦੋ ਕਰੀਬੀ ਦੋਸਤਾਂ ਨੇ ਖੁਲਾਸਾ ਕੀਤਾ ਕਿ ਸਿੱਧੂ ਮੌਤ ਸਾਹਮਣੇ ਦੇਖ ਕੇ ਜ਼ਰਾ ਵੀ ਨਹੀਂ ਡਰਿਆ ਬਲਕਿ ਹਮਲਾਵਰਾਂ ਦਾ ਡਟ ਕੇ ਮੁਕਾਬਲਾ ਕੀਤਾ। ਉਨ੍ਹਾਂ ਦੱਸਿਆ ਕਿ ਸਿੱਧੂ ਮੂਸੇਵਾਲਾ ਨੇ ਹਮਲਾਵਰਾਂ ਨੂੰ ਸਾਹਮਣੇ ਦੇਖ ਕੇ ਡਰਨ ਦੀ ਥਾਂ ਆਪਣੇ ਲਾਇਸੈਂਸੀ ਹਥਿਆਰ 'ਚੋਂ ਗੋਲੀਆਂ ਚਲਾਈਆਂ ਸਨ ਪਰ ਹਮਲਾਵਰ ਗਿਣਤੀ 'ਚ ਜ਼ਿਆਦਾ ਸਨ ਤੇ ਉਨ੍ਹਾਂ ਕੋਲ ਆਧੁਨਿਕ ਹਥਿਆਰ ਸਨ। ਹਮਲਾਵਰਾਂ ਨੇ ਸਿੱਧੂ ਮੂਸੇਵਾਲਾ ਦੀ ਗੱਡੀ ਨੂੰ ਚਾਰੇ ਪਾਸਿਓਂ ਘੇਰ ਕੇ ਅੰਨ੍ਹੇਵਾਹ ਗੋਲੀਆਂ ਚਲਾਈਆਂ। ਹਮਲੇ ਮੌਕੇ ਮੂਸੇਵਾਲਾ ਦਾ ਕਰੀਬੀ ਦੋਸਤ ਗੁਰਪ੍ਰੀਤ ਸਿੰਘ ਉਸ ਨਾਲ ਅੱਗੇ ਵਾਲੀ ਸੀਟ ਉਤੇ ਜਦੋਂਕਿ ਗੁਰਵਿੰਦਰ ਸਿੰਘ ਪਿੱਛੇ ਬੈਠਾ ਸੀ। ਗੱਡੀ 'ਚ 5 ਲੋਕਾਂ ਦੇ ਬੈਠਣ ਲਈ ਥਾਂ ਨਹੀਂ ਸੀ, ਜਿਸ ਕਰਕੇ ਸੁਰੱਖਿਆ ਮੁਲਾਜ਼ਮਾਂ ਨੂੰ ਨਾਲ ਨਹੀਂ ਬਿਠਾਇਆ। ਗੁਰਵਿੰਦਰ ਸਿੰਘ ਅਨੁਸਾਰ ਜਿਵੇਂ ਹੀ ਉਹ ਪਿੰਡ ਤੋਂ ਕੁਝ ਦੂਰ ਪੁੱਜੇ ਤਾਂ ਸਭ ਤੋਂ ਪਹਿਲਾਂ ਉਨ੍ਹਾਂ 'ਤੇ ਪਿੱਛੋਂ ਇੱਕ ਫਾਇਰ ਹੋਇਆ ਸੀ। ਇੱਕ ਗੱਡੀ ਉਨ੍ਹਾਂ ਦੇ ਅੱਗੇ ਆ ਕੇ ਰੁਕ ਗਈ ਸੀ। ਪਿੱਛੇ ਵਾਲਾ ਫਾਇਰ ਉਸ ਦੀ ਬਾਂਹ 'ਤੇ ਲੱਗਿਆ ਤੇ ਉਹ ਥੱਲੇ ਝੁਕ ਗਿਆ। ਇਕ ਨੌਜਵਾਨ ਅੰਨ੍ਹੇਵਾਹ ਗੋਲੀਆਂ ਚਲਾਉਂਦਾ ਗੱਡੀ ਦੇ ਸਾਹਮਣੇ ਆਇਆ ਤੇ ਉਸ ਨੇ ਕਈ ਫਾਇਰ ਕੀਤੇ।



ਗੁਰਵਿੰਦਰ ਸਿੰਘ ਅਨੁਸਾਰ ਮੂਸੇਵਾਲਾ ਨੇ ਵੀ ਆਪਣੇ ਪਿਸਤੌਲ ਤੋਂ ਜਵਾਬੀ ਫਾਇਰ ਕੀਤੇ ਪਰ ਸਾਹਮਣੇ ਵਾਲੇ ਹਮਲਾਵਰ ਕੋਲ ਆਟੋਮੈਟਿਕ ਗੰਨ ਹੋਣ ਕਾਰਨ ਉਹ ਲਗਾਤਾਰ ਫਾਇਰਿੰਗ ਕਰਦਾ ਜਾ ਰਿਹਾ ਸੀ। ਜਿਵੇਂ ਹੀ ਸਿੱਧੂ ਮੂਸੇਵਾਲਾ ਨੇ 2 ਫਾਇਰ ਕੀਤੇ ਤਾ ਉਨ੍ਹਾਂ 'ਤੇ ਤਿੰਨ ਪਾਸਿਓਂ ਫਾਇਰਿੰਗ ਹੋਣ ਲੱਗੀ। ਸਿੱਧੂ ਮੂਸੇਵਾਲਾ ਨੇ ਇੱਕ ਵਾਰ ਗੱਡੀ ਭਜਾਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਉਨ੍ਹਾਂ ਨੂੰ ਦੋਵੇਂ ਪਾਸਿਓਂ ਘੇਰ ਲਿਆ ਗਿਆ ਸੀ।

### ਸਿੱਧੂ ਮੂਸੇਵਾਲਾ ਦੀ ਹੱਤਿਆ ਦੀ ਜ਼ਿੰਮੇਵਾਰੀ ਲੈਣ ਵਾਲਾ ਗੈਂਗਸਟਰ ਗੋਲਡੀ ਟ੍ਰਾਈਸਿਟੀ 'ਚ ਲੈਂਦਾ ਸੀ ਵਸੂਲੀ

ਪੰਜਾਬੀ ਗਾਇਕ ਤੇ ਕਾਂਗਰਸੀ ਆਗੂ ਸਿੱਧੂ ਮੂਸੇਵਾਲਾ ਦੀ ਗੋਲੀ ਮਾਰ ਕੇ ਹੱਤਿਆ ਕਰਨ ਦੀ ਜ਼ਿੰਮੇਵਾਰੀ ਲੈਣ ਵਾਲੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਕਰੀਬੀ ਗੈਂਗਸਟਰ ਗੋਲਡੀ ਬਰਾੜ ਦਾ ਟ੍ਰਾਈਸਿਟੀ 'ਚ ਰੰਗਦਾਰੀ ਵਸੂਲੀ ਦਾ ਜਾਲ ਹੈ। ਲਾਰੈਂਸ ਦੇ ਇਸ਼ਾਰੇ 'ਤੇ ਚੰਡੀਗੜ੍ਹ-ਮੁਹਾਲੀ ਦੇ ਟਰਾਂਸਪੋਰਟਰ, ਕਲੱਬ, ਡਿਸਕੋਥੈਕ, ਹੋਟਲ ਸੰਚਾਲਕ ਨੂੰ ਕੈਨੇਡਾ 'ਚ ਬੈਠ ਕੇ ਗੈਂਗਸਟਰ ਗੋਲਡੀ ਕਾਲ ਕਰ ਕੇ ਰੰਗਦਾਰੀ ਦੀ ਰਕਮ ਨਿਰਧਾਰਤ ਕਰਦਾ ਹੈ। ਇਸ ਨੂੰ ਸਿਰੇ ਤਕ ਪਹੁੰਚਾਉਣ ਲਈ ਗੈਂਗਸਟਰ ਸੰਪਤ ਨੇਹਰਾ ਵੀ ਦੂਜੀ ਮਜ਼ਬੂਤ ਕੜੀ ਹੈ। ਕਾਲ ਤੋਂ ਬਾਅਦ ਸਰਗਰਮ ਗੁਰਗੇ ਰੰਗਦਾਰੀ ਦੀ ਰਕਮ ਬੈਂਕ ਅਕਾਊਂਟ, ਨਕਦੀ ਦੇ ਰੂਪ 'ਚ ਫੜ ਲੈਂਦੇ ਹਨ। ਚੰਡੀਗੜ੍ਹ ਸੈਕਟਰ-33 ਨਿਵਾਸੀ ਟਰਾਂਸਪੋਰਟਰ ਅੰਗਰੇਜ਼ ਸਿੰਘ ਵਿਰਕ ਤੋਂ ਇਕ ਕਰੋੜ ਦੀ ਰੰਗਦਾਰੀ ਮੰਗਣ ਤੇ 25 ਲੱਖ ਰੁਪਏ ਤੈਅ ਕਰ ਕੇ ਸੱਤ ਲੱਖ ਰੁਪਏ ਫੜਨ ਵਾਲਾ ਗੋਲਡੀ ਦਾ ਗੁਰਗਾ ਮਨਜੀਤ ਸਿੰਘ ਉਰਫ਼ ਸੋਨੂੰ ਪੁਲਿਸ ਹੱਥੇ ਚੜ੍ਹਿਆ ਸੀ। ਮੁਲਜ਼ਮ ਤੋਂ ਤਿੰਨ ਲੱਖ ਰੁਪਏ, ਇਕ ਪਿਸਤੌਲ, ਚਾਰ ਕਾਰਤੂਸ, 11 ਸਿਮ ਤੇ ਦੋ ਮੋਬਾਈਲ ਬਰਾਮਦ ਹੋਏ ਸਨ। ਪੁਲਿਸ ਨੇ ਪੁੱਛਗਿੱਛ 'ਚ ਦਾਅਵਾ ਕੀਤਾ ਕਿ ਮਨਜੀਤ ਆੜ੍ਹਤੀਆਂ, ਟਰਾਂਸਪੋਰਟਰਾਂ ਤੇ ਵਪਾਰੀਆਂ ਦੇ ਨੰਬਰ ਸੰਪਤ ਨੇਹਰਾ ਨੂੰ ਦਿੰਦਾ ਸੀ। ਸੰਪਤ ਇਨ੍ਹਾਂ ਨੰਬਰਾਂ ਨੂੰ ਗੈਂਗਸਟਰ ਗੋਲਡੀ ਬਰਾੜ ਨੂੰ ਦੇ ਕੇ ਰੰਗਦਾਰੀ ਮੰਗਵਾਉਂਦਾ ਸੀ।

### ਅਗਲੇ ਮਹੀਨੇ ਸੀ ਸਿੱਧੂ ਮੂਸੇ ਵਾਲਾ ਦਾ ਵਿਆਹ

ਅਗਲੇ ਜੂਨ ਮਹੀਨੇ ਸਿੱਧੂ ਮੂਸੇਵਾਲਾ ਦਾ ਜਨਮ ਦਿਨ ਸੀ ਤੇ ਇਸੇ ਮਹੀਨੇ ਵਿਆਹ ਰੱਖਿਆ ਹੋਇਆ ਸੀ ਜਿਸ ਕਾਰਨ ਪਰਿਵਾਰ ਨੇ ਹੁਣੇ-ਹੁਣੇ ਸਿੱਧੂ ਮੂਸੇਵਾਲਾ ਵੱਲੋਂ ਬਣਾਈ ਗਈ ਨਵੀਂ ਹਵੇਲੀ ਵਿਚ ਸ਼ਿਫ਼ਟ ਕੀਤਾ ਸੀ। ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

### ਵਿਰੋਧੀ ਉਠਾ ਰਹੇ ਨੇ 'ਆਪ' 'ਤੇ ਸਵਾਲ

ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਨੂੰ ਲੈ ਕੇ ਪੰਜਾਬ ਦੀ ਸਿਆਸਤ ਭਖੀ ਹੋਈ ਹੈ। ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਿੱਧੂ ਮੂਸੇਵਾਲਾ ਦੇ ਕਤਲ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਤੇ 'ਆਪ' ਸਰਕਾਰ ਨੂੰ ਘੇਰਿਆ ਹੈ। ਉਨ੍ਹਾਂ ਮੂਸੇਵਾਲਾ ਦੀ ਸੁਰੱਖਿਆ ਵਾਪਸ ਲੈਣ 'ਤੇ ਵੀ ਸਰਕਾਰ ਤੇ ਸਵਾਲ ਚੁੱਕੇ ਹਨ।

ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਜਦੋਂ ਵੱਖ-ਵੱਖ ਏਜੰਸੀਆਂ ਵੱਲੋਂ ਕਿਹਾ ਗਿਆ ਕਿ ਸਿੱਧੂ ਮੂਸੇਵਾਲਾ 'ਤੇ ਕਿਸੇ ਵੇਲੇ ਵੀ ਜਾਨਲੇਵਾ ਹਮਲਾ ਹੋ ਸਕਦਾ ਹੈ ਤਾਂ ਇਸ ਦੀ ਸੁਰੱਖਿਆ ਕਿਉਂ ਵਾਪਸ ਲਈ ਗਈ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਸੋਚੀ ਸਮਝੀ ਸਾਜ਼ਿਸ਼ ਅਧੀਨ ਹੋਇਆ ਹੈ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਫਿਲਮ ਤੇ ਸੰਗੀਤ ਜਗਤ ਨਾਲ ਜੁੜੇ ਹੋਣ ਕਰਕੇ ਸਿੱਧੂ ਮੂਸੇਵਾਲਾ ਦੇ ਕਤਲ ਨੂੰ ਲੈ ਕੇ ਪਰਿਵਾਰ ਨਾਲ ਹਮਦਰਦੀ ਤੇ ਇਨਸਾਫ਼ ਦੇਣ ਦਾ ਯਕੀਨ ਦਿਵਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੂੰ ਉਸ ਦੇ ਪਿੰਡ ਆਉਣਾ ਚਾਹੀਦਾ ਸੀ, ਪਰ ਉਨ੍ਹਾਂ ਨੂੰ ਇਸ ਦਾ ਕੋਈ ਫ਼ਿਕਰ ਨਹੀਂ।

ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਦਾ ਕਤਲ ਪੰਜਾਬ ਦੇ ਨਾਮ 'ਤੇ ਕਲੰਕ ਹੈ। ਉਸ ਦੀ ਸੁਰੱਖਿਆ ਕਿਉਂ ਵਾਪਸ ਲਈ ਗਈ। ਇਸ ਦੀ ਇਕ ਕਮੇਟੀ ਬਣਾ ਕੇ ਸੀਬੀਆਈ ਤੇ ਐੱਨਆਈਏ ਦਾ ਸਹਿਯੋਗ ਲੈ ਕੇ ਜਾਂਚ ਕਰਵਾਈ ਜਾਵੇ।

### ਸੁਰੱਖਿਆ ਵਾਪਸ ਤੋਂ ਡਰੇ ਲੀਡਰ

ਦੋ ਦਿਨ ਪਹਿਲਾਂ ਮਾਨ ਸਰਕਾਰ ਨੇ ਪੰਜਾਬ ਦੇ ਵੀ-ਆਈਪੀ ਲੋਕਾਂ ਦੀ ਸੁਰੱਖਿਆ ਵਾਪਸ ਲੈਣ ਦਾ ਐਲਾਨ ਕਰਦਿਆਂ ਵੱਖ-ਵੱਖ ਲੋਕਾਂ ਦੀ ਸੁਰੱਖਿਆ 'ਤੇ ਲੱਗੇ 423 ਗਾਰਡਾਂ ਨੂੰ ਵਾਪਸ ਲੈ ਲਿਆ ਹੈ। ਇਸ ਵਿੱਚ ਜਲੰਧਰ ਦੇ ਕਈ ਵੀ।ਆਈ।ਪੀਜ਼ ਵੀ ਸ਼ਾਮਲ ਸਨ। ਮਾਨਸਾ 'ਚ ਸਿੱਧੂ ਮੂਸੇਵਾਲਾ ਦੀ ਉਨ੍ਹਾਂ ਦੇ ਘਰ ਤੋਂ 5 ਕਿਲੋਮੀਟਰ ਦੂਰ ਗੋਲੀ ਮਾਰ ਕੇ ਹੱਤਿਆ ਕੀਤੇ ਜਾਣ ਤੋਂ ਬਾਅਦ ਪੂਰੇ ਪੰਜਾਬ 'ਚ ਹੜਕੰਪ ਮਚ ਗਿਆ ਹੈ। ਇਸ ਦੇ ਨਾਲ ਹੀ ਵੀਆਈਪੀ ਲੋਕ ਵੀ ਸਦਮੇ ਵਿੱਚ ਆ ਗਏ ਹਨ। ਜਿੱਥੇ ਜਲੰਧਰ 'ਚ ਗੋਲੀ ਚਲਾਉਣ ਦੀ ਸਿੱਧੂ ਦੀ ਨਿਖੇਧੀ ਕੀਤੀ ਗਈ, ਉੱਥੇ ਹੀ ਪੁਲਿਸ ਤੋਂ ਸੁਰੱਖਿਆ ਵੀ ਮੰਗੀ ਗਈ।

### ਜਿਸ ਨੂੰ ਆਪਣਾ ਗੁਰੂ ਮੰਨਦਾ ਸੀ ਮੂਸੇਵਾਲਾ ਉਸ ਦਾ ਵੀ ਹੋਇਆ ਸੀ ਦਰਦਨਾਕ ਅੰਤ

ਪੰਜਾਬ ਦੇ ਮੰਨੇ-ਪ੍ਰਮੰਨੇ ਗਾਇਕ ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਕਈ ਅਜਿਹੇ ਇੱਤੇਫਾਕ ਹਨ ਜਿਨ੍ਹਾਂ 'ਤੇ ਯਕੀਨ ਕਰ ਸਕਣਾ ਮੁਸ਼ਕਲ ਹੈ। ਮਸਲਨ ਸਿੱਧੂ ਦੇ ਦੋ ਗਾਣਿਆਂ '295' ਲੱਗੇਗੀ ਤੇ 'ਲਾਸਟ ਰਾਈਡ' 'ਚ ਉਸ ਦੀ ਮੌਤ ਦੇ ਸੰਕੇਤ ਲੁਕੇ ਸਨ। ਏਨਾ ਹੀ ਨਹੀਂ ਸਿੱਧੂ ਨੇ ਜਿਸ ਸ਼ਖ਼ਸ ਨੂੰ ਆਪਣਾ ਗੁਰੂ ਮੰਨਿਆ ਸੀ, ਉਸ ਦੀ ਹੱਤਿਆ ਵੀ ਕੁਝ ਇਸੇ ਤਰੀਕੇ ਨਾਲ ਹੋਈ ਸੀ।

ਸਿੱਧੂ ਮੂਸੇਵਾਲਾ ਸਕੂਲ ਤੋਂ ਹੀ ਇੰਗਲਿਸ਼ ਰੈਪ ਤੇ ਹਿਪਹਾਪ ਮਿਊਜ਼ਿਕ ਪਸੰਦ ਕਰਦਾ ਸੀ। ਹੌਲੀ-ਹੌਲੀ ਉਹ ਅਮਰੀਕੀ ਰੈਪਰ ਟੂਪੈਕ ਸ਼ਕੂਰ ਦਾ ਫੈਨ ਹੋ ਗਿਆ ਤੇ ਉਸੇ ਨੂੰ ਆਪਣਾ ਗੁਰੂ ਮੰਨਣ ਲੱਗਾ। ਸਿੱਧੂ ਨੂੰ ਟੂਪੈਕ ਦੇ ਗਾਣੇ ਚੰਗੇ ਲੱਗਦੇ ਸੀ ਤੇ ਹੌਲੀ-ਹੌਲੀ ਉਹ ਉਸੇ ਦਾ ਸਟਾਈਲ ਵੀ ਕਾਪੀ ਕਰ ਕੇ ਪੰਜਾਬੀ ਗਾਣੇ ਗਾਉਣ ਲੱਗਾ। ਸਿੱਧੂ ਨੇ ਬੇਸ਼ਕ ਟੂਪੈਕ ਦਾ ਸਿੰਗਿੰਗ ਸਟਾਈਲ ਅਪਣਾਇਆ ਪਰ ਇਸ ਨੂੰ ਇੱਤਫਾਕ ਹੀ ਕਹਾਂਗੇ ਕਿ ਸਿੱਧੂ ਦੀ ਮੌਤ ਵੀ ਉਸ ਦੇ ਗੁਰੂ ਟੂਪੈਕ ਵਾਂਗ ਹੀ ਹੋਈ। 7 ਸਤੰਬਰ 1996 ਨੂੰ ਲਾਸ ਏਂਜਲਸ 'ਚ ਕਿਸੇ ਅਣਜਾਣ ਹਮਲਾਵਰ ਨੇ ਕਾਰ 'ਚ ਬੈਠੇ ਟੂਪੈਕ ਨੂੰ ਗੋਲੀ ਮਾਰ ਦਿੱਤੀ। ਉਸ ਵੇਲੇ ਟੂਪੈਕ ਦੀ ਉਮਰ ਮਹਿਜ਼ 25 ਸਾਲ ਸੀ। ਇਸ ਵਾਕਿਆ ਦੇ ਕਰੀਬ 26 ਸਾਲ ਬਾਅਦ ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਜਵਾਹਰਕੇ ਪਿੰਡ 'ਚ ਵੀ ਕੁਝ ਅਜਿਹੀ ਹੀ ਘਟਨਾ ਘਟੀ, ਜਿੱਥੇ ਅਣਪਛਾਤੇ ਹਮਲਾਵਰਾਂ ਨੇ ਸਿੱਧੂ 'ਤੇ ਲਗਾਤਾਰ ਫਾਇਰ ਕਰ ਕੇ ਉਸ ਦੀ ਹੱਤਿਆ ਕਰ ਦਿੱਤੀ।

# ਭਗਵੰਤ ਮਾਨ ਦੀ ਸਰਕਾਰ 'ਚ ਕਤਲਾਂ ਤੇ ਅਪਰਾਧਾਂ ਦਾ ਵਧਿਆ ਗ੍ਰਾਫ, ਪੰਜਾਬ 'ਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ-ਢੇਰੀ: ਸ਼ਰਮਾ

## ਅਸ਼ਵਨੀ ਸ਼ਰਮਾ ਨੇ ਰਾਜਪਾਲ ਨਾਲ ਮੁਲਾਕਾਤ ਕਰਕੇ ਸਿੱਧੂ ਮੂਸੇਵਾਲਾ ਕਤਲ ਕੇਸ ਦੀ NIA ਤੋਂ ਜਾਂਚ ਕਰਵਾਉਣ ਦੀ ਕੀਤੀ ਮੰਗ

**ਚੰਡੀਗੜ੍ਹ–** ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਪ੍ਰਧਾਨਗੀ ਹੇਠ ਭਾਜਪਾ ਦੇ ਵਫਦ ਨੇ ਸਿੱਧੂ ਮੂਸੇਵਾਲਾ ਕਤਲ ਕਾਂਡ ਅਤੇ ਪੰਜਾਬ ਦੀ ਵਿਗੜ ਚੁੱਕੀ ਅਮਨ-ਕਾਨੂੰਨ ਦੀ ਸਥਿਤੀ ਨੂੰ ਲੈ ਕੇ ਪੰਜਾਬ ਦੇ ਮਾਨਯੋਗ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕਰਕੇ ਪੰਜਾਬ ਦੀ ਮੌਜੂਦਾ ਵਿਸਫੋਟਕ ਸਥਿਤੀਆਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ। ਸ਼ਰਮਾ ਨੇ ਕਿਹਾ ਕੀ ਪੰਜਾਬ ਦੀ ਭਗਵੰਤ ਮਾਨ ਸਰਕਾਰ ਸੂਬੇ ਵਿੱਚ ਅਮਨ-ਕਾਨੂੰਨ ਬਣਾਈ ਰੱਖਣ ਵਿੱਚ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਪੰਜਾਬ ਵਿੱਚ ਅੱਜ ਕੋਈ ਵੀ ਸੁਰੱਖਿਅਤ ਨਹੀਂ ਹੈ, ਹਰ ਪਾਸੇ ਦਹਿਸ਼ਤ ਅਤੇ ਡਰ ਦਾ ਮਹੌਲ ਹੈ। ਸ਼ਰਮਾ ਨੇ ਕਿਹਾ ਕਿ ਪੰਜਾਬ ਸਰਹੱਦੀ ਸੂਬਾ ਹੋਣ ਦੇ ਨਾਤੇ ਬਹੁਤ ਹੀ ਸੰਵੇਦ-ਨਸ਼ੀਲ ਸੂਬਾ ਹੈ ਅਤੇ ਪੰਜਾਬ ਦੇ ਲੋਕਾਂ ਨੇ ਲੰਬੇ ਅਤੇ ਭਿਆਨਕ ਕਾਲੇ ਦੌਰ ਦਾ ਸੰਤਾਪ ਭੋਗਿਆ ਹੈ। ਸਰਹੱਦ ਪਾਰ ਤੋਂ ਪੰਜਾਬ ਵਿੱਚ ਅਸ਼ਾਂਤੀ ਅਤੇ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ।

ਅਸ਼ਵਨੀ ਸ਼ਰਮਾ ਨੇ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਕਤਲ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਕੇਜਰੀਵਾਲ ਅਤੇ ਰਾਘਵ ਚੱਢਾ ਦੀ ਕਠਪੁਤਲੀ ਬਣ ਕੇ ਪੰਜਾਬ ਦੀ ਸੱਤਾ 'ਤੇ ਕਾਬਜ਼ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ 'ਚ ਅੱਤਵਾਦੀਆਂ ਅਤੇ ਗੈਂਗਸਟਰਾਂ ਦੇ ਨਿਸ਼ਾਨੇ ਵਾਲੇ ਲੋਕਾਂ ਦੀ ਸੁਰੱਖਿਆ ਹਟਾ ਕੇ ਅੱਤਵਾਦੀਆਂ, ਗੈਂਗਸਟਰਾਂ ਅਤੇ ਅਪਰਾਧੀਆਂ ਨੂੰ ਆਪਣੇ ਕਤਲ ਅਤੇ ਹੋਰ ਅਪਰਾਧਾਂ ਨੂੰ ਅੰਜਾਮ ਦੇਣ ਦਾ ਖੁੱਲ੍ਹਾ ਸੱਦਾ ਦਿੱਤਾ ਹੈ। ਭਗਵੰਤ ਮਾਨ ਦੇ ਇਸ ਫੈਸਲੇ ਨੇ ਜਿੱਥੇ ਪੰਜਾਬ ਨੂੰ ਸ਼ਰਮਸਾਰ ਕੀਤਾ ਹੈ, ਉੱਥੇ ਹੀ ਪੰਜਾਬ ਵਿੱਚ ਦਹਿਸ਼ਤ ਅਤੇ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਪੰਜਾਬ ਵਿੱਚ ਪਿਛਲੇ ਦੋ ਮਹੀਨਿਆਂ ਵਿੱਚ ਪੰਜਾਬ ਸਰਕਾਰ ਅਤੇ ਪੁਲਿਸ-ਪ੍ਰਸ਼ਾਸ਼ਨ ਦੀ ਨੱਕ ਹੇਠ 50 ਦੇ ਕਰੀਬ ਕਤਲ, ਸੈਂਕੜੇ ਲੁੱਟਾਂ-ਖੋਹਾਂ, ਡਕੈਤੀਆਂ ਆਦਿ ਵਾਪਰ ਚੁੱਕੇ ਹਨ। ਪਰ ਮੁੱਖ ਮੰਤਰੀ ਭਗਵੰਤ ਮਾਨ ਅਤੇ ਡੀਜੀਪੀ ਪੰਜਾਬ ਇਹ ਕਹਿ ਕੇ




ਆਪਣਾ ਪੱਲਾ ਝਾੜ ਲੈਂਦੇ ਹਨ ਕਿ ਇਨ੍ਹਾਂ ਮਾਮਲਿਆਂ ਵਿੱਚ ਕਿਸੇ ਨੂੰ ਬਖਸ਼ਿਆ ਨਹੀਂ ਜਾਏਗਾ ਅਤੇ ਜਲਦੀ ਹੀ ਦੋਸ਼ੀ ਫੜ ਲਏ ਜਾਣਗੇ। ਉਧਰ ਅੱਜ ਵੀ ਜਲੰਧਰ ਦੇ ਗੜ੍ਹਾ ਇਲਾਕੇ ਵਿੱਚ ਅਣਪਛਾਤੇ ਵਿਅਕਤੀਆਂ ਵੱਲੋਂ ਏ।ਐਸ।ਆਈ ਸਵਰਨ ਸਿੰਘ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਇਸ ਤੋਂ ਸਪੱਸ਼ਟ ਹੋ ਗਿਆ ਹੈ ਕਿ ਪੰਜਾਬ 'ਤੇ ਸਰਕਾਰ ਦਾ ਨਹੀਂ, ਗੈਂਗਸਟਰਾਂ ਅਤੇ ਅਪਰਾਧੀਆਂ ਦਾ ਰਾਜ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ 'ਚ 'ਆਪ' ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ 'ਚ ਗੈਂਗਸਟਰ ਕਲਚਰ ਸਿਖਰਾਂ 'ਤੇ ਪੁੱਜ ਗਿਆ ਹੈ। ਪਿਛਲੇ ਲਗਪਗ ਦੋ ਮਹੀਨਿਆਂ ਵਿੱਚ ਅੰਤਰਰਾਸ਼ਟਰੀ ਖਿਡਾਰੀ ਸੰਦੀਪ ਨੰਗਲ ਸਮੇਤ 5 ਕਬੱਡੀ ਖਿਡਾਰੀ ਮਾਰੇ ਜਾ ਚੁੱਕੇ ਹਨ। ਕਬੱਡੀ ਮੈਚਾਂ ਵਿੱਚ ਸ਼ਰੇਆਮ ਗੋਲੀਆਂ ਚਲਾਈਆਂ ਜਾਂਦੀਆਂ ਹਨ ਤੇ ਪੁਲਿਸ ਤਮਾਸ਼ਾ ਦੇਖਦੀ ਰਹਿੰਦੀ ਹੈ। ਪਟਿਆਲਾ ਵਿੱਚ ਪੁਲਿਸ-ਪ੍ਰਸ਼ਾਸਨ ਦੀਆਂ ਅੱਖਾਂ ਸਾਹਮਣੇ ਭੜਕੀ ਹਿੰਸਾ ਅਤੇ ਸਾਰਿਆਂ ਦੀ ਸ਼ਰਧਾ ਦੇ ਕੇਂਦਰ ਸ੍ਰੀ ਕਾਲੀ ਮਾਤਾ ਮੰਦਿਰ ਦੀ ਬੇਅਦਬੀ ਪੰਜਾਬ ਦੀ ਭਗਵੰਤ ਮਾਨ ਸਰਕਾਰ ਅਤੇ ਪੁਲਿਸ-ਪ੍ਰਸ਼ਾਸਨ ਦੀ ਨਾ-ਕਾਮਯਾਬੀ ਦਾ ਪ੍ਰਤੱਖ ਸਬੂਤ ਹੈ। ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਲਈ ਇਸ ਤੋਂ ਸ਼ਰਮਨਾਕ ਗੱਲ ਕੀ ਹੋਵੇਗੀ ਕਿ ਪੰਜਾਬ ਪੁਲਿਸ ਦੇ ਆਪਣੇ ਖੁਫੀਆ ਵਿਭਾਗ ਦੇ ਹੈੱਡਕੁਆਰਟਰ 'ਤੇ ਅਪਰਾਧੀ ਦਿਨ-ਦਿਹਾੜੇ ਗ੍ਰਨੇਡਾਂ ਨਾਲ ਹਮਲਾ ਕਰਕੇ ਫਰਾਰ ਹੋ ਜਾਂਦੇ ਹਨ ਅਤੇ ਪੁਲਿਸ ਜਾਂ ਸਰਕਾਰ ਦੇ ਖੁਫੀਆ ਵਿਭਾਗ ਨੂੰ ਇਸ ਦੀ ਭਿਣਕ ਤੱਕ ਨਹੀਂ ਲਗਦੀ। ਦਰਜਨਾਂ ਆਧੁਨਿਕ ਹਥਿਆਰਬੰਦ ਵਿਅਕਤੀਆਂ ਵੱਲੋਂ ਸਿੱਧੂ ਮੂਸੇਵਾਲਾ ਦਾ ਸ਼ਰੇਆਮ ਕਤਲ ਇਹ ਦਰਸਾਉਂਦਾ ਹੈ ਕਿ ਪੰਜਾਬ ਦੇ ਗੈਂ-ਗਸਟਰਾਂ ਅਤੇ ਅਪਰਾਧੀਆਂ ਨੂੰ ਸਰਕਾਰ ਜਾਂ ਪੁਲਿਸ-ਪ੍ਰਸ਼ਾਸਨ ਦਾ ਕੋਈ ਡਰ ਨਹੀਂ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਕੇਜਰੀਵਾਲ ਅਤੇ ਰਾਘਵ ਚੱਢਾ ਦੇ ਦਬਾਅ ਹੇਠ ਭਗਵੰਤ ਮਾਨ ਨੇ ਪਿਛਲੇ ਸਮੇਂ 'ਚ ਪੰਜਾਬ ਦੇ ਕਈ ਲੋਕਾਂ ਤੋਂ ਸੁਰੱਖਿਆ ਵਾਪਸ ਲੈ ਲਈ ਹੈ ਜੋ ਪਿਛਲੇ ਸਮੇਂ 'ਚ ਅੱਤਵਾਦੀਆਂ ਅਤੇ ਗੈਂਗਸਟਰਾਂ ਦਾ ਨਿਸ਼ਾਨਾ ਸਨ, ਜਦਕਿ ਹੁਣ ਫਿਰ ਪੰਜਾਬ ਦੇ 424 ਲੋਕਾਂ ਦੀ ਸੁਰੱਖਿਆ ਵਾਪਸ ਲੈ ਕੇ ਕੇਜਰੀਵਾਲ ਵਾਂਗ ਝੂਠੀ ਵਾਹਵਾਹੀ ਲੁਟਣ ਲਈ ਮਾਨ ਸਰਕਾਰ ਨੇ ਇਨ੍ਹਾਂ ਸਭ ਦੀਆਂ ਗੁਪਤ ਸੂਚਨਾਵਾਂ ਮੀਡੀਆ ਰਾਹੀਂ ਜਨਤਕ ਕਰਕੇ ਢੀਂਢੋਰਾ ਪਿੱਟਿਆ। ਜਿਸ ਦਾ ਨਤੀਜਾ ਇੱਕ ਵਾਰ ਫਿਰ ਸਿੱਧੂ ਮੂਸੇਵਾਲਾ ਦੇ ਕਤਲ ਦੇ ਰੂਪ ਵਿੱਚ ਸਾਹਮਣੇ ਆਇਆ। ਸਿੱਧੂ ਮੂਸੇਵਾਲਾ ਦੇ ਕਤਲ ਦੇ ਮੁੱਖ ਦੋਸ਼ੀ ਅਸਲ ਵਿੱਚ ਕੇਜਰੀਵਾਲ, ਰਾਘਵ ਚੱਢਾ, ਭਗਵੰਤ ਮਾਨ ਅਤੇ ਡੀਜੀਪੀ ਪੰਜਾਬ ਹਨ।

ਅਸ਼ਵਨੀ ਸ਼ਰਮਾ ਨੇ ਮਾਨਯੋਗ ਰਾਜਪਾਲ ਪਾਸੋਂ ਮੰਗ ਕੀਤੀ ਕਿ ਉਪਰੋਕਤ ਸਾਰੇ ਮਾਮਲਿਆਂ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਦੀ ਨਿੱਕਮੀ ਭਗਵੰਤ ਮਾਨ ਸਰਕਾਰ ਅਤੇ ਨਿੱਕਮੇਂ ਡੀਜੀਪੀ ਪੰਜਾਬ ਨੂੰ ਤੁਰੰਤ ਬਰਖਾਸਤ ਕੀਤਾ ਜਾਵੇ ਅਤੇ ਉਪਰੋਕਤ ਕਤਲਾਂ ਦੀ ਜਾਂਚ NIA ਤੋਂ ਕਰਵਾਉਣ ਦੇ ਹੁਕਮ ਜਾਰੀ ਕੀਤੇ ਜਾਣ। ਭਾਜਪਾ ਦੇ ਵਫ਼ਦ ਵਿੱਚ ਕੌਮੀ ਕਾਰ-ਜਕਾਰਨੀ ਮੈਂਬਰ ਹਰਜੀਤ ਸਿੰਘ ਗਰੇਵਾਲ, ਸੂਬਾ ਜਨਰਲ ਸਕੱਤਰ ਜੀਵਨ ਗੁਪਤਾ, ਡਾ: ਸੁਭਾਸ਼ ਸ਼ਰਮਾ, ਰਾਜੇਸ਼ ਬਾਗਾ, ਬੁਲਾਰੇ ਐੱਸਐੱਸ ਚੰਨੀ, ਸਾਬਕਾ ਕੈਬਨਿਟ ਮੰਤਰੀ ਰਾਣਾ ਗੁਰ-ਮੀਤ ਸਿੰਘ ਸੋਢੀ ਆਦਿ ਹਾਜ਼ਰ ਸਨ।

# ਸਮੂਹ ਮੋਮੀ ਪਰਿਵਾਰ ਵੱਲੋਂ ਅਕਾਲ ਪੁਰਖ ਦਾ ਸ਼ੁਕਰਾਨਾ

## ਬੱਚਿਆਂ ਦੀ ਉੱਚ ਵਿਦਿਆ ਪ੍ਰਾਪਤੀ ਦੀ ਖੁਸ਼ੀ 'ਚ ਰਖਾਏ ਸ੍ਰੀ ਅਖੰਡ ਪਾਠ ਸਾਹਿਬ, ਦੂਰੋਂ ਨੇੜਿਉਂ ਦੇਸ਼-ਵਿਦੇਸ਼ ਤੋਂ ਮੋਮੀ ਪਰਿਵਾਰ ਨੂੰ ਰਿਸ਼ਤੇਦਾਰ, ਸਕੇ-ਸਬੰਧੀ, ਸਮਾਜਿਕ ਭਾਈਚਾਰੇ ਨੇ ਦਿੱਤੀਆਂ ਵਧਾਈਆਂ



















**ਬੇਕਰਜ਼ਫੀਲਡ (ਡੀਡੀਬੀ)–** ਨਾਮਵਰ ਸ਼ਖਸੀਅਤ ਸਵਰਗੀ ਚੌਧਰੀ ਚਾਨਣ ਰਾਮ ਮੋਮੀ, ਸਰਪੰਚ ਦਾ ਸਮੂਹ ਮੋਮੀ ਪਰਿਵਾਰ (ਪ੍ਰੇਮ ਸੋਡੀ ਮੋਮੀ, ਹਰਮਿੰਦਰ ਮੋਮੀ, ਰਜਿੰਦਰ ਮੋਮੀ, ਲਾਲੀ ਮੋਮੀ ਅਤੇ ਸੁਰਜੀਤ ਮੋਮੀ ਬ੍ਰਦਰਜ਼) ਪੰਜਾਬੀ ਭਾਈਚਾਰੇ ਦਾ ਸਤਿਕਾਰਿਤ ਪਰਿਵਾਰ ਹੈ। ਜੋ ਆਪਣੇ ਨੇਕ ਸੁਭਾਅ, ਪਰਿਵਾਰਕ, ਸਮਾਜਿਕ, ਧਾਰਮਿਕ, ਵਿਉਪਾਰਕ, ਦਿਲੀ ਨਿੱਘੀ ਸਾਂਝ ਵਜੋਂ ਜਾਣਿਆ ਜਾਂਦਾ ਹੈ।

ਲੋੜ ਪੈਣ ਤੇ ਜ਼ਰੂਰਤਮੰਦਾਂ ਦੀ ਮਦਦ, ਸਮਾਜਿਕ ਅਤੇ ਧਾਰਮਿਕ ਰੁਚੀਆਂ ਰੱਖਣ ਵਾਲਾ, ਪਰਿਵਾਰ ਹਮੇਸ਼ਾ ਵੱਧ ਚੜ੍ਹ ਕੇ ਸੇਵਾ 'ਚ ਅਗਾਂਹ ਰਹਿੰਦਾ ਹੈ ਤੇ ਇਸ ਦੇ ਨਾਲ ਨਾਲ ਆਪਣੇ ਰਹਿਬਰਾਂ ਦੇ ਦਰਸਾਏ ਮਾਰਗ ਤੋਂ ਸੇਧ ਲੈਂਦਿਆਂ ਆਪਣੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਸਕੂਲ, ਕਾਲਜ, ਯੂਨੀਵਰਸਿਟੀ ਵਿਚ ਤਾਲੀਮ ਦਿਵਾਉਣ 'ਚ ਕਦੇ ਪਿੱਛੇ ਨਹੀਂ ਰਹਿੰਦਾ ਹੈ। ਇਹੀ ਵਜ੍ਹਾ ਹੈ ਕਿ ਪਿਛਲੇ ਦਿਨੀਂ ਉਹਨਾਂ ਦੇ ਤਿੰਨ ਬੱਚਿਆਂ ਡਾ ਸਟੀਵਨ ਮੋਮੀ, ਸੁਖਜਿੰਦਰ ਮੋਮੀ (Masters in Biology), ਰਮਨ ਮੋਮੀ (MBA), ਰਾਜਵੰਤ ਕੌਰ (Nursing) ਨੇ ਉਚ ਵਿੱਦਿਆ ਹਾਸਲ ਕੀਤੀ ਤੇ ਸਮੂਹ ਮੋਮੀ ਪਰਿਵਾਰ ਨੇ ਇਸ ਖੁਸ਼ੀ 'ਚ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 19 ਮਈ 2022 ਨੂੰ ਆਪਣੇ ਬੇਕਰਜ਼ਫੀਲਡ ਗ੍ਰਹਿ ਵਿਖੇ ਅਕਾਲ ਪੁਰਖ, ਵਾਹਿਗੁਰੂ ਦਾ ਸ਼ਕਰਾਨਾ ਕਰਨ ਲਈ ਸ੍ਰੀ ਅਖੰਡ ਪਾਠ ਰਖਾਏ ਅਤੇ 21 ਮਈ ਨੂੰ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਨਾਮਵਰ ਰਾਗੀ ਜਥਾ ਗਿਆਨੀ ਭਾਈ ਬਿਕਰਮ ਸਿੰਘ ਜੀ ਦਾ ਜਥਾ ਅਤੇ ਭਾਈ ਰਾਮ ਆਸਰਾ ਜੀ ਨੇ ਗੁਰਬਾਣੀ ਦਾ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਤੇ ਆਈਆਂ ਸ਼ਖਸੀਅਤਾਂ ਨੇ ਇਸ ਖੁਸ਼ੀ ਦੇ ਮੌਕੇ ਦਿਲੀ ਹਾਰਦਿਕ ਵਧਾਈ ਮੋਮੀ ਪਰਿਵਾਰ ਨੂੰ ਦਿੱਤੀ ਤੇ ਬੱਚਿਆਂ ਦੇ ਉੱਜਲ ਭਵਿੱਖ ਲਈ ਸ਼ੁਭ ਕਾਮਨਾਵਾਂ ਕੀਤੀਆਂ। ਜਿਹਨਾਂ ਵਿਚ ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਪੂਰਨ ਸਿੰਘ ਅਰਸੀ, ਸ. ਸੁਰਿੰਦਰ ਸਿੰਘ ਨਿੱਜਰ ਅਤੇ ਅਦਾਰਾ 'ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਦਿਲੀ ਹਾਰਦਿਕ ਵਧਾਈ ਦਿੰਦਿਆਂ ਸਮੂਹ ਮੋਮੀ ਪਰਿਵਾਰ ਦੀ ਸਰਾਹਨਾ ਕੀਤੀ ਜੋ ਆਪਣੇ ਕਾਰੋਬਾਰ ਦੇ ਨਾਲ-ਨਾਲ ਵਿਦਿਆ ਵੱਲ ਖਾਸ ਧਿਆਨ ਰੱਖਦਾ ਹੈ ਕਿਉਂਕਿ ਵਿੱਦਿਆ ਹੀ ਇਕ ਚਾਬੀ ਹੈ ਜੋ ਹਰ ਮੰਜ਼ਿਲ ਨੂੰ ਪਾਉਣ ਲਈ ਅਤੀ ਜ਼ਰੂਰੀ ਹੈ। ਇਸ ਸ਼ੁਭ ਮੌਕੇ 'ਤੇ ਮੋਮੀ ਪਰਿਵਾਰ ਅਤੇ ਮੀਡੀਏ ਲਈ ਸਾਰੇ ਹੀ ਬਹੁਤ ਸਤਿਕਾਰਿਤ ਤੇ ਨਾਮਵਰ ਸਥਾਨ ਰੱਖਦੇ ਹਨ, ਇਸ ਲਈ ਇਕ ਇਕ ਨਾਂ ਦਿੱਤਾ ਜਾਵੇ ਤਾਂ ਬਹੁਤ ਲੰਮੀ ਲਿਸਟ ਹੋ ਸਕਦੀ ਹੈ। ਇਸ ਪਰਿਵਾਰ ਦੀ ਸਹਿਮਤੀ ਨਾਲ ਕਿਸੇ ਇਕ ਦਾ ਨਾਂ ਲਏ ਬਿਨਾਂ ਸਭ ਦਾ ਅਕਾਲ ਪੁਰਖ ਜਾਣੀ-ਜਾਣ ਹੈ ਤੇ ਸਮੂਹ ਮੋਮੀ ਪਰਿਵਾਰ ਨੇ ਹਰ ਇਕ ਪਰਿਵਾਰ ਦੇ ਹਰੇਕ ਮੈਂਬਰ ਦਾ ਇਸ ਖੁਸ਼ੀ 'ਚ ਸ਼ਾਮਲ ਹੋਣ ਤੇ ਦਿਲੀ ਧੰਨਵਾਦ ਕੀਤਾ ਗਿਆ ਤੇ ਮੀਡੀਏ ਦੇ ਪਹੁੰਚਣ ਲਈ ਧੰਨਵਾਦ ਕੀਤਾ। ਅਦਾਰਾ 'ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ' ਆਪਣੇ ਵੱਲੋਂ ਸਮੂਹ ਮੋਮੀ ਪਰਿਵਾਰ ਲਈ ਸ਼ੁਭ ਕਾਮਨਾਵਾਂ ਕਰਦਾ ਹੈ ਤੇ ਸਮੇਂ ਸਮੇਂ ਤੇ ਮਿਲੇ ਸਹਿਯੋਗ ਲਈ ਵੀ ਕੋਟਿਨ ਕੋਟਿ ਧੰਨਵਾਦ ਕਰਦਾ ਹੈ। ਇਸ ਮੌਕੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੇ ਨਾਲ ਸ੍ਰੀ ਚੈਮਸ ਭੱਟੀ ਅਤੇ ਸ੍ਰੀ ਪਾਮਸ ਭੱਟੀ (ਭੱਟੀ ਬ੍ਰਦਰਜ਼) ਨੇ ਮੀਡੀਆ ਕਵਰੇਜ਼ ਕੀਤੀ।

# ਸਮੂਹ ਮੋਮੀ ਪਰਿਵਾਰ ਵੱਲੋਂ ਅਕਾਲ ਪੁਰਖ ਦਾ ਸ਼ੁਕਰਾਨਾ























# ਸਮੂਹ ਮੋਮੀ ਪਰਿਵਾਰ ਵੱਲੋਂ ਅਕਾਲ ਪੁਰਖ ਦਾ ਸ਼ੁਕਰਾਨਾ

















# “22 ਮੰਜੀਆਂ” (ਉਪਦੇਸ਼ਕ ਗੱਦੀਆਂ)



ਕਿਸੇ ਵੀ ਸਮਾਜਿਕ ਪ੍ਰਬੰਧ ਜਾਂ ਧਰਮ ਨੂੰ ਕਾਇਮ ਰਹਿਣ ਲਈ, ਉਹਨਾਂ ਸਮਾਜਿਕ ਕਦਰਾਂ-ਕੀਮਤਾਂ ਦੀ ਸੰਭਾਲ ਕਰਨੀ ਪੈਂਦੀ ਹੈ, ਜਿਸਦੇ ਸਹਾਰੇ ਉਹ ਕਾਇਮ ਹੈ। ਚੱਜ-ਆਚਾਰ ਦਾ ਤੱਤ ਉਹ ਮਨੋਰਥ ਹੈ, ਜੋ ਇਸ ਪ੍ਰਬੰਧ ਨੂੰ ਤੋਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਦੀ ਭਲਾਈ ਦੇ ਸੰਕਲਪ ਨੂੰ ਤੋਰਨ ਲਈ ਪਹਿਲੀ ਉਦਾਸੀ ਵਿਚ ਹਿੰਦੂ ਪੁਰਬਾਂ ਸਮੇਂ ਭਾਰਤ ਦੇ ਸਾਰੇ ਹਿੰਦੂ-ਤੀਰਥਾਂ ਵਿਖੇ ਆਪਣਾ ਪ੍ਰਚਾਰ ਕਾਇਮ ਰੱਖਣ ਲਈ ਕਈ ਥਾਈਂ ਪ੍ਰਚਾਰ ਕੇਂਦਰ ਬਣਾਏ ਤੇ ਯੋਗ ਸਿੱਖ ਪ੍ਰਚਾਰਕ ਥਾਪੇ। ਪ੍ਰਚਾਰਕ ਨੇ ਗੁਰ-ਉਪਦੇਸ਼ ਸਰਵਣ ਕਰਾਉਣ ਵੇਲੇ ਆਪਣੇ ਸਾਹਮਣੇ ਬੈਠੀ ਸੰਗਤ ਵੱਲ ਨਿਗਾਹ ਮਾਰਨੀ ਹੁੰਦੀ ਹੈ। ਜਿਸ ਲਈ ਉਸਨੂੰ ਉਚੇ ਥਾਂ ਬੈਠਣਾ ਪੈਂਦਾ ਹੈ। ਉਚੇ ਥਾਂ ਲਈ ਆਮ ਤੌਰ 'ਤੇ ਮੰਜੀ ਹੀ ਵਰਤੀ ਜਾਂਦੀ ਸੀ। ਜਿਸ ਉਤੇ ਬੈਠ ਕੇ ਪ੍ਰਚਾਰਕ ਸੰਗਤ ਨੂੰ ਗੁਰਮਤਿ ਦੀ ਕਥਾ ਸੁਣਾਉਂਦਾ ਸੀ। ਹਰੇਕ ਸਿੱਖ ਆਪਣੇ-ਆਪ ਪ੍ਰਚਾਰਕ ਨਹੀਂ ਸੀ ਬਣ ਜਾਂਦਾ। ਪ੍ਰਚਾਰ ਉਹੀ ਕਰਦਾ ਸੀ, ਜਿਸਨੂੰ ਸਤਿਗੁਰੂ ਵੱਲੋਂ ਪ੍ਰਵਾਨਗੀ ਮਿਲੇ। ਸਿੱਖਾਂ ਵਿਚ ਇਹ ਉਚੀ ਧਾਰਮਿਕ ਪਦਵੀ ਬੜੇ ਸਤਿਕਾਰ ਤੇ ਇਤਬਾਰ ਵਾਲੀ ਸੀ। ਪ੍ਰਚਾਰਕ ਨੂੰ ਮੰਜੀ ਬਖਸ਼ੀ ਵਾਲਾ ਕਿਹਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਸਮੇਂ ਯੋਗ ਸਿੱਖਾਂ ਨੂੰ ਮੰਜੀ ਬਖਸ਼ਦੇ ਗਏ। ਗੁਰੂ ਨਾਨਕ ਦੇਵ ਜੀ ਨੇ ਧਰਮਸ਼ਾਲਾ, ਸੰਗਤ, ਲੰਗਰ ਤੇ ਮੰਜੀਆਂ ਆਦਿ ਧਾਰਮਿਕ ਸੰਸਥਾਵਾਂ ਚਲਾਈਆਂ। ਗੁਰੂ ਸਾਹਿਬ ਨੇ ਆਪਣੀਆਂ ਪ੍ਰਚਾਰ ਉਦਾਸੀਆਂ ਪੂਰੀਆਂ ਕਰਨ ਉਪਰੰਤ ਕਰਤਾਰਪੁਰ ਨਿਵਾਸ ਕੀਤਾ। ਇਹ ਸਥਾਨ ਸਿੱਖ ਧਰਮ ਦੀ ਕੇਂਦਰੀ ਧਰਮਸ਼ਾਲਾ ਬਣ ਗਿਆ। ਜਿੱਥੇ ਉਹਨਾਂ ਦੇ ਪੈਰੋਕਾਰ ਗੁਰ-ਦਰਸ਼ਨਾਂ ਲਈ ਇਕੱਠੇ ਹੁੰਦੇ ਸਨ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਧਰਮ ਸੰਕਲਪ ਨੂੰ ਪ੍ਰਚਾਰਨ ਵਾਸਤੇ ਆਪਣੇ ਗੁਰੂ-ਕਾਲ ਦਾ ਸਮਾਂ ਰਾਵੀ ਬਿਆਸ ਦੇ ਪਿੰਡਾਂ ਦੇ ਇਲਾਕੇ ਵਿਚ ਲਾਇਆ।



**ਪ੍ਰਮਿੰਦਰ ਸਿੰਘ ਪ੍ਰਵਾਨਾ**

510-781-0487

ਬਾਕੀ ਗੁਰੂਆਂ ਨੇ ਵੀ ਧਾਰਮਿਕ ਸੰਸਥਾਵਾਂ ਨੂੰ ਮਜ਼ਬੂਤ ਕੀਤਾ ਤੇ ਵਧਾਇਆ। ਗੁਰੂ ਅਮਰਦਾਸ ਜੀ ਨੇ ਮੰਜੀਆਂ ਦੀ ਸੰਸਥਾ ਨੂੰ ਬਕਾਇਦਾ ਨੇਮਬੱਧ ਕੀਤਾ। ਜਾਤਿ ਅਭਿਮਾਨੀਆਂ ਦੀ ਵਿਰੋਧਤਾ ਦੇ ਬਾਵਜੂਦ ਵੀ ਸਿੱਖਾਂ ਦੀ ਗਿਣਤੀ ਵਧਦੀ ਗਈ। ਗੋਇੰਦਵਾਲ ਬਾਉਲੀ ਦੇ ਨਿਰਮਾਣ ਤੱਕ ਸਿੱਖਾਂ ਵਿਚ ਬੜੀ ਜਾਗਰਤੀ ਆ ਚੁੱਕੀ ਸੀ। ਸਮੇਂ ਦੀ ਲੋੜ ਸੀ ਕਿ ਇਸ ਧਰਮ ਪ੍ਰਚਾਰ ਨੂੰ ਮਜ਼ਬੂਤ ਕੀਤਾ ਜਾਵੇ। ਗੁਰੂ ਅਮਰਦਾਸ ਜੀ ਨੇ ਉਦਾਸੀ ਸਾਧੂਆਂ ਤੋਂ ਮੂੰਹ ਮੋੜ ਲਿਆ ਸੀ ਕਿਉਂਕਿ ਉਹ ਬ੍ਰਹਮਚਾਰੀ ਤੇ ਤਿਆਗੀ ਸਨ। ਉਹ ਤਿਆਗ ਵਿਚ ਹੀ ਜੀਵਨ ਗੁਜਾਰ ਰਹੇ ਸਨ। ਗੁਰੂ ਸਾਹਿਬ ਨੇ ਪ੍ਰਚਾਰ ਕੀਤਾ ਕਿ ਸਿੱਖ ਧਰਮ ਵਿਚ ਗ੍ਰਹਿਸਥੀ ਜੀਵਨ ਦੀ ਬੜੀ ਅਹਿਮੀਅਤ ਹੈ, ਜਿਸ ਵਿਚ ਰਹਿ ਕੇ ਬੇਗਰਜ਼ ਸੇਵਾ ਕਰਨ ਤੇ ਜ਼ੋਰ ਦਿੱਤਾ। ਬੇਗਰਜ ਸੇਵਾ ਨੂੰ ਮੁਕਤੀ ਦੇ ਰਾਹ ਨਾਲ ਜੋੜ ਦਿੱਤਾ। ਇਸ ਧਾਰਮਿਕ ਪ੍ਰੇਰਨਾ ਨਾਲ ਵਧੇਰੇ ਸੰਗਤਾਂ ਸਿੱਖ ਧਰਮ ਨਾਲ ਜੁੜੀਆਂ।

ਗੁਰੂ ਅਮਰਦਾਸ ਜੀ ਨੇ ਸਿੱਖ ਵਸੋਂ ਦੇ ਇਲਾਕਿਆਂ ਨੂੰ 22 ਹਿੱਸਿਆਂ ਵਿਚ ਵੰਡਿਆ ਅਤੇ 22 ਮੰਜੀਆਂ ਥਾਪੀਆਂ। ਨਾਲ ਹੀ 22 ਸਿਆਣੇ ਪੈਰੋਕਾਰਾਂ ਨੂੰ 22 ਮੰਜੀਆਂ ਦੇ ਪ੍ਰਚਾਰ ਕੇਂਦਰਾਂ ਤੇ ਨਿਯੁਕਤ ਕੀਤਾ। ਉਹ ਆਪਣੇ ਇਲਾਕੇ ਦੇ ਧਾਰਮਿਕ ਮੁਖੀ ਹੁੰਦੇ ਸਨ। ਉਹ ਸੰਗਤਾਂ ਦੀਆਂ ਧਾਰਮਿਕ ਤੇ ਸੰਸਾਰਕ ਲੋੜਾਂ ਦਾ ਧਿਆਨ ਰੱਖਦੇ ਸਨ। ਉਹ ਸੰਗਤ ਨੂੰ ਗੁਰੂ ਨਾਲ ਜੋੜਨ ਲਈ ਪੁਲ ਦਾ ਕੰਮ ਕਰਦੇ ਸਨ। ਗੁਰੂ ਦਾ ਹੁਕਮ ਸੰਗਤਾਂ ਤੱਕ ਪਹੁੰਚਾਉਂਦੇ ਸਨ। ਸੰਗਤਾਂ ਦੀਆਂ ਮਨੋਕਾਮਨਾਵਾਂ ਗੁਰੂ ਦੇ ਧਿਆਨ ਵਿਚ ਲਿਆਉਂਦੇ ਸਨ। ਉਹ ਚੜ੍ਹਾਵਾ ਇਕੱਠਾ ਕਰਕੇ ਕੇਂਦਰੀ ਖਜ਼ਾਨੇ ਵਿਚ ਭੇਜਦੇ ਸਨ, ਜਿੱਥੇ ਗੁਰੂ ਮਾਇਆ ਨੂੰ ਸਾਂਝੇ ਕਾਰਜਾਂ ਵਾਸਤੇ ਵਰਤਦੇ ਸਨ। ਗੁਰੂ ਅਰਜਨ ਦੇਵ ਜੀ ਨੇ ਇਹਨਾਂ ਚੜ੍ਹਾਵਿਆਂ ਨੂੰ ਨੇਮਬੱਧ ਕੀਤਾ। ਉਹਨਾਂ ਨੇ ਸਾਂਝੇ ਕਾਰਜਾਂ ਵਾਸਤੇ ਹਰ ਇਕ ਸਿੱਖ ਲਈ ਦਸਵੰਧ (ਆਪਣੀ ਆਮਦਨ ਦਾ ਦਸਵਾਂ ਹਿੱਸਾ) ਦੇਣਾ ਨਿਯਚਿਤ ਕੀਤਾ। ਗੁਰੂ ਅਮਰਦਾਸ ਜੀ ਨੇ ਆਪਣਾ ਪ੍ਰਚਾਰ ਕੇਂਦਰ ਗੋਇੰਦਵਾਲ ਬਣਾਇਆ। ਜਿੱਥੇ ਸਿੱਖ ਸੰਗਤਾਂ ਸਮਾਗਮਾਂ ਤੇ ਇਕੱਠੀਆਂ ਹੁੰਦੀਆਂ। ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਤੇ ਤਰਨਤਾਰਨ ਪ੍ਰਚਾਰ ਕੇਂਦਰ ਬਣਾਏ। ਬਾਅਦ ਵਿਚ ਅੰਮ੍ਰਿਤਸਰ ਸਿੱਖਾਂ ਲਈ ਇਕ ਕੇਂਦਰੀ ਧਾਰਮਿਕ ਕੇਂਦਰ ਬਣਿਆ।

ਜਿਹਨਾਂ ਗੁਰਸਿੱਖਾਂ ਨੂੰ ਮੰਜੀਆਂ (ਉਪਦੇਸ਼ਕ ਗੱਦੀਆਂ) ਬਖਸ਼ੀਆਂ ਦਾ ਜੀਵਨ ਵੇਰਵਾ ਦਿੱਤਾ ਜਾਂਦਾ ਹੈ:-

**1. ਅੱਲਾਯਾਰ:** ਉਹ ਅੱਲਾ ਸ਼ਾਹ ਦੇ ਨਾਮ ਤੋਂ ਵੀ ਜਾਣਿਆ ਜਾਂਦਾ ਸੀ। ਜੋ ਦਿੱਲੀ ਅਤੇ ਲਾਹੌਰ ਵਿਚਕਾਰ ਘੋੜਿਆਂ ਦਾ ਵਪਾਰ ਕਰਦਾ ਸੀ। ਦਿੱਲੀ ਤੋਂ ਪਰਤਦਿਆਂ ਬਿਆਸ ਕੰਢੇ ਡੱਲਾ ਨਿਵਾਸੀ ਪਾਰੋ ਜੀ ਮਿਲ ਪਏ। ਜਿਸ ਤੋਂ ਇਸਦੇ ਦਿਲ ਵਿਚ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਤਾਂਘ ਪੈਦਾ ਹੋਈ। ਸਤਿਗੁਰ ਜੀ ਕੋਲ ਗੋਇੰਦਵਾਲ ਉਸਨੇ ਸਿੱਖ ਧਾਰਨ ਕੀਤੀ। ਇਸਦਾ ਜੀਵਨ ਗੁਰਮੁਖ ਸਿੱਖਾਂ ਵਿਚ ਗਿਣਿਆ ਜਾਂਦਾ ਹੈ। ਗੁਰੂ ਜੀ ਨੇ ਇਸਨੂੰ ਧਰਮ ਪ੍ਰਚਾਰ ਦੀ ਸੇਵਾ ਸੌਂਪ ਦਿੱਤੀ।

**2. ਸੱਚਨ ਸੱਚ:** ਇਹ ਲਾਹੌਰ ਦੀ ਤਹਿਸੀਲ ਸ਼ਕਰਪੁਰ ਦੇ ਪਿੰਡ ਮੰਦਰ ਦੇ ਰਹਿਣ ਵਾਲਾ ਇਕ ਬ੍ਰਾਹਮਣ ਸੀ। ਇਹ ਗੁਰੂ ਅਮਰਦਾਸ ਜੀ ਕੋਲ ਸਿੱਖ ਬਣਿਆ। ਸੱਚਨ ਸੱਚ ਸ਼ਬਦ ਹਰ ਵੇਲੇ ਕਹਿਣ ਦੀ ਇਸਦੀ ਆਦਤ ਸੀ। ਇਸਦਾ ਨਾਮ ਹੀ ਸੱਚਨ ਸੱਚ ਪ੍ਰਸਿੱਧ ਹੋ ਗਿਆ। ਜਦੋਂ ਭਾਈ ਸਾਵਣ ਮਲ ਦੇ ਨਾਲ ਆਏ ਹਰੀਪੁਰ ਕਾਂਗੜਾ ਦੇ ਰਾਜੇ ਦੀ ਇਕ ਰਾਣੀ ਪਾਗਲ ਹੋ ਗਈ ਸੀ। ਰਾਜਾ ਉਸਨੂੰ ਗੋਇੰਦਵਾਲ ਹੀ ਛੱਡ ਗਿਆ। ਜਦੋਂ ਉਹ ਅਰੋਗ ਹੋ ਗਈ ਤਾਂ ਗੁਰੂ ਅਮਰਦਾਸ ਜੀ ਨੇ ਉਸਦਾ ਵਿਆਹ ਸੱਚਨ ਸੱਚ ਨਾਲ ਕਰਵਾ ਦਿੱਤਾ। ਇਹ ਜੋੜਾ ਸਾਰੀ ਉਮਰ ਗੁਰਮਤਿ ਦਾ ਪ੍ਰਚਾਰ ਕਰਦਾ ਰਿਹਾ। ਸਤਿਗੁਰੂ ਜੀ ਨੇ ਭਾਈ ਸੱਚਨ ਸੱਚ ਨੂੰ ਮੰਜੀ ਬਖਸ਼ ਦਿੱਤੀ।

**3. ਸਾਧਾਰਨ–** ਇਹ ਗੋਇੰਦਵਾਲ ਦੇ ਰਹਿਣ ਵਾਲਾ ਇਕ ਲੋਹਾਰ ਸੀ। ਗੁਰੂ ਅਮਰਦਾਸ ਜੀ ਕੋਲ ਸਿੱਖ ਬਣਿਆ। ਇਸਦੀ ਸੇਵਾ ਅਤੇ ਸ਼ਰਧਾ ਭਾਵਨਾ ਤੋਂ ਪ੍ਰਭਾਵਿਤ ਹੋ ਕੇ ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਥਾਪ ਦਿੱਤਾ।

**4. ਸਾਵਣ ਮੱਲ–** ਇਹ ਗੁਰੂ ਅਮਰਦਾਸ ਜੀ ਦਾ ਭਤੀਜਾ ਸੀ। ਜਦੋਂ ਗੋਇੰਦ-ਵਾਲ ਵਿਚ ਗੁਰਦੁਆਰਾ ਅਤੇ ਸੰਗਤਾਂ ਲਈ ਮਕਾਨ ਬਣ ਰਹੇ ਸੀ ਤਾਂ ਗੁਰੂ ਜੀ ਨੇ ਇਸਨੂੰ ਪਹਾੜੀ ਲੱਕੜ ਲਿਆਉਣ ਲਈ ਹਰੀਪੁਰ ਵੱਲ ਭੇਜਿਆ। ਸਾਵਣ ਮਲ ਉਸ ਇਲਾਕੇ ਦਾ ਪ੍ਰਚਾਰਕ ਵੀ ਸੀ। ਇਸੇ ਰਾਹੀਂ ਹੀ ਹਰੀਪੁਰ ਦਾ ਰਾਜਾ ਪਰਿਵਾਰ ਸਮੇਤ ਗੁਰੂ ਜੀ ਦਾ ਸਿੱਖ ਬਣਿਆ। ਗੁਰੂ ਜੀ ਨੇ ਭਾਈ ਸਾਵਣ ਮੱਲ ਨੂੰ ਮੰਜ ਬਖਸ਼ੀ ਸੀ।

**5. ਸੁੱਖਣ–** ਇਹ ਜ਼ਿਲ੍ਹਾ ਰਾਵਲਪਿੰਡੀ ਦੇ ਨਗਰ ਧਮਿਆਣਾ ਦੇ ਰਹਿਣ ਵਾਲਾ ਸੀ। ਜਾਤਿ ਦਾ ਖੱਤਰੀ ਪਹਿਲਾਂ ਦੁਰਗਾ ਦਾ ਭਗਤ ਸੀ। ਗੁਰੂ ਅਮਰਦਾਸ ਜੀ ਕੋਲ ਰਹਿ ਕੇ ਸਿੱਖ ਬਣਿਆ। ਇਸਦਾ ਜੀਵਨ ਇਤਨਾ ਉੱਚਾ ਸੀ ਕਿ ਸਤਿਗੁਰੂ ਜੀ ਨੇ ਪੋਠੋਹਾਰ ਦੇ ਇਲਾਕੇ ਵਿਚ ਪ੍ਰਚਾਰ ਕਰਨ ਲਈ ਮੰਜੀ ਬਖਸ਼ੀ।

**6. ਹੰਦਾਲ–** ਇਹ ਅੰਮ੍ਰਿਤਸਰ ਦੇ ਜੰਡਿਆਲਾ ਦਾ ਵਸਨੀਕ ਸੀ। ਜਾਤਿ ਦਾ ਜੱਟ। ਇਹ ਗੁਰੂ ਅਮਰਦਾਸ ਜੀ ਦਾ ਪਿਆਰਾ ਸਿੱਖ ਬਣਿਆ। ਲੰਗਰਾਂ ਦੀ ਸੇਵਾ ਬੜੇ ਪਿਆਰ ਅਤੇ ਸ਼ਰਧਾ ਨਾਲ ਕਰਦਾ ਸੀ। ਸਤਿਗੁਰੂ ਜੀ ਨੇ ਪ੍ਰਭਾਵਿਤ ਹੋ ਕੇ ਇਸਨੂੰ ਮੰਜੀ ਬਖਸ਼ੀ। ਇਸ ਦੇ ਨਗਰ ਦਾ ਨਾਮ ਜੰਡਿਆਲਾ ਗੁਰੂ ਪ੍ਰਸਿੱਧ ਹੋਇਆ। ਹਰ ਵੇਲੇ ਨਿਰੰਜਨ ਮੂਹੋਂ ਆਖਣ ਕਰਕੇ ਇਸ ਦੀ ਸੰਪ੍ਰਦਾਇ ਦਾ ਨਾਮ ਨਿਰੰਜਨੀਏ ਪੈ ਗਿਆ। ਭਾਈ ਹੰਦਾਲ ਦਾ ਪੁੱਤਰ ਬਿਧੀਚੰਦ ਕੁਰਾਹੇ ਪੈ ਗਿਆ। ਉਸਨੇ ਭਾਈ ਬਾਲੇ ਦੇ ਨਾਮ ਉਤੇ ਗੁਰੂ ਨਾਨਕ ਦੇਵ ਜੀ ਦੀ ਇਕ ਜਨਮ ਸਾਖੀ ਲਿਖੀ। ਜਿਸ ਵਿਚ ਬਹੁਤ ਸਾਰੀਆਂ ਮਨਮਾਨੀਆਂ ਗੱਲਾਂ ਦਰਜ ਕਰ ਦਿੱਤੀਆਂ।

**7. ਕੇਦਾਰੀ–** ਭਾਈ ਕੇਦਾਰੀ ਬਟਾਲਾ (ਜ਼ਿਲ੍ਹਾ ਗੁਰਦਾਸਪੁਰ) ਦਾ ਰਹਿਣ ਵਾਲਾ ਸੀ। ਜਾਤੀ ਦਾ ਲੂੰਬਾ ਖੱਤਰੀ ਸੀ। ਸਤਿਗੁਰੂ ਜੀ ਦਾ ਪ੍ਰਸਿੱਧ ਸਿੱਖ ਹੋਇਆ ਹੈ। ਗੁਰੂ ਅਮਰਦਾਸ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਬਖਸ਼ੀ।

**8. ਖੇਡਾ–** ਇਹ ਖੇਮਕਰਨ (ਲਾਹੌਰ) ਦਾ ਵਸਨੀਕ ਬ੍ਰਾਹਮਣ ਸੀ। ਪਹਿਲਾਂ ਦੁਰਗਾ ਦਾ ਭਗਤ ਸੀ। ਗੁਰੂ ਅਮਰਦਾਸ ਜੀ ਦਾ ਬੜਾ ਪਿਆਰਾ ਸਿੱਖ ਪ੍ਰਸਿੱਧ ਹੋਇਆ। ਸਤਿਗੁਰੂ ਜੀ ਨੇ ਇਸਨੂੰ ਸਿੱਖੀ ਦਾ ਪ੍ਰਚਾਰਕ ਥਾਪ ਕੇ ਮੰਜੀ ਬਖਸ਼ੀ।

**9. ਗੰਗੂਸ਼ਾਹ–** ਇਹ ਗੜ੍ਹਸ਼ੰਕਰ ਦਾ ਰਹਿਣ ਵਾਲਾ ਬਸੀ ਖੱਤਰੀ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਉੱਚਾ ਜੀਵਨ ਪ੍ਰਾਪਤ ਕੀਤਾ। ਸਤਿਗੁਰੂ ਜੀ ਨੇ ਇਸਨੂੰ ਰਿਆਸਤ ਸਰਮੌਰ ਦੇ ਇਲਾਕੇ ਦਾ ਪ੍ਰਚਾਰਕ ਬਣਾਇਆ। ਭਾਈ ਗੰਗੂ ਰਾਮ ਦਾ ਪ੍ਰਸਿੱਧ ਅਸਥਾਨ ਦਾਉਂ ਹੈ। ਇਸਦੀ ਸੰਪਰਦਾਇ ਦੇ ਪੈਰੋਕਾਰਾਂ ਨੂੰ ਗੰਗੂਸ਼ਾਹੀ ਕਹਿੰਦੇ ਹਨ। ਗੰਗੂਸ਼ਾਹ ਦਾ ਪੜੋਤਾ ਭਾਈ ਜਵਾਹਰ ਸਿੰਘ ਦਾ ਦੇਹੁਰਾ ਖਟਕੜ ਕਲਾਂ ਵਿਚ ਹੈ।

**10. ਦਰਬਾਰੀ–** ਜਾਤਿ ਦਾ ਲੂੰਬਾ ਖੱਤਰੀ ਦਰਬਾਰੀ ਨਗਰ ਮਜੀਠਾ ਦਾ ਰਹਿਣ ਵਾਲਾ ਸੀ।

**11. ਪਾਰੋ–** ਜਾਤਿ ਦਾ ਜੁਲਕਾ ਖੱਤ੍ਰੀ ਭਾਈ ਪਾਰੋ ਡੱਲੇ ਦਾ ਰਹਿਣ ਵਾਲਾ ਸੀ। ਇਹ ਗੁਰੂ ਅੰਗਦ ਦੇਵ ਜੀ ਦਾ ਸਿੱਖ ਬਣਿਆ ਸੀ। ਗੁਰੂ ਅਮਰਦਾਸ ਜੀ ਦੀ ਸ਼ਰਨ ਵਿਚ ਰਹਿ ਕੇ ਸੇਵਾ ਭਾਵਨਾ ਨਾਲ 'ਪਰਮਹੰਸ' ਦੀ ਪਦਵੀ ਪਾਈ। ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਬਖਸ਼ੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸੁਹਰਾ ਭਾਈ ਨਾਰਾਇਣ ਦਾਸ ਇਸੇ ਦੀ ਕੁਲ ਵਿਚੋਂ ਸੀ।

**12. ਫੇਰਾ–** ਇਹ ਮੀਰਪੁਰ (ਜੰਮੂ) ਇਲਾਕੇ ਦਾ ਵਸਨੀਕ ਸੀ। ਜਾਤਿ ਦਾ ਕਟਾਰਾ ਖੱਤ੍ਰੀ ਸੀ। ਭਾਈ ਫੇਰਾ ਪਹਿਲਾਂ ਜੋਗੀਆਂ ਦਾ ਚੇਲਾ ਸੀ। ਫਿਰ ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਆਤਮ ਗਿਆਨੀ ਹੋਇਆ। ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਬਖਸ਼ੀ। ਇਸ ਨੇ ਪਹਾੜੀ ਇਲਾਕੇ ਵਿਚ ਬਹੁਤ ਪ੍ਰਚਾਰ ਕੀਤਾ।

**13. ਬੂਆ–** ਇਹ ਤ੍ਰੇਹਣ ਜਾਤਿ ਦਾ ਖੱਤ੍ਰੀ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ 'ਪਰਮਹੰਸ' ਪਦਵੀ ਨੂੰ ਪ੍ਰਾਪਤ ਹੋਇਆ। ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਬਖਸ਼ੀ। ਇਸ ਦੀ ਸੰਤਾਨ ਹਰਿਗੋਬਿੰਦਪੁਰ ਦੀ ਵਾਸੀ ਸੀ।

**14. ਬੇਣੀ–** ਚੂਹਨੀਆਂ (ਲਾਹੌਰ) ਦਾ ਵਸਨੀਕ ਪੰਡਿਤ ਬੇਣੀ ਬੜਾ ਵਿਦਵਾਨ ਸੀ। ਸ਼ਾਸਤ੍ਰਾਰਥ ਕਰਕੇ ਜਿੱਤਾਂ ਜਿੱਤਦਾ। ਜਦੋਂ ਗੋਇੰਦਵਾਲ ਗੁਰੂ ਅਮਰਦਾਸ ਜੀ ਦੀ ਸ਼ਰਨ ਵਿਚ ਆਇਆ ਤਾਂ ਵਿਦਿਆ-ਅਭਿਮਾਨ ਛੱਡ ਦਿੱਤਾ। ਸਤਿਗੁਰੂ ਜੀ ਦਾ ਸਿੱਖ ਬਣ ਗਿਆ। ਸਤਿਗੁਰੂ ਜੀ ਨੇ ਇਸਨੂੰ ਸਿੱਖ ਧਰਮ ਦਾ ਪ੍ਰਚਾਰ ਕਰਨ ਦਾ ਕੰਮ ਸੌਂਪਿਆ। ਇਸ ਦਾ ਨਾਮ ਕਈ ਥਾਂ ਬੇਣੀ ਮਾਧੋ ਵੀ ਲਿਖਿਆ ਹੈ। ਪੰਡਤ ਹਰਦਿਆਲ ਕਵੀ ਇਸੇ ਦੀ ਹੀ ਕੁਲ ਵਿਚੋਂ ਸੀ। ਜਿਸਨੇ ਸਾਰੁਕਤਾਵਲੀ ਅਤੇ ਵੈਰਾਗ ਸ਼ਤਕ ਦਾ ਸੁੰਦਰ ਉਲੱਥਾ ਕੀਤਾ।

**15. ਮਹੇਸ਼ਾ–** ਸੁਲਤਾਨਪੁਰ ਦਾ ਰਹਿਣ ਵਾਲਾ ਧੀਰ ਜਾਤਿ ਦਾ ਖੱਤ੍ਰੀ ਸੀ। ਜਿਸਨੂੰ ਪ੍ਰਚਾਰਕ ਮੰਜੀ ਪ੍ਰਾਪਤ ਹੋਈ।

**16. ਮਾਈਦਾਸ–** ਮਾਝੇ ਦੇ ਨਰੋਲੀ ਪਿੰਡ ਦਾ ਵਸਨੀਕ ਸੀ। ਪਹਿਲਾਂ ਵੈਸ਼ਨਵ ਮਤ ਦਾ ਧਾਰਨੀ ਸੀ। ਗੁਰੂ ਅਮਰਦਾਸ ਜੀ ਦੀ ਸ਼ਰਨ ਵਿਚ ਆਇਆ। ਭਾਈ ਮਾਣਕ ਚੰਦ ਦੀ ਸੰਗਤ ਵਿਚ ਆਤਮ ਗਿਆਨੀ ਹੋਇਆ ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਸੌਂਪੀ। ਮਾਝੇ ਦੇ ਇਲਾਕੇ ਵਿਚ ਇਸਨੇ ਸਿੱਖ ਧਰਮ ਦਾ ਬਹੁਤ ਪ੍ਰਚਾਰ ਕੀਤਾ।

**17. ਮਾਣਕ ਚੰਦ–** ਵੈਰੋਵਾਲ (ਅੰਮ੍ਰਿਤਸਰ) ਦਾ ਰਹਿਣ ਵਾਲਾ ਪਥਰੀਆ ਖੱਤ੍ਰੀ ਸੀ। ਇਸਨੇ ਗੋਇੰਦਵਾਲ ਦੀ ਬਾਉਲੀ ਦਾ ਕੜ ਤੋੜਿਆ ਸੀ। ਉਹ ਡੁੱਬ ਗਿਆ ਸੀ, ਪਰ ਬਚ ਗਿਆ ਸੀ। ਗੁਰੂ ਅਮਰਦਾਸ ਜੀ ਨੇ ਇਸਦਾ ਨਾਂ ਮਰਜੀਵੜਾ ਰੱਖਿਆ। ਇਸਦੀ ਸੰਤਾਨ ਵੈਰੋਵਾਲ ਵਿਚ ਮਰਜੀਵੜੇ ਨਾਮ ਤੇ ਪ੍ਰਸਿੱਧ ਹੋਈ। ਭਾਈ ਮਾਣਕ ਚੰਦ ਦੀ ਸੰਗਤ ਵਿਚ ਹੀ ਪੰਡਤ ਮਾਈਦਾਸ ਬੈਰਾਗੀ ਗੁਰਸਿੱਖੀ ਵੱਲ ਆਇਆ।

**18. ਮੁਰਾਰੀ–** ਜ਼ਿਲ੍ਹਾ ਲਾਹੌਰ ਦੇ ਪਿੰਡ ਖਾਈ ਦਾ ਰਹਿਣ ਵਾਲਾ ਪ੍ਰੇਮਾ ਖੱਤ੍ਰੀ ਸੀ। ਇਸਨੂੰ ਕੋੜ੍ਹ ਹੋ ਗਿਆ ਸੀ। ਗੁਰੂ ਅਮਰਦਾਸ ਜੀ ਦੀ ਕਿਰਪਾ ਨਾਲ ਅਰੋਗ ਹੋ ਗਿਆ। ਸਤਿਗੁਰੂ ਜੀ ਨੇ ਇਸਦਾ ਨਾਂ ਮੁਰਾਰੀ ਰੱਖ ਦਿੱਤਾ। ਉਪਲ ਜਾਤਿ ਦੇ ਖੱਤ੍ਰੀ ਭਾਈ ਸ਼ੀਂਹੇ ਨੇ ਸਤਿਗੁਰੂ ਜੀ ਦੀ ਆਗਿਆ ਨਾਲ ਆਪਣੀ ਪੁੱਤਰੀ ਮੱਥੋ ਦਾ ਵਿਆਹ ਮੁਰਾਰੀ ਨਾਲ ਕਰ ਦਿੱਤਾ। ਇਸ ਜੋੜੀ ਨੇ ਗੁਰਮਤਿ ਦਾ ਬੜਾ ਪ੍ਰਚਾਰ ਕੀਤਾ। ਦੋਹਾਂ ਦਾ ਰਲਵਾਂ ਨਾਂ 'ਮਥੋ ਮੁਰਾਰੀ' ਸਿੱਖ ਇਤਿਹਾਸ ਵਿਚ ਪ੍ਰਸਿੱਧ ਹੋ ਗਿਆ। ਸਤਿਗੁਰੂ ਜੀ ਨੇ ਮੱਥੋ ਮੁਰਾਰੀ ਨੂੰ ਪ੍ਰਚਾਰਕ ਮੰਜੀ ਬਖਸ਼ੀ।

**19. ਰਾਜਾ ਰਾਮ–** ਇਹ ਇਕ ਸਾਰਸਵਤ ਬ੍ਰਾਹਮਣ ਸੀ। ਜਿਸਨੇ ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਜਾਤਿ ਦਾ ਅਭਿਮਾਨ ਛੱਡ ਦਿੱਤਾ। ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਬਖਸ਼ੀ। ਭਾਈ ਰਾਜਾ ਰਾਮ ਦੀ ਸੰਤਾਨ ਪਿੰਡ ਸੰਧਮਾ (ਜਲੰਧਰ) ਦੀ ਵਾਸੀ ਸੀ।

**20. ਰੰਗ ਸ਼ਾਹ–** ਜ਼ਿਲ੍ਹਾ ਜਲੰਧਰ ਦੇ ਪਿੰਡ ਮੱਲੁਪੋਤ ਦਾ ਇਕ ਅਰੋੜਾ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਆਪਣੀ ਉਮਰ ਸਿੱਖ ਧਰਮ ਦੇ ਪ੍ਰਚਾਰ ਵਿਚ ਲਾ ਦਿੱਤੀ। ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਬਖਸ਼ੀ। ਭਾਈ ਰੰਗ ਸ਼ਾਹ ਨੇ ਦੁਆਬੇ ਵਿਚ ਪ੍ਰਚਾਰ ਕੀਤਾ। ਇਸਦੀ ਸੰਤਾਨ ਬੰਗਿਆ ਦੀ ਵਾਸੀ ਸੀ।

**21. ਰੰਗਦਾਸ–** ਜ਼ਿਲ੍ਹਾ ਅੰਬਾਲਾ ਦੇ ਪਿੰਡ ਘੜੂਆਂ ਦਾ ਵਾਸੀ। ਪਹਿਲਾਂ ਵੈਰਾਗੀਆਂ ਦਾ ਚੇਲਾ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣਿਆ। ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਬਖਸ਼ੀ। ਭਾਈ ਰੰਗਦਾਸ ਦੀ ਸੰਤਾਨ ਪਿੰਡ ਘੜੂਆ ਵਾਸੀ ਸੀ।

**22. ਲਾਲੋ–** ਡੱਲੇ ਦੇ ਰਹਿਣ ਵਾਲਾ ਸੱਭਰਵਾਲ ਖੱਤ੍ਰੀ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣਿਆ। ਭਾਈ ਲਾਲੋ ਆਪਣੇ ਇਲਾਕੇ ਦਾ ਉਘਾ ਵੈਦ ਵੀ ਸੀ। ਤੇਈਏ ਤਾਪ ਦਾ ਇਲਾਜ ਕਰਨ ਵਿਚ ਕਮਾਲ ਰੱਖਦਾ ਸੀ। ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਬਖਸ਼ੀ।



## ਪਿਆਸੇ ਪੰਛੀਆਂ

ਜੇਠ ਦੀ ਧੁੱਪੇ,
ਸੜਕ 'ਤੇ ਪਿਆ ਟੋਇਆ,
ਜਿਥੇ ਸੀ ਪਾਣੀ,
ਲੀਕ ਜਾ ਹੋਇਆ।
ਜੇਠ ਦੀ ਧੁੱਪੇ,

ਪਿਆਸੇ ਪੰਛੀਆਂ,
ਦੇਖਿਆ ਜਦ ਪਾਣੀ,
ਮਾਰ ਉਡਾਰੀ,
ਆਣ ਲਾਇਆ ਡੇਰਾ,
ਜੇਠ ਦੀ ਧੁੱਪੇ...

ਪਾਣੀ ਦੇ ਵਿੱਚ,
ਲੱਗੇ ਗੋਤੇ ਖਾਵਣ,
ਪੀ ਕੇ ਪਾਣੀ
ਪਿਆਸ ਬੁਝਾਵਣ ,
ਜੇਠ ਦੀ ਧੁੱਪੇ...

ਚੁੰਝਾਂ ਮਾਰ,
ਖੰਭਾਂ ਨੂੰ ਧੋਵਣ,
ਆਪਣੇ ਆਪ 'ਚ
ਲੱਗੇ ਨਾਵਣ।

ਜੇਠ ਦੀ ਧੁੱਪੇ...

ਉਡਾਰੀਆਂ ਮਾਰ,
ਉੱਡ ਗਏ ਜਦ ਸਾਰੇ,
ਮਨ ਨੂੰ ਬੜਾ,
ਸਕੂਨ ਜਾ ਆਇਆ।
ਜੇਠ ਦੇ ਧੁੱਪੇ...

**– ਬਲਜਿੰਦਰ ਕੌਰ ਸ਼ੇਰਗਿੱਲ**
91-98785-19278

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਲੂਸਿਆਨਾ ਵਿਚ ਗੋਲੀਬਾਰੀ ਇਕ ਦੀ ਮੌਤ ਤੇ ਦੋ ਜ਼ਖਮੀ

**ਸੈਕਰਾਮੈਂਟੋ 1 ਜੂਨ (ਹੁਸਨ ਲੜੋਆ ਬੰਗਾ)**–ਨਿਊ ਓਰਲੀਨਜ , ਲੁਸਿਆਨਾ, ਦੇ ਇਕ ਕਾਲਜ ਕੈਂਪਸ ਵਿਚ ਹਾਈ ਸਕੂਲ ਗ੍ਰੈਜੂਏਸ਼ਨ ਸਮਾਗਮ ਉਪਰੰਤ ਹੋਈ ਗੋਲੀਬਾਰੀ ਵਿਚ ਇਕ ਔਰਤ ਦੀ ਮੌਤ ਹੋ ਗਈ ਤੇ ਦੋ ਹੋਰ ਜ਼ਖਮੀ ਹੋ ਗਏ। ਮੌਰਿਸ ਜੈਫ ਹਾਈ ਸਕੂਲ ਦੀ ਆਰੰਭਤਾ ਦਾ ਸਮਾਗਮ ਸਾਵੀਅਰ ਯੂਨੀਵਰਸਿਟੀ ਆਫ ਲੁਸਿਆਨਾ ਵਿਚ ਸਵੇਰੇ 11।45 ਵਜੇ ਸਮਾਪਤ ਹੋਇਆ।

ਪੁਲਿਸ ਅਨੁਸਾਰ ਸਮਾਗਮ ਉਪਰੰਤ ਦੋ ਔਰਤਾਂ ਵਿਚਾਲੇ ਯੁ-ਨੀਵਰਸਿਟੀ ਦੀ ਪਾਰਕਿੰਗ ਵਿਚ ਝਗੜਾ ਹੋਇਆ ਜਿਸ ਦਰਮਿਆਨ ਕਿਸੇ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਨਾਂ ਨਾਲ ਤਿੰਨ ਜਣੇ ਜਖਮੀ ਹੋ ਗਏ। ਨਿਊ ਓਰਲੀਨਜ ਪੁਲਿਸ ਵਿਭਾਗ ਦੇ ਡਿਪਟੀ ਸੁਪਰਡੈਂਟ ਕ੍ਰਿਸ ਗੁਡਲੀ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਜ਼ਖਮੀਆਂ ਨੂੰ ਨੇੜੇ ਦੇ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਇਕ ਔਰਤ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਿਸ ਮਾਮਲੇ ਦੀ ਹੱਤਿਆ ਦੇ ਨਜ਼ਰੀਏ ਤੋਂ ਜਾਂਚ ਕਰ ਰਹੀ ਹੈ।

### ਜਰਖੜ ਖੇਡਾਂ ਦਾ 7ਵਾਂ ਦਿਨ

# ਸੀਨੀਅਰ ਵਰਗ ਵਿੱਚ ਕਿਲ੍ਹਾ ਰਾਏਪੁਰ ਅਤੇ ਸਾਹਨੇਵਾਲ ਸੈਮੀ 'ਚ ਪੁੱਜੇ












**ਲੁਧਿਆਣਾ-** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ 35ਵੀਆਂ ਜਰਖੜ ਖੇਡਾਂ ਦੀ ਕੜੀ ਦੇ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ 7ਵੇਂ ਦਿਨ ਅੱਜ ਜਿੱਥੇ ਜੂਨੀਅਰ ਸਬ ਜੂਨੀਅਰ ਵਰਗ ਵਿੱਚ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਅਮਰਗੜ੍ਹ ਅਤੇ ਚਚਰਾੜੀ ਹਾਕੀ ਸੈਂਟਰ ਨੇ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ ਉੱਥੇ ਸੀਨੀਅਰ ਵਰਗ ਵਿੱਚ ਕਿਲ੍ਹਾ ਰਾਇਪਰ ਅਤੇ ਸਾਹਨੇਵਾਲ ਕਲੱਬ ਨੇ ਵੀ ਆਖਰੀ ਚਾਰਾਂ ਵਿਚ ਆਪਣਾ ਨਾਂ ਦਰਜ ਕੀਤਾ।

ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਵਿੱਚ ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਜਾ ਰਹੇ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਸਬ ਜੂਨੀਅਰ ਵਰਗ ਦੇ ਮੈਚਾਂ ਵਿੱਚ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾਂ ਅਮਰਗੜ੍ਹ ਨੇ ਜਟਾਣਾ ਹਾਕੀ ਸੈਂਟਰ ਨੂੰ ਨਿਰਧਾਰਤ ਸਮੇਂ ਤੱਕ 2-2 ਗੋਲਾਂ ਦੀ ਬਰਾਬਰੀ ਤੋਂ ਬਾਅਦ ਪੈਨਲਟੀ ਸ਼ੂਟ ਆਊਟ ਵਿੱਚ 5-4 ਗੋਲਾਂ ਦੀ ਜਿੱਤ ਨਾਲ ਸੈਮੀਫਾਈਨਲ ਵਿੱਚ ਆਪਣੀ ਐਂਟਰੀ ਪੱਕੀ ਕੀਤੀ ।ਅੱਜ ਦੇ ਦੂਸਰੇ ਕੁਆਰਟਰ ਫਾਈਨਲ ਮੁਕਾਬਲੇ ਵਿਚ ਚਚਰਾੜੀ ਹਾਕੀ ਸੈਂਟਰ ਨੇ ਏਕ ਨੂਰ ਅਕੈਡਮੀ ਨੂੰ 4-0 ਗੋਲਾਂ ਨਾਲ ਹਰਾ ਕੇ ਆਪਣੇ ਜੇਤੂ ਕਦਮ ਅੱਗੇ ਵਧਾਏ।

ਸੀਨੀਅਰ ਵਰਗ ਵਿੱਚ ਅੱਜ ਪਹਿਲਾ ਕੁਆਰਟਰ ਫਾਈਨਲ ਕਿਲ੍ਹਾ ਰਾਏਪਰ ਅਤੇ ਜਟਾਣਾ ਹਾਕੀ ਕਲੱਬ ਵਿਚਕਾਰ ਖੇਡਿਆ ਗਿਆ। ਜਿਸ ਵਿਚ ਕਿਲ੍ਹਾ ਰਾਏਪੁਰ 9-8 ਗੋਲਾਂ ਨਾਲ ਜੇਤੂ ਰਿਹਾ। ਬਹੁਤ ਹੀ ਰੋਮਾਂਚਕ ਅਤੇ ਸੰਘਰਸ਼ਪੂਰਨ ਮੁਕਾਬਲੇ ਵਿੱਚ ਦੋਹਾਂ ਟੀਮਾਂ ਨੇ ਹਾਕੀ ਪ੍ਰੇਮੀਆਂ ਦੀ ਆਖ਼ਰੀ ਪਲਾਂ ਤੱਕ ਅਸ਼ ਅਸ਼ ਕਰਵਾਈ । ਭਾਵੇਂ ਗੋਲਾਂ ਦੇ ਅੰਤਰ ਵਿੱਚ ਕਿਲਾ ਰਾਏਪੁਰ ਜੇਤੂ ਰਿਹਾ ਪਰ ਲੋਕਾਂ ਦੇ ਦਿਲਾਂ ਵਿੱਚ ਜਟਾਣਾ ਦੀ ਟੀਮ ਜੇਤੂ ਰਹੀ। ਕਿਲਾ ਰਾਏਪੁਰ ਦੀ ਜਿੱਤ ਦੇ ਮੁੱਖ ਹੀਰੋ ਨਵਜੋਤ, ਸਰਬਜੋਤ, ਸੁਖਬੰਤ ਸਿੰਘ ਰਹੇ । ਜਿੰਨਾਂ ਨੇ 3-3 ਗੋਲ ਕੀਤੇ। ਸੀਨੀਅਰ ਵਰਗ ਦੇ ਦੂਸਰੇ ਕੁਆਰਟਰ ਫਾਈਨਲ ਮੁਕਾਬਲੇ ਵਿੱਚ ਬੈਚਮੇਟ ਕਲੱਬ ਸਾਹਨੇਵਾਲ ਨੇ ਰਾਮਪੁਰ ਹਾਕੀ ਸੈਂਟਰ ਨੂੰ 6- 2 ਗੋਲਾਂ ਨਾਲ ਹਰਾ ਕੇ ਸੈਮੀਫਾਈਨਲ ਵਿਚ ਪ੍ਰਵੇਸ਼ ਪਾਇਆ। ਜੇਤੂ ਟੀਮ ਵੱਲੋਂ ਰਾਜਵੀਰ ਸਿੰਘ, ਮਨਪ੍ਰੀਤ ਸਿੰਘ ਨੇ ਜੇਤੂ ਹੈਟ੍ਰਿਕ ਜੜੀ।

ਅੱਜ ਦੇ ਮੈਚਾਂ ਦੌਰਾਨ ਸ ਹਰਜੀਤ ਸਿੰਘ ਗਿੱਲ ਚੀਫ ਇੰਜਨੀਅਰ ਕੇਂਦਰੀ ਜ਼ੋਨ ਊਰਜਾ ਨਿਗਮ ਲੁਧਿਆਣਾ, ਨਿਰਮਲ ਸਿੰਘ ਜੌੜਾ ਡਾਇਰੈਕਟਰ ਯੂਥ ਵੈੱਲਫੇਅਰ ਪੀਏਯੂ ਲੁਧਿਆਣਾ ,ਰਵਿੰਦਰ ਸਿੰਘ ਰੰਗੂਵਾਲ ਵੀਡੀਓ ਡਾਇਰੈਕਟਰ ਮੁੱਖ ਮਹਿਮਾਨ ਵਜੋਂ ਵੱਖ ਵੱਖ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ। ਇਸ ਮੌਕੇ ਆਈਆਂ ਸ਼ਖਸੀਅਤਾਂ ਨੂੰ ਵਿਸ਼ੇਸ਼ ਐਵਾਰਡਾਂ ਨਾਲ ਸਨਮਾਨਿਆ ਗਿਆ, ਜਦਕਿ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਸ: ਫਤਿਹ ਸਿੰਘ ਉਪ ਮੰਡਲ ਅਫਸਰ ਬਿਜਲੀ ਬੋਰਡ ਆਲਮਗੀਰ ਸਬ ਡਵੀਜ਼ਨ, ਗੁਰਮੀਤ ਸਿੰਘ ਸੰਗੋਵਾਲ ਜੂਨੀਅਰ ਇੰਜਨੀਅਰ, ਅਰਵਿੰਦਰ ਕੌਰ ਗਰੇਵਾਲ, ਸ਼ਾਨਪ੍ਰੀਤ ਸਿੰਘ ਗਿੱਲ ਕੈਨੇਡਾ ਬਾਬਾ ਰੁਲਦਾ ਸਿੰਘ ਸਾਇਆਂ ਕਲਾਂ, ਸਾਹਿਬਜੀਤ ਸਿੰਘ ਸਾਬੀ, ਗੁਰਸਤਿੰਦਰ ਸਿੰਘ ਪਰਗਟ ਸੰਦੀਪ ਸਿੰਘ ਪੰਧੇਰ ਰਜਿੰਦਰ ਸਿੰਘ ਜਰਖੜ, ਲਖਬੀਰ ਸਿੰਘ ਜਰਖੜ, ਗੁਰਵਿੰਦਰ ਸਿੰਘ ਕਿਲਾ ਰਾਏਪੁਰ, ਗੁਰਤੇਜ ਸਿੰਘ ਬੋਹੜਾਈ ਕੋਚ ਬਾਕਸਿੰਗ, ਪੰਮਾਂ ਗਰੇਵਾਲ ਆਦਿ ਹੋਰ ਸ਼ਖਸੀਅਤਾਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ 28 ਮਈ ਨੂੰ ਸਬ ਜੂਨੀਅਰ ਵਰਗ ਦੇ ਸੈਮੀਫਾਈਨਲ ਮੁਕਾਬਲੇ ਰਾਮਪੁਰ ਹਾਕੀ ਸੈਂਟਰ ਦੋਰਾਹਾ ਬਨਾਮ ਨਨਕਾਣਾ ਸਾਹਿਬ ਸਕੂਲ ਰਾਮਪੁਰ ਛੰਨਾ ਅਮਰਗੜ੍ਹ ਵਿਚਕਾਰ ਦੂਸਰਾ ਮੈਚ ਜਰਖੜ ਹਾਕੀ ਅਕੈਡਮੀ ਬਨਾਮ ਚਚਰਾੜੀ ਹਾਕੀ ਸੈਂਟਰ ਵਿਚਕਾਰ ਖੇਡੇ ਜਾਣਗੇ। ਸੀਨੀਅਰ ਵਰਗ ਦੇ ਸੈਮੀਫਾਈਨਲ ਮੁਕਾਬਲੇ ਜਰਖੜ ਹਾਕੀ ਅਕੈਡਮੀ ਬਨਾਮ ਕਿਲਾ ਰਾਏਪਰ ਅਤੇ ਦੂਸਰਾ ਮੈਚ ਸਾਹਨੇਵਾਲ ਕਲੱਬ ਬਨਾਮ ਫਰੈਂਡਜ਼ ਕਲੱਬ ਰੂਮੀ ਵਿਚਕਾਰ ਖੇਡੇ ਜਾਣਗੇ। ਇਹ ਮੈਚ ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ ਹੋਣਗੇ।

**ਰਿਪੋਰਟ- ਜਗਰੂਪ ਸਿੰਘ ਜਰਖੜ**

# ਜਰਖੜ ਖੇਡ ਸਟੇਡੀਅਮ ਉਤੇ ਵਰਸਿਆ ਕੁਦਰਤ ਦਾ ਕਹਿਰ, ਹਨੇਰੀ ਨੇ ਲੱਖਾਂ ਦਾ ਕੀਤਾ ਨੁਕਸਾਨ









**ਲੁਧਿਆਣਾ-** ਬੀਤੀ ਸ਼ਾਮ ਆਈ ਤੇਜ਼ ਹਨੇਰੀ ਅਤੇ ਮੀਂਹ ਕਾਰਨ ਜਰਖੜ ਖੇਡ ਸਟੇਡੀਅਮ ਦਾ ਹਾਕੀ ਵਾਲੇ ਬਲਾਕ ਦਾ ਸ਼ੈਡ ਉੱਡ ਗਿਆ ਜਿਸ ਕਾਰਨ ਸਟੇਡੀਅਮ ਦਾ ਭਾਰੀ ਨੁਕਸਾਨ ਹੋਇਆ ਹੈ। ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਤੇਜ ਹਨੇਰੀ ਕਾਰਨ ਸਟੇਡੀਅਮ ਵਿੱਚ ਚੱਲ ਰਹੇ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਮੈਚ ਮੁਲਤਵੀ ਕਰਨੇ ਪਏ । ਉਨ੍ਹਾਂ ਦੱਸਿਆ ਅੱਜ ਤੇਜ਼ ਆਈ ਹਨ੍ਹੇਰੀ ਤੇ ਤੂਫਾਨ ਕਾਰਨ ਹਾਕੀ ਸਟੇਡੀਅਮ ਵਾਲਾ ਸੈਡ ਲਗਪਗ ਪੂਰਾ ਹੀ ਉੱਡ ਗਿਆ ਹੈ । ਜਿਸ ਕਾਰਨ ਘੱਟੋ ਘੱਟ 10 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ।

ਇਸ ਤੋਂ ਪਹਿਲਾਂ ਵੀ ਸਾਲ 2011 ਵਿੱਚ 18 ਜੂਨ ਨੂੰ ਇਕ ਵੱਡੇ ਤੂਫ਼ਾਨ ਕਾਰਨ ਜ਼ਰਖੜ ਖੇਡ ਸਟੇਡੀਅਮ ਦਾ ਨੁਕਸਾਨ ਹੋਇਆ ਸੀ ਅਤੇ ਸਾਰਾ ਸੈਡ ਨਵੇਂ ਸਿਰੇ ਤੋਂ ਬਣਾਉਣਾ ਪਿਆ ਸੀ ਜਿਸ ਤੇ 9 ਲੱਖ ਰੁਪਏ ਦੇ ਕਰੀਬ ਖ਼ਰਚ ਹੋਇਆ ਸੀ । ਉਸ ਵਕਤ ਦਾਤੇ ਦੀ ਰਹਿਮਤ ਅਤੇ ਦੋਸਤਾਂ ਮਿੱਤਰਾਂ ਦੇ ਸਹਿਯੋਗ ਨਾਲ ਜਰਖੜ ਖੇਡ ਸਟੇਡੀਅਮ ਮੁੜ ਆਪਣੇ ਪੈਰਾਂ ਤੇ ਖੜ੍ਹਾ ਹੋ ਗਿਆ ਸੀ । ਅੱਜ ਹੋਏ ਨੁਕਸਾਨ ਦੀ ਪੂਰਤੀ ਲਈ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ । ਜਰਖੜ ਖੇਡ ਸਟੇਡੀਅਮ ਅਤੇ ਹਾਕੀ ਅਕੈਡਮੀ ਦਾ ਸਾਰਾ ਸਿਸਟਮ ਦੋਸਤਾਂ ਮਿੱਤਰਾਂ ਅਤੇ ਖੇਡ ਪ੍ਰੇਮੀਆਂ ਦੇ ਸਹਿਯੋਗ ਨਾਲ ਹੀ ਚੱਲਦਾ ਹੈ। ਇਸ ਵਾਰ ਵੀ ਵਾਹਿਗੁਰੂ ਰਹਿਮਤ ਕਰੇਗਾ।






ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਜਰਖੜ ਸਟੇਡੀਅਮ ਵਿੱਚ ਚੱਲ ਰਹੇ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਅਗਲੇ ਗੇੜ ਦੇ ਮੈਚ ਹੁਣ 4 ਅਤੇ 5 ਜੂਨ ਨੂੰ ਖੇਡੇ ਜਾਣਗੇ। 4 ਜੂਨ ਨੂੰ ਸਬ ਜੂਨੀਅਰ ਅਤੇ ਸੀਨੀਅਰ ਵਰਗ ਦੇ 4 ਸੈਮੀਫਾਈਨਲ ਮੁਕਾਬਲੇ ਹੋਣਗੇ ਜਦਕਿ 5 ਜੂਨ ਦੋਹਾਂ ਵਰਗਾਂ ਦੇ ਫਾਈਨਲ ਮੁਕਾਬਲੇ ਸ਼ਾਮ 6 ਤੋਂ 9 ਵਜੇ ਤਕ ਖੇਡੇ ਜਾਣਗੇ।

**ਰਿਪੋਰਟ- ਜਗਰੂਪ ਸਿੰਘ ਜਰਖੜ**

# 05 ਜੂਨ, 2022 ਲਈ ਵਿਸ਼ਵ ਵਾਤਾਵਰਣ ਦਿਵਸ ਸਬੰਧੀ ਵਿਸ਼ੇਸ਼

ਹਰ ਸਾਲ ਵਾਂਗ ਅੱਜ 05 ਜੂਨ ਦਾ ਦਿਹਾੜਾ ਵਿਸ਼ਵ ਵਾਤਾਵਰਣ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ ਅਤੇ ਵਾਤਾਵਰਣ ਵਿੱਚ ਵੱਧ ਰਹੇ ਪ੍ਰਦੂਸ਼ਣ ਤੇ ਚਿੰਤਾ ਦਾ ਪ੍ਰਗਟਾਵਾ ਕਰਨ ਲਈ ਲੱਗਭੱਗ ਹਰ ਕਸਬੇ ਸ਼ਹਿਰ ਵਿੱਚ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵਲੋਂ ਪ੍ਰੋਗਰਾਮ ਕੀਤੇ ਜਾਣਗੇ।ਜੇਕਰ ਇਸ ਦਾ ਪਿਛੋਕੜ ਵੇਖੀਏ ਤਾਂ ਸੰਯੁਕਤ ਰਾਸ਼ਟਰ ਸੰਘ ਨੇ ਸਾਲ 1972 ਤੋਂ ਹਰ ਸਾਲ 05 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਦੇ ਰੂਪ ਵਿੱਚ ਮਨਾਉਣ ਦਾ ਫੈਸਲਾ ਕੀਤਾ ਸੀ। ਇਸਦਾ ਮੁੱਖ ਉਦੇਸ਼ ਵਾਤਾਵਰਣ ਦੇ ਪ੍ਰਤੀ ਜਾਗਰੂਕਤਾ ਲਿਆਂਦੇ ਹੋਏ ਰਾਜਨੀਤਿਕ ਚੇਤਨਾ ਜਗਾਉਣਾ ਅਤੇ ਆਮ ਜਨਤਾ ਨੂੰ ਪ੍ਰੇਰਿਤ ਕਰਨਾ ਸੀ।ਵਿਸ਼ਵ ਵਾਤਾਵਰਣ ਦਿਵਸ 2022 ਦੀ ਮੇਜ਼ਬਾਨੀ ਸਵੀਡਨ ਦੁਆਰਾ ਕੀਤੀ ਗਈ ਹੈ। ''ਸਿਰਫ਼ ਇੱਕ ਧਰਤੀ'' ਮੁਹਿੰਮ ਦਾ ਨਾਅਰਾ ਹੈ'ਕੁਦਰਤ ਨਾਲ ਇਕਸੁਰਤਾ ਵਿੱਚ ਸਥਿਰਤਾ ਨਾਲ ਜੀਣਾ' ਤੇ ਕੇਂਦ੍ਰਿਤ ਹੈ। ਵਿਸ਼ਵ ਵਾਤਾਵਰਣ ਦਿਵਸ 2022 ਗਲੋਬਲ ਮੁਹਿੰਮ ''ਸਿਰਫ਼ ਇੱਕ ਧਰਤੀ'' ਕੁਦਰਤ ਦੇ ਨਾਲ ਇਕਸੁਰਤਾ ਵਿੱਚ ਸਵੱਛ, ਹਰਿਆਲੀ, ਅਤੇ ਟਿਕਾਊ ਜੀਵਨ ਨੂੰ ਸਮਰੱਥ ਬਣਾਉਣ ਲਈ ਨੀਤੀਆਂ ਅਤੇ ਵਿਕਲਪਾਂ ਵਿੱਚ ਪਰਿਵਰਤਨਸ਼ੀਲ ਤਬਦੀਲੀਆਂ ਦੀ ਮੰਗ ਕਰਦੀ ਹੈ। ਇਹ ਕੁਦਰਤ ਦੇ ਨਾਲ ਇਕਸੁਰਤਾ ਨਾਲ ਰਹਿਣ ਦੀ ਲੋੜਤੇ ਧਿਆਨ ਕੇਂਦਰਿਤ ਕਰੇਗਾ ਅਤੇ ਨੀਤੀਆਂ ਅਤੇ ਵਿਅਕਤੀਗਤ ਵਿਕਲਪਾਂ ਦੋਵਾਂ ਰਾਹੀਂ ਹਰਿਆਲੀ ਜੀਵਨ ਸ਼ੈਲੀ ਵੱਲ ਜਾਣ ਦੀਆਂ ਸਾਡੀਆਂ ਸੰਭਾਵਨਾਵਾਂ ਤੇ ਧਿਆਨ ਕੇਂਦਰਿਤ ਕਰੇਗਾ। 'ਸਿਰਫ਼ ਇੱਕ ਧਰਤੀ' 1972 ਦੀ ਸਟਾਕਹੋਮ ਕਾਨਫਰੰਸ ਦਾ ਆਦਰਸ਼ ਸੀ। 50 ਸਾਲ ਬਾਅਦ, ਇਹ ਮੰਤਵ ਹਮੇਸ਼ਾ ਵਾਂਗ ਢੁਕਵਾਂ ਹੈ 'ਇਹ ਗ੍ਰਹਿ ਸਾਡਾ ਇੱਕੋ ਇੱਕ ਘਰ ਹੈ, ਅਤੇ ਮਨੁੱਖਤਾ ਨੂੰ ਇਸਦੇ ਸੀਮਤ ਸਰੋਤਾਂ ਦੀ ਰੱਖਿਆ ਕਰਨੀ ਚਾਹੀਦੀ ਹੈ'।ਸਾਲ 2022 ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਅਤੇ ਗਲੋਬਲ ਵਾਤਾਵਰਨ ਭਾਈਚਾਰੇ ਲਈ ਇੱਕ ਇਤਿਹਾਸਕ ਮੀਲ ਪੱਥਰ ਹੈ। ਇਹ ਸਟਾਕਹੋਮ ਕਾਨਫਰੰਸ ਦੇ ਨਤੀਜੇ ਵਜੋਂ ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦੀ ਸਥਾਪਨਾ ਦੀ 50ਵੀਂ ਵਰ੍ਹੇਗੰਢ ਨੂੰ ਦਰਸਾਉਂਦਾ ਹੈ। ਵਾਤਾਵਰਣ ਵਿੱਚ ਵੱਧ ਰਹੇ ਪ੍ਰਦੂਸ਼ਣ ਨੂੰ ਲੈਕੇ ਅੱਜ ਪੂਰਾ ਵਿਸ਼ਵ ਚਿੰਤਿਤ ਹੈ। ਪ੍ਰਦੂਸ਼ਣ ਵਾਤਾਵਰਣ ਵਿੱਚ ਹਾਨੀਕਾਰਕ ਪਦਾਰਥਾਂ ਦੀ ਸ਼ੁਰੂਆਤ ਹੈ। ਇਨ੍ਹਾਂ ਹਾਨੀਕਾਰਕ ਪਦਾਰਥਾਂ ਨੂੰ ਪ੍ਰਦੂਸ਼ਕ ਕਿਹਾ ਜਾਂਦਾ ਹੈ। ਪ੍ਰਦੂਸ਼ਕ ਕੁਦਰਤੀ ਹੋ ਸਕਦੇ ਹਨ ਜਿਵੇਂ ਕਿ ਜਵਾਲਾਮੁਖੀ ਸੁਆਹ। ਉਹ ਮਨੁੱਖੀ ਗਤੀਵਿਧੀਆਂ ਦੁਆਰਾ ਵੀ ਪੈਦਾ ਕੀਤੇ ਜਾਂਦੇ ਹਨ। ਪ੍ਰਦੂਸ਼ਕ ਹਵਾ, ਪਾਣੀ ਅਤੇ ਜ਼ਮੀਨ ਦੀ ਗੁਣਵੱਤਾ ਨੂੰ ਨੁਕਸਾਨ ਪਹੁੰਚਾਉਂਦੇ ਹਨ।ਬਹੁਤ ਸਾਰੀਆਂ ਚੀਜ਼ਾਂ ਜੋ ਲੋਕਾਂ ਲਈ ਲਾਭਦਾਇਕ ਹੁੰਦੀਆਂ ਹਨ ਪ੍ਰਦੂਸ਼ਣ ਪੈਦਾ ਕਰਦੀਆਂ ਹਨ। ਕਾਰਾਂ ਆਪਣੀਆਂ ਨਿਕਾਸ ਪਾਈਪਾਂ ਤੋਂ ਪ੍ਰਦੂਸ਼ਕ ਫੈਲਾਉਂਦੀਆਂ ਹਨ। ਬਿਜਲੀ ਪੈਦਾ ਕਰਨ ਲਈ ਕੋਲੇ ਨੂੰ ਜਲਾਉਣਾ ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ। ਉਦਯੋਗ ਅਤੇ ਘਰ ਕੂੜਾ ਅਤੇ ਸੀਵਰੇਜ ਪੈਦਾ ਕਰਦੇ ਹਨ ਜੋ ਜ਼ਮੀਨ ਅਤੇ ਪਾਣੀ ਨੂੰ ਪ੍ਰਦੂਸ਼ਿਤ ਕਰ ਸਕਦੇ ਹਨ। ਕੀਟਨਾਸ਼ਕ ਅਤੇ ਰਸਾਇਣਕ ਜ਼ਹਿਰ ਜੋ ਨਦੀਨਾਂ ਅਤੇ ਕੀੜੇ-ਮਕੌੜਿਆਂ ਨੂੰ ਮਾਰਨ ਲਈ ਵਰਤੇ ਜਾਂਦੇ ਹਨ ਪਾਣੀ ਦੇ ਰਸਤਿਆਂ ਵਿਚ ਜਾਕੇ ਜੰਗਲੀ ਜੀਵਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਸਾਰੇ ਜੀਵ-ਜੰਤੂਇਕਸੈੱਲ ਵਾਲੇ ਰੋਗਾਣੂਆਂ ਤੋਂ ਲੈ ਕੇ ਨੀਲੀ ਵਹੇਲ ਤੱਕ-ਧਰਤੀ ਦੀ ਹਵਾ ਅਤੇ ਪਾਣੀ ਦੀ ਸਪਲਾਈ ਤੇ ਹੀ ਨਿਰਭਰ ਹਨ। ਜਦੋਂ ਇਹ ਸਰੋਤ ਪਲੀਤ ਹੁੰਦੇ ਹਨ ਤਾਂ ਹਰ ਤਰ੍ਹਾਂ ਦੇ ਜੀਵਨ ਨੂੰ ਖ਼ਤਰਾ ਹੁੰਦਾ ਹੈ। ਪ੍ਰਦੂਸ਼ਣ ਇੱਕ ਵਿਸ਼ਵਵਿਆਪੀ ਸਮੱਸਿਆ ਹੈ। ਹਾਲਾਂਕਿ ਸ਼ਹਿਰੀ ਖੇਤਰ ਆਮ ਤੌਰ ਤੇ ਪੇਂਡੂ ਖੇਤਰਾਂ ਨਾਲੋਂ ਜ਼ਿਆਦਾ ਪ੍ਰਦੂਸ਼ਿਤ ਹੁੰਦੇ ਹਨ ਪਰ ਪ੍ਰਦੂਸ਼ਣ ਦੂਰ-ਦੁਰਾਡੇ ਦੀਆਂ ਥਾਵਾਂ ਤੇ ਫੈਲ ਸਕਦਾ ਹੈ ਜਿੱਥੇ ਲੋਕ ਵੀ ਨਹੀਂ ਰਹਿੰਦੇ ਹਨ। ਉਦਾਹਰਨ ਲਈ ਅੰਟਾਰਕਟਿਕਾ ਬਰਫ਼ ਦੀ ਚਾਦਰ ਵਿੱਚ ਕੀਟਨਾਸ਼ਕ ਅਤੇ ਹੋਰ ਰਸਾਇਣ ਮਿਲੇ ਹਨ। ਉੱਤਰੀ ਪ੍ਰਸ਼ਾਂਤ ਮਹਾਸਾਗਰ ਦੇ ਮੱਧ ਵਿੱਚ ਮਾਈਕ੍ਰੋਸਕੋਪਿਕ ਪਲਾਸਟਿਕ ਦੇ ਕਣਾਂ ਦਾ ਇੱਕ ਵਿਸ਼ਾਲ ਸੰਗ੍ਰਹਿ ਬਣਦਾ ਹੈ ਜਿਸਨੂੰ ਮਹਾਨ ਪ੍ਰਸ਼ਾਂਤ ਕੂੜਾ ਪੈਚ ਵਜੋਂ ਜਾਣਿਆ ਜਾਂਦਾ ਹੈ।ਸਮੁੰਦਰੀ ਧਾਰਾਵਾਂ ਅਤੇ ਪਰਵਾਸ ਕਰਨ ਵਾਲੀਆਂ ਮੱਛੀਆਂ ਸਮੁੰਦਰੀ ਪ੍ਰਦੂਸ਼ਕਾਂ ਨੂੰ ਦੂਰ-ਦੂਰ ਤੱਕ ਲੈ ਜਾਂਦੀਆਂ ਹਨ। ਹਵਾਵਾਂ ਇੱਕ ਪਰਮਾਣੂ ਰਿਐਕਟਰ ਤੋਂ ਅਚਾਨਕ ਛੱਡੇ ਗਏ ਰੇਡੀਓ ਐਕਟਿਵ ਪਦਾਰਥ ਨੂੰ ਚੁੱਕ ਸਕਦੀਆਂ ਹਨ ਅਤੇ ਇਸਨੂੰ ਦੁਨੀਆ ਭਰ ਵਿੱਚ ਖਿਲਾਰ ਸਕਦੀਆਂ ਹਨ। ਇੱਕ ਦੇਸ਼ ਵਿੱਚ ਫੈਕਟਰੀ ਦਾ ਧੂੰਆਂ ਦੂਜੇ ਦੇਸ਼ ਦੱਕ ਚਲਾ ਜਾਂਦਾ ਹੈ।ਪ੍ਰਦੂਸ਼ਣ ਦੀਆਂ ਕਈ ਕਿਸਮਾਂ ਹਨ ਜਿਨ੍ਹਾਂ ਵਿੱਚੋਂ ਪ੍ਰਮੁੱਖ ਜਲ ਪ੍ਰਦੂਸ਼ਣ, ਹਵਾ ਪ੍ਰਦੂਸ਼ਣ, ਸ਼ੋਰ ਪ੍ਰਦੂਸ਼ਣ ਆਦਿ ਹੈ। ਪ੍ਰਦੂਸ਼ਣ ਕਾਰਨ ਮਨੁੱਖੀ ਜੀਵਨ ਸਮੇਤ ਹੋਰ ਕਈ ਪ੍ਰਜਾਤੀਆਂ ਨੂੰ ਵੱਡਾ ਖਤਰਾ ਹੋ ਗਿਆ ਹੈ ਪਰ ਵਾਤਾਵਰਣ ਵਿੱਚ ਪ੍ਰਦੂਸ਼ਣ ਵਧਾਉਣ ਲਈ ਸਿਰਫ ਮਾਨਵ ਹੀ ਜ਼ਿੰਮੇਵਾਰ ਹੈ। ਜਿਵੇਂ-ਜਿਵੇਂ ਵਿਕਾਸ ਹੋ ਰਿਹਾ ਹੈ ਪ੍ਰਦੂਸ਼ਣ ਵੀ ਵੱਧਦਾ ਹੀ ਜਾ ਰਿਹਾ ਹੈ। ਵਧਦਾ ਸ਼ਹਿਰੀਕਰਣ ਅਤੇ ਉਦਯੋਗਿਕਰਣ ਵਾਤਾਵਰਣ ਲਈ ਵੱਡਾ ਖਤਰਾ ਬਣ ਰਹੇ ਹਨ। ਹਵਾ ਵਿੱਚ ਵਧੱ ਰਹੇ ਪ੍ਰਦੂਸ਼ਣ ਨੇ




ਵਾਤਾਵਰਣ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਇਆ ਹੈ। ਹਵਾ ਵਿੱਚ ਪ੍ਰਦੂਸ਼ਣ ਉਦੋ ਵਧੱਦਾ ਹੈ ਜਦੋ ਵਾਯੂਮੰਡਲ ਵਿੱਚ ਗੈਸਾਂ, ਧਾਤੂਆਂ ਅਤੇ ਜੈਵਿਕ ਅਣੂਆਂ ਸਮੇਤ ਪਦਾਰਥਾਂ ਦੇ ਨੁਕਸਾਨਦਹੇ ਜਾਂ ਵੱਧ ਮਾਤਰਾ ਵਿੱਚ ਹੁੰਦੀਆਂ ਹਨ। ਇਸ ਨਾਲ ਮਨੁਖਾਂ ਸਮੇਤ ਹੋਰ ਜੀਵਾਂ ਨੂੰ ਐਲਰਜ਼ੀ ਸਮੇਤ ਕਈ ਖਤਰਨਾਕ ਰੋਗ ਲੱਗ ਸਕਦੇ ਹਨ ਅਤੇ ਮੌਤ ਹੋ ਸਕਦੀ ਹੈ। ਪ੍ਰਦੂਸ਼ਣ ਕਾਰਨ ਇੱਕ ਸਾਲ ਵਿੱਚ ਲਗਭਗ 9 ਮਿਲੀਅਨ ਮੌਤਾਂ ਹੋਈਆਂ ਹਨ। ਦਿ ਲੈਂਸੇਟ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਾਨੀਕਾਰਕ ਹਵਾ ਨੇ 1.67 ਮਿਲੀਅਨ ਭਾਰਤੀਆਂ ਦੀ ਮੌਤ ਕੀਤੀ, ਜੋ ਕਿ ਕੁੱਲ ਮੌਤਾਂ ਦਾ 18% ਹੈ।''ਪ੍ਰਦੂਸ਼ਣ ਦੇ ਸਿਹਤ ਪ੍ਰਭਾਵ ਬਹੁਤ ਜ਼ਿਆਦਾ ਹਨ ਅਤੇ ਘੱਟ ਅਤੇ ਮੱਧ-ਆਮਦਨੀ ਵਾਲੇ ਦੇਸ਼ ਇਸ ਬੋਝ ਦਾ ਸ਼ਿਕਾਰ ਹਨ। ਇਸਦੇ ਬਹੁਤ ਜ਼ਿਆਦਾ ਸਿਹਤ, ਸਮਾਜਿਕ ਅਤੇ ਆਰਥਿਕ ਪ੍ਰਭਾਵਾਂ ਦੇ ਬਾਵਜੂਦ, ਅੰਤਰਰਾਸ਼ਟਰੀ ਵਿਕਾਸ ਏਜੰਡੇ ਵਿੱਚ ਪ੍ਰਦੂਸ਼ਣ ਰੋਕਥਾਮ ਨੂੰ ਵੱਡੇ ਪੱਧਰ ਤੇ ਨਜ਼ਰਅੰਦਾਜ਼ ਕੀਤਾ ਗਿਆ ਹੈ। ਪ੍ਰਦੂਸ਼ਣ ਨੂੰ ਰੋਕਣਾ ਜਲਵਾਯੂ ਪਰਿਵਰਤਨ ਨੂੰ ਵੀ ਹੌਲੀ ਕਰ ਸਕਦਾ ਹੈ। ਪ੍ਰਦੂਸ਼ਣ ਅਤੇ ਸਿਹਤ ਤੇ ਲੈਂਸੇਟ ਕਮਿਸ਼ਨ ਦੇ ਗਲੋਬਲ ਬੋਰਡਨ ਆਫ਼ ਡਿਜ਼ੀਜ਼ ਅਧਿਐਨ ਦੇ ਅੰਕੜਿਆਂ ਅਨੁਸਾਰ ਪ੍ਰਦੂਸ਼ਣ ਅੰਦਾਜ਼ਨ 90 ਲੱਖ ਮੌਤਾਂ ਲਈ ਜ਼ਿੰਮੇਵਾਰ ਹੈ। ਪ੍ਰਦੂਸ਼ਣ ਕਾਰਨ ਹੋਈਆਂ ਮੌਤਾਂ ਵਿੱਚੋਂ ਹਵਾ ਪ੍ਰਦੂਸ਼ਣ ਵਿਸ਼ਵ ਭਰ ਵਿੱਚ 6.67 ਮਿਲੀਅਨ ਮੌਤਾਂ ਦੀ ਸਭ ਤੋਂ ਵੱਡੀ ਗਿਣਤੀ ਲਈ ਜ਼ਿੰਮੇਵਾਰ ਹੈ। 1.36 ਮਿਲੀਅਨ ਸਮੇਂ ਤੋਂ ਪਹਿਲਾਂ ਮੌਤਾਂ ਲਈ ਪਾਣੀ ਦਾ ਪ੍ਰਦੂਸ਼ਣ ਜ਼ਿੰਮੇਵਾਰ ਹੈ। ਵਾਤਾਵਰਣ ਵਿਗਿਆਨੀਆਂ ਨੇ ਬੀਤੇ ਸਮੇਂ ਵਿੱਚ ਜੋ ਸ਼ੰਕੇ ਜਾਹਿਰ ਕੀਤੇ ਸਨ ਉਹ ਅੱਜ ਸੱਚ ਹੋਣ ਵੱਲ ਵੱਧ ਰਹੇ ਹਨ। ਓਜ਼ੋਨ ਪਰਤ ਵਿੱਚ ਛੇਕ ਹੋ ਜਾਣੇ, ਗਲੇਸ਼ੀਅਰਾਂ ਦਾ ਲਗਾਤਾਰ ਪਿਘਲਣਾ ਤੇ ਆਲਮੀ ਤਪਸ਼ ਦਾ ਵੱਧਣਾ ਇਸਦੇ ਮਾਰੂ ਪ੍ਰਭਾਵਾਂ ਦੇ ਸਪੱਸ਼ਟ ਲੱਛਣ ਹਨ। ਪ੍ਰਦੂਸ਼ਣ ਕਾਰਨ ਕੈਂਸਰ ਵਰਗੀ ਬਿਮਾਰੀਆਂ ਨੇ ਦੁਨੀਆਂ ਭਰ ਵਿੱਚ ਪੈਰ ਪਸਾਰ ਲਏ ਹਨ। ਅੱਜ ਗਲੋਬਲ ਵਾਰਮਿੰਗ ਵਿੱਚ ਵਾਧਾ ਹੋ ਰਿਹਾ ਹੈ ਜਿਸ ਨਾਲ ਧਰੁਵਾਂ ਤੇ ਪਈ ਬਰਫ ਪਿਘਲ ਰਹੀ ਹੈ। ਜੇਕਰ ਇਸ ਪਾਸੇ ਹੁਣ ਵੀ ਧਿਆਨ ਨਾ ਦਿੱਤਾ ਤਾਂ ਸਮੁੰਦਰਾਂ ਦੇ ਪਾਣੀ ਦਾ ਪੱਧਰ ਉੱਚਾ ਹੋ ਜਾਵੇਗਾ ਅਤੇ ਤੱਟਵਰਤੀ ਇਲਾਕੇ ਇਸ ਵਿੱਚ ਡੁੱਬ ਜਾਣਗੇ। ਪੈਰਾਵੈਂਗਨੀ ਕਿਰਨਾਂ ਧਰਤੀ ਤੇ ਕੈਂਸਰ ਵਰਗੇ ਰੋਗ ਫੈਲਾ ਰਹੀਆਂ ਹਨ। ਗਰੀਨ ਹਾਊਸ ਪ੍ਰਭਾਵ ਵਿੱਚ ਵਾਧਾ ਹੋ ਰਿਹਾ ਹੈ। ਕਾਰਬਨਡਾਈਆਕਸਾਈਡ ਗੈਸ ਦੀ ਹਵਾ ਵਿੱਚ ਮਾਤਰਾ 0.03% ਤੋਂ ਵੱਧ ਰਹੀ ਹੈ। ਇਹ ਗਰਮੀ ਨੂੰ ਵਧਾਉਣ ਦਾ ਵੱਡਾ ਕਾਰਨ ਬਣਦਾ ਜਾ ਰਿਹਾ ਹੈ। ਪੈਟ੍ਰੋਲੀਅਮ ਪਦਾਰਥਾਂ ਦੀ ਅਥਾਹ ਵਰਤੋਂ ਕਰਨ ਨਾਲ ਜ਼ਹਿਰੀਲੇ ਧੂੰਏ ਦੀ ਵੱਧ ਪੈਦਾਵਾਰ ਹੋ ਰਹੀ ਹੈ। ਫਰਿਜ਼ ਅਤੇ ਏਅਰ ਕੰਡੀਸ਼ਨਰਾਂ ਦੀ ਵੱਧ ਰਹੀ ਵਰਤੋਂ ਅਤੇ ਤੇਜ਼ੀ ਨਾਲ ਵੱਧ ਰਹੇ ਉਦਯੋਗੀਕਰਨ ਨਾਲ ਕਾਰਬਨਡਾਈਆਕਸਾਈਡ ਵਿੱਚ ਵਾਧਾ ਹੋ ਰਿਹਾ ਹੈ ਅਤੇ ਸੀ.ਐਫ.ਸੀ. ਗੈਸ ਦਾ ਰਿਸਾਵ ਹੋ ਰਿਹਾ ਹੈ। ਵਾਤਾਵਰਣ ਬਾਰੇ ਜੇਕਰ ਭਾਰਤ ਦੀ ਗੱਲ ਕਰੀਏ ਤਾ ਹਾਲਾਤ ਬਹੁਤੇ ਚੰਗੇ ਨਜ਼ਰ ਨਹੀਂ ਆਉਂਦੇ। ਦੇਸ਼ ਦੀਆਂ ਲੱਗਭੱਗ ਸਾਰੀਆਂ ਨਦੀਆਂ, ਦਰਿਆਵਾਂ ਅਤੇ ਪਾਣੀ ਦੇ ਹੋਰ ਕੁਦਰਤੀ ਸੋਮਿਆਂ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਫੈਕਟਰੀਆਂ ਤੇ ਸ਼ਹਿਰਾਂ ਦਾ ਜ਼ਹਿਰੀਲਾ ਤੇ ਗੰਦਾ ਪਾਣੀ ਸੁੱਟਿਆ ਜਾ ਰਿਹਾ ਹੈ ਜਿਸ ਕਾਰਨ ਇਹ ਪਾਣੀ ਦੇ ਸਰੋਤ ਖਤਰਨਾਕ ਸਾਬਤ ਹੋ ਰਹੇ ਹਨ। ਸਮੇਂ ਸਮੇਂ ਤੇ ਇਨ੍ਹਾਂ ਦਰਿਆਵਾਂ ਵਿੱਚ ਵੱਖ ਵੱਖ ਉਦਯੋਗਾਂ ਵਿੱਚ ਪੈ ਰਹੇ ਪ੍ਰਦੂਸ਼ਣ ਕਾਰਨ ਪਾਣੀ ਵਿੱਚ ਰਹਿਣ ਵਾਲੇ ਜੀਵ ਵੱਡੀ ਗਿਣਤੀ ਵਿੱਚ ਮਾਰੇ ਜਾਂਦੇ ਹਨ। ਪ੍ਰਦੂਸ਼ਤ ਪਾਣੀ ਕਾਰਨ ਲੋਕ ਕੈਂਸਰ ਤੇ ਕਾਲਾ ਪੀਲੀਆ ਵਰਗੀਆਂ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਖੇਤਾਂ ਵਿੱਚ ਰਸਾਇਣਕ ਖਾਦਾਂ ਅਤੇ ਕੀਟ ਨਾਸ਼ਕ ਦਵਾਈਆਂ ਦੀ ਧੜੱਲੇ ਨਾਲ ਵਰਤੋਂ ਕੀਤੀ ਜਾ ਰਹੀ ਹੈਅਤੇ ਇਹ ਜ਼ਹਿਰ ਧਰਤੀ ਹੇਠਲੇ ਪਾਣੀ ਤੱਕ ਵੀ ਪਹੁੰਚ ਗਈ ਹੈ। ਉਦਯੋਗਾਂ ਵਲੋਂ ਹਵਾ ਵਿੱਚ ਛੱਡੇ ਜਾ ਰਹੇ ਜਹਰੀਲੇ ਧੂੰਏ ਅਤੇ ਗੈਸਾਂ ਕਾਰਨ ਕਈ ਵਾਰ ਸਾਹ ਲੈਣਾਂ ਵੀ ਮੁਸ਼ਕਿਲ ਹੋ ਜਾਂਦਾ ਹੈ। ਸਮੇਂ ਸਮੇਂ ਤੇ ਉਦਯੋਗਾਂ ਵਿੱਚ ਹੋ ਰਹੇ ਹਾਦਸਿਆਂ ਕਾਰਨ ਨੁਕਸਾਨ ਹੋ ਰਿਹਾ ਹੈ।

ਸਮਾਜਿਕ, ਧਾਰਮਿਕ, ਰਾਜਨੀਤਿਕ ਕਾਰਜਾਂ ਲਈ ਉੱਚੀ ਅਵਾਜ਼ ਵਿੱਚ ਵੱਜਦੇ ਸਪੀਕਰ ਅਵਾਜ਼ ਦੇ ਪ੍ਰਦੂਸ਼ਣ ਵਿੱਚ ਅਥਾਹ ਵਾਧਾ ਕਰ ਰਹੇ ਹਨ ਅਤੇ ਕਈ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਾਂ। ਨਿਰਮਾਣ ਅਤੇ ਵਿਕਾਸ ਕਾਰਜਾਂ ਲਈ ਰੁੱਖਾਂ ਦੀ ਕਟਾਈ ਹੋ ਰਹੀ ਹੈ। ਰੁੱਖ ਜੋ ਸਾਡੇ ਜੀਵਨ ਅਤੇ ਵਾਤਾਵਰਣ ਦੇ ਸਭ ਤੋਂ ਅਹਿਮ ਕਾਰਕ ਹਨ ਉਹ ਲਗਾਤਾਰ ਖਤਮ ਹੁੰਦੇ ਜਾ ਰਹੇ ਹਨ ਜਿਸ ਕਾਰਨ ਧਰਤੀ ਦਾ ਪਰਿਵਰਤਨ ਚੱਕਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਗੱਡੀਆਂ ਦਾ ਧੂੰਆਂ, ਕਾਰਖਾਨਿਆਂ ਦੀ ਗੰਦਗੀ, ਨਾਲੀਆਂ ਦਾ ਗੰਦਾ ਪਾਣੀ, ਇਹਨਾਂ ਸਭ ਨੇ ਸਾਡੇ ਜੀਵਨ ਦੀਆਂ ਜ਼ਰੂਰਤਾਂ ਹਵਾ, ਪਾਣੀ ਅਤੇ ਧਰਾਤਲ ਨੂੰ ਦੂਸ਼ਿਤ ਕਰਕੇ ਕਈ ਬਿਮਾਰੀਆਂ ਨੂੰ ਜਨਮ ਦਿੱਤਾ ਹੈ। ਉਦਯੋਗਿਕ ਕ੍ਰਾਂਤੀ ਤੋਂ ਬਾਦ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਵਿੱਚ 40 ਫੀਸਦੀ ਵਾਧਾ ਹੋਇਆ ਹੈ। ਲੋਕ ਵੱਡੀ ਮਾਤਰਾ ਵਿੱਚ ਕੁਦਰਤੀ ਸਾਧਨਾਂ ਦਾ ਦੁਰਉਪਯੋਗ ਕਰਦੇ ਹਨ। ਖੇਤੀ ਦੀ ਰਹਿੰਦ ਖੂਹੰਦ ਅੰਨੇਵਾਹ ਜਲਾਉਣ ਨਾਲ ਹੀ ਦੇਸ਼ ਦੇ ਕਈ ਭਾਗਾਂ ਵਿੱਚ ਕਈ ਦਿਨ ਅਸਮਾਨ ਵਿੱਚ ਧੂੰਏ ਦੇ ਕਾਲੇ ਬੱਦਲ ਹੀ ਨਜ਼ਰ ਆਂਦੇ ਹਨ। ਭਾਰਤ ਵਿੱਚ ਵਾਤਾਵਰਣ ਸੁਰੱਖਿਆ ਅਧਿਨਿਯਮ ਸਭ ਤੋਂ ਪਹਿਲਾਂ 19 ਨਵੰਬਰ, 1986 ਨੂੰ ਲਾਗੂ ਹੋਇਆ ਸੀ, ਜਿਸ ਵਿੱਚ ਵਾਤਾਵਰਣ ਦੀ ਗੁਣਵੱਤਾ ਦੇ ਮਾਣਕ ਨਿਰਧਾਰਤ ਕੀਤੇ ਗਏ ਸੀ ਪਰ ਸਿਰਫ ਕਾਨੂੰਨ ਬਣਾ ਦੇਣ ਨਾਲ ਹੀ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਨਹੀਂ ਬਚਾਇਆ ਜਾ ਸਕਦਾ ਹੈ। ਸਰਕਾਰ ਨੂੰ ਪ੍ਰਦੂਸ਼ਣ ਕਰਨ ਵਾਲੇ ਅਦਾਰਿਆਂ ਅਤੇ ਇਸ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਸੱਖਤ ਕਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।



ਕੁਲਦੀਪ ਚੰਦ
91-9417563054

ਵਾਤਾਵਰਣ ਵਿੱਚ ਵਧਦੇ ਪ੍ਰਦੂਸ਼ਣ ਨੂੰ ਰੋਕਣ ਲਈ ਸਰਕਾਰ ਵਲੋਂ ਨੈਸਨਲ ਗਰੀਨ ਟ੍ਰਿਬਿਊਨਲ, ਕੇਂਦਰੀ ਪ੍ਰਦੂਸ਼ਣ ਨਿੰਯਤਰਣ ਬੋਰਡ ਅਤੇ ਰਾਜਾਂ ਵਿੱਚ ਰਾਜ ਪ੍ਰਦੂਸ਼ਣ ਨਿੰਯਤਰਣ ਬੋਰਡ ਬਣਾਏ ਗਏ ਹਨ। ਇਨ੍ਹਾਂ ਮਹੱਤਵਪੂਰਨ ਅਦਾਰਿਆਂ ਵਿੱਚ ਸਟਾਫ ਦੀ ਘਾਟ ਕਾਰਨ ਇਨ੍ਹਾਂ ਅਦਾਰਿਆਂ ਨੂੰ ਕੰਮ ਕਰਨ ਵਿੱਚ ਭਾਰੀ ਮੁਸਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੇਂਦਰੀ ਪ੍ਰਦੂਸ਼ਣ ਨਿੰਯਤਰਣ ਬੋਰਡ ਦੀ ਸਾਲਾਨਾ ਰਿਪੋਰਟ ਅਨੁਸਾਰ ਇਸ ਅਦਾਰੇ ਲਈ ਕੁੱਲ 521 ਪੋਸਟਾਂ ਮੰਨਜੂਰ ਹਨ ਜਿਨ੍ਹਾਂ ਵਿੱਚੋਂ 433 ਭਰੀਆਂ ਹੋਈਆਂ ਹਨ ਅਤੇ 09 ਪੋਸਟਾਂ ਖਤਮ ਕਰ ਦਿਤੀਆਂ ਗਈਆਂ ਹਨ ਜਦਕਿ 79 ਪੋਸਟਾਂ ਖਾਲੀ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਿੱਚ ਕੁੱਲ 648 ਅਸਾਮੀਆਂ ਹਨ ਜਿਹਨਾਂ ਵਿੱਚੋਂ 409 ਅਸਾਮੀਆਂ ਭਰੀਆਂ ਹਨ ਅਤੇ 239 ਅਸਾਮੀਆਂ ਖਾਲੀ ਹਨ। ਇਨ੍ਹਾਂ ਅਦਾਰਿਆਂ ਵਿੱਚ ਅਸਾਮੀਆਂ ਖਾਲੀ ਹੋਣ ਤੇ ਪ੍ਰਦੂਸ਼ਣ ਤੇ ਨਿਯੰਤਰਣ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ ਇਹ ਸੋਚਣ ਵਾਲੀ ਗੱਲ ਹੈ।

ਨੈਸਨਲ ਗਰੀਨ ਟ੍ਰਿਬਿਊਨਲ ਵਿੱਚ ਆਏ ਲੱਗਭੱਗ 37666 ਮਾਮਲਿਆਂ ਵਿੱਚੋਂ ਲੱਗਭੱਗ 35405ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਹੈ। ਕੇਂਦਰੀ ਪ੍ਰਦੂਸ਼ਣ ਨਿੰਯਤਰਣ ਬੋਰਡ ਦੀ ਰਿਪੋਰਟ ਅਨੁਸਾਰ ਮਾਣਯੋਗ ਸੁਪਰੀਮ ਕੌਰਟ ਵਿੱਚ 131 ਕੇਸ, ਵੱਖ ਵੱਖ ਹਾਈ ਕੌਰਟਸ ਵਿੱਚ 269 ਅਤੇ ਨੈਸਨਲ ਗਰੀਨ ਟ੍ਰਿਬਿਊਨਲ ਵਿੱਚ 410 ਕੇਸ ਪੈਂਡਿਗ ਪਏ ਹਨ। ਪੰਜਾਬ ਪ੍ਰਦੂਸ਼ਣ ਨਿਯੰਤਰਣ ਬੋਰਡ ਦੀ ਸਾਲਾਨਾ ਰਿਪੋਰਟ ਅਨੁਸਾਰ ਵਾਤਾਵਰਣ ਪ੍ਰਦੂਸ਼ਣ ਸਬੰਧੀ 361 ਕੇਸ ਦਾਇਰ ਕੀਤੇ ਗਏ ਹਨ। ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੌਰਟ, ਮਾਣਯੋਗ ਸੁਪਰੀਮ ਕੌਰਟ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਵਿੱਚ ਵੀ ਕਈ ਕੇਸ ਚੱਲ ਰਹੇ ਹਨ।

ਸਾਨੂੰ ਸਭ ਨੂੰ ਸਰਕਾਰ ਅਤੇ ਪ੍ਰਦੂਸ਼ਣ ਨਿਯੰਤਰਣ ਲਈ ਸਥਾਪਿਤ ਅਦਾਰਿਆਂ ਅਤੇ ਸਮਾਜਿਕ ਸੰਗਠਨਾ ਨਾਲ ਮਿਲਕੇ ਅਪਣੇ ਵਾਤਾਵਰਣ ਨੂੰ ਪ੍ਰਦੂਸ਼ਣ ਦੀ ਮਾਰ ਤੋ ਬਚਾਉਣ ਲਈ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਅਪਣੀਆਂ ਆਣ ਵਾਲੀਆਂ ਪੀੜ੍ਹੀਆਂ ਨੂੰ ਸਾਫ ਅਤੇ ਪ੍ਰਦੂਸ਼ਣ ਮੁੱਕਤ ਵਾਤਾਵਰਣ ਦੇ ਸਕੀਏ ਅਤੇ ਵਿਸ਼ਵ ਵਾਤਾਵਰਣ ਦਿਵਸ ਦੀ ਮਹੱਤਤਾ ਕਾਇਮ ਰਹਿ ਸਕਣ।

# ਸ਼ਹੀਦ ਕਰਨਲ ਹਰਚਰਨ ਸਿੰਘ ਸੇਖੋਂ ਯਾਦਗਾਰੀ ਸਮਾਰਟ ਸਕੂਲ ਦਾਖਾ ਦੇ ਵਿਦਿਆਰਥੀਆਂ ਨੇ ਜਿੱਤਿਆ ਤਹਿਸੀਲ ਪੱਧਰੀ ਕੋਰੀਓਗ੍ਰਾਫੀ ਮੁਕਾਬਲਾ

**ਚੰਡੀਗੜ (ਪ੍ਰੀਤਮ ਲੁਧਿਆਣਵੀ)-** ਸ਼ਹੀਦ ਕਰਨਲ ਹਰਚਰਨ ਸਿੰਘ ਸੇਖੋਂ ਯਾਦਗਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦਾਖਾ ਦੇ ਵਿਦਿਆਰਥੀਆਂ ਨੇ ਤਹਿਸੀਲ ਪੱਧਰੀ ਕੋਰੀਓਗ੍ਰਾਫੀ ਮੁਕਾਬਲਾ ਜਿੱਤਿਆ। ਪ੍ਰਿੰ. ਸ੍ਰੀਮਤੀ ਜਸਪ੍ਰੀਤ ਕੌਰ ਦੀ ਅਗਵਾਈ ਵਿਚ ਵਿਭਾਗੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼ਹੀਦ ਕਰਨਲ ਹਰਚਰਨ ਸਿੰਘ ਸੇਖੋਂ ਯਾਦਗਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦਾਖਾ ਦੀ ਸੀਨੀਅਰ ਵਰਗ ਦੀ ਕੋਰੀਓਗ੍ਰਾਫੀ ਟੀਮ ਨੇ ਆਜਾਦੀ ਦੇ 75 ਸਾਲਾਂ ਨੂੰ ਸਮਰਪਤ ਮੁਕਾਬਲਿਆਂ ਦੀ ਲੜੀ ਵਿੱਚ ਕੋਰੀਓਗ੍ਰਾਫੀ ਵਿੱਚ ਤਹਿਸੀਲ ਪੱਧਰ 'ਤੇ ਪਹਿਲਾ ਸਥਾਨ ਹਾਸਲ ਕਰਕੇ ਜ਼ਿਲੇ ਲਈ ਕੁਆਲੀਫਾਈ ਕਰ ਲਿਆ ਹੈ।



ਡਾਇਰੈਕਟਰ ਅਮਨ ਪਰਵਾਜ਼ ਦੀ ਨਿਰਦੇਸ਼ਨਾ ਅਤੇ ਸਾਇੰਸ ਅਧਿਆਪਕਾ ਸ੍ਰੀਮਤੀ ਮਨਦੀਪ ਕੌਰ ਦੇ ਸੰਚਾਲਨ ਵਿੱਚ ਪ੍ਰਿਆ, ਦਿਲਜੀਤ, ਐਰਿਕ, ਯੱਸ਼, ਅਭਿਜੀਤ ਮਿਲਨਦੀਪ, ਦਲਵਿੰਦਰ ਅੰਗਦ ਜੋਤ ਤੇ ਜਗਜੋਤ ਨੇ ਉੱਤਮ ਕੋਰੀਓਗ੍ਰਾਫੀ ਦੀ ਪੇਸ਼ਕਾਰੀ ਕੀਤੀ। ਇਸ ਗਤੀਵਿਧੀ ਵਿਚ ਸ੍ਰੀ ਮਨਪ੍ਰੀਤ ਸਿੰਘ, ਸ੍ਰੀ ਪਵਨਦੀਪ ਸਿੰਘ ਤੇ ਡਾ।ਰਵਿੰਦਰ ਸਿੰਘ ਅਧਿਆਪਕਾਂ ਦਾ ਵੀ ਅਹਿਮ ਯੋਗਦਾਨ ਰਿਹਾ। ਜ਼ਿਕਰਯੋਗ ਹੈ ਕਿ ਇਸੇ ਟੀਮ ਨੇ ਕੁਝ ਦਿਨ ਪਹਿਲਾਂ ਬਲਾਕ ਪੱਧਰੀ ਮੁਕਾਬਲੇ ਵਿੱਚੋਂ ਕੁਆਲੀਫਾਈ ਕਰਕੇ ਤਹਿਸੀਲ ਵਿਚ ਜਗਾ ਬਣਾਈ ਸੀ।

# "ਬੁੱਧ ਅਤੇ ਉਸ ਦੇ ਧੰਮ" ਨੂੰ ਪ੍ਰਕਾਸ਼ਿਤ ਕਰਨ ਲਈ ਡਾ. ਅੰਬੇਡਕਰ ਨੇ ਪ੍ਰਧਾਨ ਮੰਤਰੀ ਨਹਿਰੂ ਨੂੰ ਮਦਦ ਪੱਤਰ

## ਬਾਬਾ ਸਾਹਿਬ ਡਾ. ਅੰਬੇਡਕਰ ਦਾ ਕਿਤਾਬਾਂ ਨਾਲ ਬੇਮਿਸਾਲ ਪਿਆਰ



ਹਰਦੀਪ ਸਿੰਘ ਚੁੰਬਰ
91-94636-01616


ਵਿਸ਼ਵ ਦੇ ਸਾਰੇ ਹੀ ਦੇਸ਼ਾਂ ਵਿੱਤ ਹਰ ਸਾਲ 23 ਅਪ੍ਰੈਲ ਨੂੰ ਵਿਸ਼ਵ ਪੁਸਤਕ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਇਹ ਮੰਨਦੇ ਹੋਏ ਕਿ ਬਾਬਾ ਸਾਹਿਬ ਅੰਬੇਡਕਰ ਦੀਆਂ ਲਿਖਤਾਂ ਅਤੇ ਭਾਸ਼ਣਾਂ ਦਾ ਜ਼ਿਕਰ ਕੀਤੇ ਬਿਨਾਂ ਜਾਂ ਬਾਬਾ ਸਾਹਿਬ ਅੰਬੇਡਕਰ ਦੇ ਕਿਤਾਬਾਂ ਪ੍ਰਤੀ ਪਿਆਰ ਨੂੰ ਧਿਆਨ ਵਿੱਚ ਰੱਖੇ ਬਿਨਾਂ ਇੱਕ ਅਨੁਚਿਤ ਅਤੇ ਧੋਖੇ ਵਾਲਾ ਕੰਮ ਹੋਵੇਗਾ।

ਕੋਲੰਬੀਆ ਯੂਨੀਵਰਸਿਟੀ ਵਿਚ ਪੜ੍ਹਦਿਆਂ, ਬਾਬਾ ਸਾਹਿਬ ਅੰਬੇਡਕਰ ਨੇ ਪੜ੍ਹਨ ਲਈ 2000 ਤੋਂ ਵੱਧ ਕਿਤਾਬਾਂ ਖਰੀਦੀਆਂ ਸਨ (ਸਰੋਤ - ਪੰਨਾ 188, 'ਮੇਕਰਜ਼ ਆਫ਼ ਮਾਡਰਨ ਇੰਡੀਆ' ਅਤੇ ਬਾਬਾ ਸਾਹਿਬ ਅੰਬੇਡਕਰ ਦੇ ਜੀਵਨੀਕਾਰ ਧਨੰਜੇ ਕੀਰ ਨੇ ਵੀ ਇਸਦਾ ਜ਼ਿਕਰ ਕੀਤਾ ਹੈ)! ਬਾਬਾ ਸਾਹਿਬ ਦਾ ਕਿਤਾਬਾਂ ਨਾਲ ਪਿਆਰ ਉਮਰ ਭਰ ਬਣਿਆ ਰਿਹਾ। ਲੰਡਨ ਵਿੱਚ, 1931 ਵਿੱਚ ਗੋਲਮੇਜ਼ ਕਾਨਫਰੰਸ ਵਿੱਚ ਸ਼ਾਮਲ ਹੋਣ ਸਮੇਂ, ਬਾਬਾ ਸਾਹਿਬ ਅੰਬੇਡਕਰ ਨੇ ਕਿਤਾਬਾਂ ਦੇ 32 ਵੱਡੇ ਬਕਸੇ ਖਰੀਦੇ ਸਨ। ਕੀ ਇਹ ਹੈਰਾਨੀਜਨਕ ਨਹੀਂ ਹੈ?

ਰਾਜਗ੍ਰਹਿ ਵਿਚ, ਦਾਦਰ, ਮੁੰਬਈ ਵਿਚ ਉਸ ਨੇ ਜੋ ਘਰ ਬਣਾਇਆ, ਉਸ ਵਿਚ 50,000 ਤੋਂ ਵੱਧ ਕਿਤਾਬਾਂ ਦੀ ਇਕ ਵੱਡੀ ਲਾਇਬ੍ਰੇਰੀ ਸੀ। ਕਿਹਾ ਜਾਂਦਾ ਹੈ ਕਿ ਉਸਨੇ ਸਾਧਨਾਂ ਦੀ ਘਾਟ ਦੇ ਬਾਵਜੂਦ, ਖਾਸ ਕਰਕੇ ਕਿਤਾਬਾਂ ਲਈ ਘਰ ਬਣਾਇਆ। ਉਸਦੀ ਮੌਤ ਦੇ ਸਮੇਂ ਇਹ ਦੁਨੀਆ ਦੀਆਂ ਸਭ ਤੋਂ ਵੱਡੀਆਂ ਨਿੱਜੀ ਲਾਇਬ੍ਰੇਰੀਆਂ ਵਿੱਚੋਂ ਇੱਕ ਸੀ। ਕਿਤਾਬਾਂ ਖਰੀਦਣ ਅਤੇ ਕੁਝ ਕਰਜ਼ਿਆਂ ਦੀ ਅਦਾਇਗੀ ਕਰਨ ਲਈ ਉਸਨੇ ਆਪਣਾ ਪੁਰਾਣਾ ਘਰ ਵੇਚ ਦਿੱਤਾ। ਬਾਬਾ ਸਾਹਿਬ ਅੰਬੇਡਕਰ ਨੇ ਆਪਣੀ ਤਨਖਾਹ ਦਾ ਅੱਧਾ ਹਿੱਸਾ ਕਿਤਾਬਾਂ ਖਰੀਦਣ 'ਤੇ ਖਰਚ ਕਰਨ ਦੀ ਵਕਾਲਤ ਕੀਤੀ ਸੀ। ਕਿੰਨਾ ਹੈਰਾਨੀਜਨਕ ਵਿਅਕਤੀ ਅਤੇ ਕਿਤਾਬਾਂ ਲਈ ਉਸਦਾ ਪਿਆਰ! ਡਾ: ਅੰਬੇਡਕਰ ਕੋਲ ਜੌਨ ਡਿਵੀ, ਐਡਵਿਨ ਸੇਲਿਗਮੈਨ, ਕਬੀਰ, ਬੁੱਧ, ਤੁਕਾਰਾਮ, ਕਾਨੂੰਨ, ਅਰਥ ਸ਼ਾਸਤਰ ਤੋਂ ਸੰਵਿਧਾਨਕ ਮਾਮਲਿਆਂ 'ਤੇ ਕਿਤਾਬਾਂ ਦਾ ਵਿਸ਼ਾਲ ਸੰਗ੍ਰਹਿ ਸੀ। ਇਨ੍ਹਾਂ ਸਾਰੇ ਮਹਾਨ ਵਿਅਕਤੀਆਂ ਦਾ ਪ੍ਰਭਾਵ ਉਸ ਦੀਆਂ ਲਿਖਤਾਂ ਅਤੇ ਭਾਸ਼ਣਾਂ ਵਿਚ ਦੇਖਿਆ ਜਾ ਸਕਦਾ ਹੈ, ਜਿਸ ਵਿਚ ਉਹ ਕਈ ਵਾਰ ਉਨ੍ਹਾਂ ਦੇ ਹਵਾਲੇ ਦਿੰਦੇ ਹਨ।

22 ਸਾਲ ਦੀ ਉਮਰ ਵਿੱਚ ਬਾਬਾ ਸਾਹਿਬ ਅੰਬੇਡਕਰ ਨੂੰ ਕਿਤਾਬਾਂ ਪੜ੍ਹਨ ਦੀ ਇੰਨੀ ਭੁੱਖ ਸੀ ਕਿ ਉਨ੍ਹਾਂ ਨੇ ਔਖੀ ਆਰਥਿਕ ਸਥਿਤੀ ਦੇ ਬਾਵਜੂਦ 2000 ਕਿਤਾਬਾਂ ਖਰੀਦੀਆਂ। ਕੀ ਇਹ ਹੈਰਾਨੀਜਨਕ ਨਹੀਂ ਹੈ ਕਿ ਸਾਰੀਆਂ ਮੁਸ਼ਕਲਾਂ ਨੂੰ ਟਾਲਦਿਆਂ ਉਸਨੇ ਅਧਿਐਨ ਕੀਤਾ ਅਤੇ ਉਹ ਪ੍ਰਾਪਤ ਕੀਤਾ ਜੋ ਸਾਡੇ ਵਿੱਚੋਂ ਕੋਈ ਵੀ ਕਦੇ ਨਹੀਂ ਕਰ ਸਕੇਗਾ? ਉਸ ਨੇ ਜੋ ਵੀ ਮਹਾਨਤਾ ਪ੍ਰਾਪਤ ਕੀਤੀ, ਉਸ ਲਈ ਪੜ੍ਹੀਆਂ ਗਈਆਂ ਕਿਤਾਬਾਂ ਨੇ ਮਹੱਤਵਪੂਰਣ ਭੂਮਿਕਾ ਨਿਭਾਈ, ਜਿਵੇਂ ਕਿ ਬੁੱਧ 'ਤੇ ਕਿਤਾਬ ਜੋ ਕਿ ਉਸ ਨੂੰ ਕਿਸ਼ੋਰ ਦੇ ਰੂਪ ਵਿੱਚ ਮਿਲੀ ਸੀ, ਜੀਵਨ ਦੇ ਬਾਅਦ ਦੇ ਪੜਾਅ 'ਤੇ ਬੁੱਧ ਧਰਮ ਵਿੱਚ ਉਸਦੀ ਦਿਲਚਸਪੀ ਦਾ ਕਾਰਨ ਬਣੀ।

ਡਾ: ਬਾਬਾ ਸਾਹਿਬ ਅੰਬੇਡਕਰ ਨੇ ਆਪਣੀਆਂ ਲਿਖਤਾਂ ਨੂੰ ਪ੍ਰਕਾਸ਼ਿਤ ਕਰਨ ਲਈ ਸਾਰੀ ਉਮਰ ਸੰਘਰਸ਼ ਕੀਤਾ। ਉਸ ਦੀਆਂ ਜ਼ਿਆਦਾਤਰ ਕਿਤਾਬਾਂ ਬੰਬਈ ਦੇ ਪ੍ਰਕਾਸ਼ਕ ਠਾਕਰ ਐਂਡ ਕੰਪਨੀ ਦੁਆਰਾ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ। ਇਹ ਥੋੜਾ ਜਿਹਾ ਜਾਣਿਆ-ਪਛਾਣਿਆ ਤੱਥ ਹੈ ਕਿ ਡਾ ਅੰਬੇਡਕਰ ਕੋਲ ਆਪਣੀ ਆਖ਼ਰੀ ਕਿਤਾਬ "ਦਿ ਬੁੱਢਾ ਅਤੇ ਉਸ ਦਾ ਧੰਮ" ਪ੍ਰਕਾਸ਼ਿਤ ਕਰਨ ਲਈ ਕੋਈ ਪੈਸਾ ਨਹੀਂ ਸੀ। ਡਾ: ਬਾਬਾ ਸਾਹਿਬ ਅੰਬੇਡਕਰ ਨੇ ਹਿੰਦੂ ਧਰਮ ਛੱਡਣ ਅਤੇ ਬੁੱਧ ਧਰਮ ਅਪਣਾਉਣ ਤੋਂ ਠੀਕ ਇੱਕ ਮਹੀਨਾ ਪਹਿਲਾਂ 14 ਸਤੰਬਰ 1956 ਨੂੰ ਉਸ ਸਮੇਂ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਇੱਕ ਪੱਤਰ ਲਿਖਿਆ, ਉਹਨਾ ਨੇ "ਬੁੱਧ ਅਤੇ ਉਸ ਦੇ ਧੰਮ" ਕਿਤਾਬ ਦੇ ਪ੍ਰਕਾਸ਼ਨ ਵਿੱਚ ਮਦਦ ਮੰਗੀ।




ਡਾ ਬੀਆਰ ਅੰਬੇਦਕਰ ਨੇ 14 ਸਤੰਬਰ 1956 ਨੂੰ ਪੰਡਿਤ ਜਵਾਹਦਲ ਨਹਿਰੂ ਨੂੰ "ਬੁੱਧ ਅਤੇ ਉਸ ਦਾ ਧੰਮ" ਬਾਰੇ ਇੱਕ ਕਿਤਾਬ ਲਿਖੀ ਸੀ। ਇਹ ਇਸ ਪ੍ਰਕਾਰ ਹੈ-

ਕਿਤਾਬ 'ਬੁੱਧ ਅਤੇ ਉਸ ਦਾ ਧੰਮ' ਬਾਰੇ ਜਵਾਹਰ ਲਾਲ ਨਹਿਰੂ ਨੂੰ ਪੱਤਰ

ਮੇਰੇ ਪਿਆਰੇ ਪੰਡਿਤ ਜੀ,

ਮੈਂ ਇੱਥੇ "ਬੁੱਧ ਅਤੇ ਉਸ ਦਾ ਧੰਮ" 'ਤੇ ਇੱਕ ਕਿਤਾਬ ਦੇ ਵਿਸ਼ਾ-ਵਸਤੂ ਸਾਰਣੀ ਨੂੰ ਦਰਸਾਉਂਦੀ ਇੱਕ ਛਾਪੀ ਗਈ ਕਿਤਾਬਚਾ ਦੀਆਂ ਦੋ ਕਾਪੀਆਂ ਨਾਲ ਨੱਥੀ ਕਰ ਰਿਹਾ ਹਾਂ ਜੋ ਮੈਂ ਹੁਣੇ ਖਤਮ ਕੀਤਾ ਹੈ। ਪੁਸਤਕ ਪ੍ਰੈੱਸ ਵਿੱਚ ਹੈ। ਸਮੱਗਰੀ ਦੀ ਸਾਰਣੀ ਤੋਂ ਤੁਸੀਂ ਆਪਣੇ ਆਪ ਨੂੰ ਦੇਖ ਸਕੋਗੇ ਕਿ ਕੰਮ ਕਿੰਨਾ ਵਿਸਤ੍ਰਿਤ ਹੈ। ਕਿਤਾਬ ਦੇ ਸਤੰਬਰ 1956 ਵਿੱਚ ਮਾਰਕੀਟ ਵਿੱਚ ਆਉਣ ਦੀ ਉਮੀਦ ਹੈ। ਮੈਂ ਇਸ ਉੱਤੇ ਪੰਜ ਸਾਲ ਬਿਤਾਏ ਹਨ। ਕਿਤਾਬਚਾ ਕੰਮ ਦੀ ਗੁਣਵੱਤਾ ਲਈ ਬੋਲੇਗਾ।

ਛਪਾਈ ਦੀ ਲਾਗਤ ਬਹੁਤ ਭਾਰੀ ਹੈ ਅਤੇ ਲਗਭਗ ਰੁਪਏ ਆਵੇਗੀ। 20,000 ਇਹ ਮੇਰੀ ਸਮਰੱਥਾ ਤੋਂ ਬਾਹਰ ਹੈ ਅਤੇ ਇਸ ਲਈ ਮੈਂ ਹਰ ਪਾਸਿਓਂ ਮਦਦ ਮੰਗ ਰਿਹਾ ਹਾਂ।

ਮੈਂ ਹੈਰਾਨ ਹਾਂ ਕਿ ਕੀ ਭਾਰਤ ਸਰਕਾਰ ਵੱਖ-ਵੱਖ ਲਾਇਬ੍ਰੇਰੀਆਂ ਅਤੇ ਬਹੁਤ ਸਾਰੇ ਵਿਦਵਾਨਾਂ ਵਿੱਚ ਵੰਡਣ ਲਈ ਲਗਭਗ 500 ਕਾਪੀਆਂ ਖਰੀਦ ਸਕਦੀ ਹੈ ਜਿਨ੍ਹਾਂ ਨੂੰ ਉਹ ਇਸ ਸਾਲ ਦੇ ਦੌਰਾਨ ਬੁੱਧ ਦੀ 2500 ਸਾਲਾ ਵਰ੍ਹੇਗੰਢ ਦੇ ਜਸ਼ਨ ਲਈ ਸੱਦਾ ਦੇ ਰਹੀ ਹੈ।

ਮੈਂ ਬੁੱਧ ਧਰਮ ਵਿੱਚ ਤੁਹਾਡੀ ਦਿਲਚਸਪੀ ਨੂੰ ਜਾਣਦਾ ਹਾਂ। ਇਸੇ ਲਈ ਮੈਂ ਤੁਹਾਨੂੰ ਲਿਖ ਰਿਹਾ ਹਾਂ। ਮੈਨੂੰ ਉਮੀਦ ਹੈ ਕਿ ਤੁਸੀਂ ਇਸ ਮਾਮਲੇ ਵਿੱਚ ਕੁਝ ਮਦਦ ਕਰੋਗੇ।

ਤੁਹਾਡਾ ਦਿਲੋਂ,

(ਦਸਤਖਤ ਕੀਤੇ) ਬੀ ਆਰ ਅੰਬੇਡਕਰ,
26, ਅਲੀਪੁਰ ਰੋਡ, ਸਿਵਲ ਲਾਈਨਜ਼,
ਦਿੱਲੀ।

ਪੰਡਿਤ ਜਵਾਹਰ ਲਾਲ ਨਹਿਰੂ ਨੇ ਡਾ ਬੀ ਆਰ ਅੰਬੇਡਕਰ ਦੀ ਚਿੱਠੀ ਦਾ ਜਵਾਬ ਦਿੱਤਾ ਸੀ। ਉਸਨੇ "ਬੁੱਧ ਅਤੇ ਉਸਦਾ ਧੰਮ" ਕਿਤਾਬ ਖਰੀਦਣ ਵਿੱਚ ਅਸਮਰੱਥਾ ਜ਼ਾਹਰ ਕੀਤੀ। ਉਨ੍ਹਾਂ ਨੇ ਬੁੱਧ ਜੈਅੰਤੀ ਕਮੇਟੀ ਦੇ ਚੇਅਰਮੈਨ ਡਾ ਰਾਧਾ ਕ੍ਰਿਸ਼ਨ ਦਾ ਹਵਾਲਾ ਦਿੱਤਾ। ਡਾ ਐਸ ਰਾਧਾਕ੍ਰਿਸ਼ਨਨ ਨੇ ਡਾ ਬੀ ਆਰ ਅੰਬੇਦਕਰ ਨੂੰ ਫ਼ੋਨ 'ਤੇ ਸੂਚਿਤ ਕੀਤਾ ਅਤੇ ਇਸ ਸਬੰਧੀ ਕੁਝ ਕਰਨ ਤੋਂ ਅਸਮਰੱਥਾ ਪ੍ਰਗਟਾਈ। ਹੋਰ ਤਾਂ ਹੋਰ, ਡਾ ਅੰਬੇਡਕਰ ਨੂੰ ਬੁੱਧ ਦੀ 2500ਵੀਂ ਜਯੰਤੀ ਮਨਾਉਣ ਵਾਲੀ ਕਮੇਟੀ ਤੋਂ ਬਾਹਰ ਰੱਖਿਆ ਗਿਆ।

ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਜਵਾਹਰ ਲਾਲ ਨਹਿਰੂ ਨੇ ਬੀ ਆਰ ਅੰਬੇਡਕਰ ਨੂੰ ਚਿੱਠੀ ਦਾ ਜਵਾਬ

ਸ਼੍ਰੀ ਜਵਾਹਰ ਲਾਲ ਨਹਿਰੂ,
ਭਾਰਤ ਦੇ ਪ੍ਰਧਾਨ ਮੰਤਰੀ,
ਦਿੱਲੀ
ਨੰਬਰ 2196-PMH/56।
15 ਸਤੰਬਰ 1956 ਈ।

ਮੇਰੇ ਪਿਆਰੇ ਡਾ: ਅੰਬੇਡਕਰ,

ਤੁਹਾਡਾ 14 ਸਤੰਬਰ ਦਾ ਪੱਤਰ।

ਮੈਨੂੰ ਸ਼ੱਕ ਹੈ ਕਿ ਕੀ ਤੁਹਾਡੇ ਦੁਆਰਾ ਸੁਝਾਈ ਗਈ ਤੁਹਾਡੀ ਕਿਤਾਬ ਦੀਆਂ ਵੱਡੀ ਗਿਣਤੀ ਵਿੱਚ ਕਾਪੀਆਂ ਖਰੀਦਣਾ ਸਾਡੇ ਲਈ ਸੰਭਵ ਹੋਵੇਗਾ ਜਾਂ ਨਹੀਂ। ਅਸੀਂ ਬੁੱਧ ਜਯੰਤੀ ਦੇ ਮੌਕੇ 'ਤੇ ਪ੍ਰਕਾਸ਼ਨ ਲਈ ਇੱਕ ਨਿਸ਼ਚਿਤ ਰਕਮ ਰੱਖੀ ਸੀ। ਉਹ ਰਕਮ ਖਤਮ ਹੋ ਗਈ ਹੈ ਅਤੇ, ਅਸਲ ਵਿੱਚ, ਵੱਧ ਗਈ ਹੈ। ਬੁੱਧ ਧਰਮ ਨਾਲ ਸਬੰਧਤ ਕਿਤਾਬਾਂ ਦੇ ਕੁਝ ਪ੍ਰਸਤਾਵਾਂ ਨੂੰ ਸਾਡੇ ਦੁਆਰਾ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਸੀ, ਇਸ ਲਈ, ਰੱਦ ਕਰ ਦਿੱਤਾ ਗਿਆ ਸੀ। ਹਾਲਾਂਕਿ, ਮੈਂ ਤੁਹਾਡਾ ਪੱਤਰ ਬੁੱਧ ਜੈਅੰਤੀ ਕਮੇਟੀ ਦੇ ਚੇਅਰਮੈਨ ਡਾ। ਰਾਧਾਕ੍ਰਿਸ਼ਨਨ ਨੂੰ ਭੇਜ ਰਿਹਾ ਹਾਂ।

ਮੈਂ ਸੁਝਾਅ ਦੇ ਸਕਦਾ ਹਾਂ ਕਿ ਤੁਹਾਡੀ ਕਿਤਾਬ ਦਿੱਲੀ ਅਤੇ ਹੋਰ ਥਾਵਾਂ 'ਤੇ ਬੁੱਧ ਜਯੰਤੀ ਦੇ ਜਸ਼ਨਾਂ ਦੇ ਸਮੇਂ ਵਿਕਰੀ ਲਈ ਹੋ ਸਕਦੀ ਹੈ ਜਦੋਂ ਬਹੁਤ ਸਾਰੇ ਲੋਕ ਵਿਦੇਸ਼ਾਂ ਤੋਂ ਆਉਣਗੇ। ਇਹ ਫਿਰ ਇੱਕ ਚੰਗੀ ਵਿਕਰੀ ਦੇ ਅਵਸ਼ਰ ਲੱਭ ਸਕਦਾ ਹੈ।

ਤੁਹਾਡਾ ਦਿਲੋਂ,

(ਦਸਤਖਤ) ਜਵਾਹਰ ਲਾਲ ਨਹਿਰੂ

ਸਰੋਤ - ਡਾ ਬਾਬਾ ਸਾਹਿਬ ਅੰਬੇਡਕਰ ਰਾਈਟਿੰਗਜ਼ ਐਂਡ ਸਪੀਚਜ਼, ਭਾਗ। 17, ਭਾਗ 1, 2014 ਅੰਗਰੇਜ਼ੀ ਐਡੀਸ਼ਨ, ਪੰਨਾ ਨੰ 444-445

# ਸੰਤ ਸੀਚੇਵਾਲ ਤੇ ਸਾਹਨੀ ਦਾ ਰਾਜ ਸਭਾ ਮੈਂਬਰ ਬਣਨਾ ਤੈਅ

**ਚੰਡੀਗੜ੍ਹ** - ਪਦਮਸ਼੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਤੇ ਵਿਕਰਮਜੀਤ ਸਿੰਘ ਸਾਹਨੀ ਦਾ ਰਾਜ ਸਭਾ ਜਾਣਾ ਤੈਅ ਹੈ। ਮੰਗਲਵਾਰ ਨੂੰ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੇ ਆਖ਼ਰੀ ਦਿਨ ਸੰਤ ਸੀਚੇਵਾਲ ਤੇ ਸਾਹਨੀ ਨੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਹਾਜ਼ਰੀ 'ਚ ਵਿਧਾਨ ਸਭਾ ਦੇ ਸਕੱਤਰ-ਕਮ-ਰਿਟਰਨਿੰਗ ਅਧਿਕਾਰੀ ਕੋਲ ਆਪਣੇ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ। ਆਖ਼ਰੀ ਦਿਨ ਸੰਤ ਸੀਚੇਵਾਲ ਤੇ ਸਾਹਨੀ ਤੋਂ ਇਲਾਵਾ ਕਿਸੇ ਹੋਰ ਉਮੀਦਵਾਰ ਨੇ ਕਾਗਜ਼ ਨਹੀਂ ਭਰੇ, ਇਸ ਤਰ੍ਹਾਂ ਦੋਵਾਂ ਉਮੀਦਵਾਰਾਂ ਦਾ ਨਿਰਵਿਰੋਧ ਰਾਜ ਸਭਾ ਲਈ ਮੈਂਬਰ ਚੁਣੇ ਜਾਣਾ ਤੈਅ ਹੈ। ਬੁੱਧਵਾਰ ਨੂੰ ਕਾਗਜ਼ਾਂ ਦੀ ਜਾਂਚ-ਪੜਤਾਲ ਹੋਵੇਗੀ ਤੇ ਤਿੰਨ ਜੂਨ ਨੂੰ ਤਿੰਨ ਵਜੇ ਤੱਕ ਕਾਗਜ਼ ਵਾਪਸ ਲੈਣ ਦੀ ਪ੍ਰਕ੍ਰਿਆ ਖ਼ਤਮ ਹੋਣ ਤੋਂ ਬਾਅਦ ਰਿਟਰਨਿੰਗ ਅਧਿਕਾਰੀ ਵੱਲੋਂ ਰਾਜ ਸਭਾ ਲਈ ਬਿਨਾਂ ਮੁਕਾਬਲਾ ਚੁਣੇ ਗਏ ਸੰਤ ਬਲਬੀਰ ਸਿੰਘ ਸੀਚੇਵਾਲ ਤੇ ਵਿਕਰਮਜੀਤ ਸਿੰਘ ਸਾਹਨੀ ਨੂੰ ਜੇਤੂ ਐਲਾਨ ਕੇ ਸਰਟੀਫਿਕੇਟ ਦਿੱਤਾ ਜਾਵੇਗਾ। ਵਰਨਣਯੋਗ ਹੈ ਕਿ ਕਾਂਗਰਸ ਦੀ ਰਾਜ ਸਭਾ ਮੈਂਬਰ ਅੰਬਿਕਾ ਸੋਨੀ ਤੇ ਅਕਾਲੀ ਦਲ ਦੇ ਬਲਵਿੰਦਰ ਸਿੰਘ ਭੂੰਦੜ ਦੇ ਕਾਰਜਕਾਲ ਦੀ ਮਿਆਦ 4 ਜੁਲਾਈ ਨੂੰ ਖ਼ਤਮ ਹੋ ਰਹੀ ਹੈ। ਇਸ ਤੋਂ ਬਾਅਦ ਨਵੇਂ ਚੁਣੇ





ਗਏ ਦੋਵੇਂ ਮੈਂਬਰ ਰਾਜ ਸਭਾ ਦੇ ਮੈਂਬਰ ਵਜੋਂ ਸਹੁੰ ਚੁੱਕ ਸਕਣਗੇ। ਪੰਜਾਬ ਤੋਂ ਰਾਜ ਸਭਾ ਦੀਆਂ ਸੱਤ ਸੀਟਾਂ ਹਨ। ਵਿਧਾਨ ਸਭਾ ਦੀਆਂ 117 ਸੀਟਾਂ 'ਚੋਂ 92 ਸੀਟਾਂ 'ਆਪ' ਦੇ ਹਿੱਸੇ ਆਈਆਂ ਹਨ। ਪੰਜਾਬ ਦੇ ਸਿਆਸੀ ਇਤਿਹਾਸ 'ਚ ਪਹਿਲੀ ਵਾਰ ਹੈ ਕਿ ਰਾਜ ਸਭਾ 'ਚ ਸੱਤ ਦੇ ਸੱਤ ਮੈਂਬਰ ਤੀਜੀ ਧਿਰ ਦੇ ਚੁਣੇ ਗਏ ਹਨ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਬਣੀ 15ਵੀਂ ਵਿਧਾਨ ਸਭਾ 'ਚ ਕਾਂਗਰਸ ਦੇ 77 ਵਿਧਾਇਕ ਜਿੱਤੇ ਸਨ ਪਰ ਇਨ੍ਹਾਂ ਪੰਜ ਸਾਲਾਂ 'ਚ ਰਾਜ ਸਭਾ ਲਈ ਕੋਈ ਚੋਣ ਨਹੀਂ ਹੋ ਸਕੀ।


# ਖੇਲੋ ਇੰਡੀਆ ਯੁਵਾ ਖੇਡਾਂ 'ਚ ਪਹਿਲੀ ਵਾਰ ਸ਼ਾਮਲ ਗੱਤਕਾ ਹੋਵੇਗਾ ਵਿਸ਼ੇਸ਼ ਖਿੱਚ ਦਾ ਕੇਂਦਰ

**ਚੰਡੀਗੜ੍ਹ**-ਤਾਊ ਦੇਵੀ ਲਾਲ ਸਪੋਰਟਸ ਕੰਪਲੈਕਸ ਪੰਚਕੂਲਾ, ਹਰਿਆਣਾ ਵਿਖੇ 4 ਜੂਨ ਤੋਂ 13 ਜੂਨ ਤੱਕ ਹੋ ਰਹੀਆਂ ਚੌਥੀਆਂ ਖੇਲੋ ਇੰਡੀਆ ਯੂਥ ਖੇਡਾਂ ਦੌਰਾਨ ਮਾਰਸ਼ਲ ਆਰਟ ਗੱਤਕਾ ਦੇ ਮੁਕਾਬਲੇ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੇ ਜਿਸ ਵਿਚ 16 ਰਾਜਾਂ ਦੇ ਗੱਤਕੇਬਾਜ਼ ਲੜਕੇ ਅਤੇ ਲੜਕੀਆਂ ਆਪੋ-ਆਪਣੇ ਜੌਹਰ ਦਿਖਾਉਣਗੀਆਂ ।

ਇੱਥੇ ਇਹ ਜਾਣਕਾਰੀ ਦਿੰਦੇ ਹੋਏ ਦੇਸ਼ ਦੀ ਸਭ ਤੋਂ ਪੁਰਾਣੀ ਰਜਿਸਟਰਡ ਗੱਤਕਾ ਖੇਡ ਸੰਸਥਾ, ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਸ। ਹਰਜੀਤ ਸਿੰਘ ਗਰੇਵਾਲ, ਸਟੇਟ ਐਵਾਰਡੀ, ਨੇ ਦੱਸਿਆ ਕਿ ਕੌਮੀ ਖੇਡਾਂ ਦੇ ਇਸ ਵੱਕਾਰੀ ਮਹਾਂਕੁੰਭ ਵਿੱਚ ਓਲੰਪਿਕ ਖੇਡਾਂ ਦਾ ਰੁਤਬਾ ਪ੍ਰਾਪਤ 25 ਖੇਡਾਂ ਤੋਂ ਇਲਾਵਾ ਮਾਰਸ਼ਲ ਆਰਟ ਗੱਤਕਾ ਵੀ ਇਸ ਵਾਰ ਖੇਲੋ ਇੰਡੀਆ ਯੁਵਾ ਖੇਡਾਂ ਦਾ ਹਿੱਸਾ ਬਣਿਆ ਹੈ। ਉਨ੍ਹਾਂ ਦੱਸਿਆ ਕਿ ਮਾਣ ਵਾਲੀ ਗੱਲ ਹੈ ਕਿ ਪਹਿਲੀ ਵਾਰ ਕੇਂਦਰੀ ਖੇਡ ਮੰਤਰਾਲੇ ਵੱਲੋਂ ਗੱਤਕਾ ਖੇਡ ਨੂੰ ਕੌਮੀ ਪੱਧਰ ਦੀਆਂ ਖੇਡਾਂ ਵਿੱਚ ਮੁਕਾਬਲੇ ਵਾਲੀ ਖੇਡ ਵਜੋਂ ਸ਼ਾਮਲ ਕਰਕੇ ਪੁਰਾਤਨ ਗੱਤਕੇ ਨੂੰ ਮਾਨਤਾ ਦਿੱਤੀ ਹੈ। ਗੱਤਕਾ ਪ੍ਰਮੋਟਰ ਸ। ਗਰੇਵਾਲ ਨੇ ਦੱਸਿਆ ਕਿ ਸਪੋਰਟਸ ਅਥਾਰਟੀ ਆਫ਼ ਇੰਡੀਆ ਵੱਲੋਂ ਇਸ ਖੇਡ ਮਹਾਕੁੰਭ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਉਚੇਚੇ ਤੌਰ ਤੇ ਗੇਮਜ਼ ਟੈਕਨੀਕਲ ਕੰਡਕਟ ਕਮੇਟੀ (ਜੀ-ਟੀਸੀਸੀ) ਗਠਤ ਕੀਤੀ ਗਈ ਹੈ। ਇਸ ਉੱਚ ਤਾਕਤੀ ਅਧਿਕਾਰਤ ਕਮੇਟੀ ਵਿਚ ਸਮੂਹ ਖੇਡਾਂ ਦਾ ਇੱਕ ਇੱਕ ਨੁਮਾਇੰਦਾ ਬਤੌਰ ਕੰਪੀਟੀਸ਼ਨ ਮੈਨੇਜਰ ਸ਼ਾਮਲ ਕੀਤਾ ਗਿਆ ਹੈ ਅਤੇ ਸਰਕਾਰ ਨੇ ਉਨ੍ਹਾਂ ਨੂੰ ਗੱਤਕਾ ਕੰਪੀਟੀਸ਼ਨ ਮੈਨੇਜਰ ਵਜੋਂ ਇਸ ਅਖਤਿਆਰੀ ਕਮੇਟੀ ਵਿੱਚ ਸ਼ਾਮਲ ਕੀਤਾ ਹੈ ਜੀਟੀਸੀਸੀ ਕਮੇਟੀ ਦੇ ਕੰਪੀਟੀਸ਼ਨ ਮੈਨੇਜਰ ਸ। ਗਰੇਵਾਲ ਨੇ ਦੱਸਿਆ ਕਿ ਖੇਲੋ ਇੰਡੀਆ ਯੁਵਾ ਖੇਡਾਂ ਦੌਰਾਨ ਗੱਤਕਾ ਮੁਕਾਬਲੇ 4 ਜੂਨ ਤੋਂ 6 ਜੂਨ ਤੱਕ ਹੋਣਗੇ ਜਿਨ੍ਹਾਂ ਵਿੱਚ 16 ਰਾਜਾਂ ਦੀਆਂ ਲੜਕੇ ਅਤੇ ਲੜਕੀਆਂ ਦੀਆਂ ਗੱਤਕਾ ਟੀਮਾਂ ਭਾਗ ਲੈ ਰਹੀਆਂ ਹਨ।



ਉਨ੍ਹਾਂ ਦੱਸਿਆ ਕਿ ਇਨ੍ਹਾਂ ਗੱਤਕਾ ਮੁਕਾਬਲਿਆ ਵਿਚ ਸ਼ਾਮਲ 256 ਗੱਤਕੇਬਾਜ਼ 80 ਤਗ਼ਮਿਆਂ ਲਈ ਵੱਖ-ਵੱਖ ਮੁਕਾਬਲਿਆਂ ਵਿੱਚ ਭਿੜਨਗੇ। ਉਨ੍ਹਾਂ ਦੱਸਿਆ ਕਿ ਕ੍ਰਿਕਟ ਸਟੇਡੀਅਮ ਪੰਚਕੂਲਾ ਅੰਦਰ ਬਣਾਏ ਗਏ ਵਿਸ਼ੇਸ਼ ਵਾਤਾਅਨੁਕੂਲ ਪੰਡਾਲ ਵਿੱਚ 4 ਜੂਨ ਨੂੰ ਸਵੇਰੇ 9 ਵਜੇ ਇਨ੍ਹਾਂ ਮੁਕਾਬਲਿਆਂ ਦਾ ਉਦਘਾਟਨ ਹੋਵੇਗਾ ਅਤੇ 6 ਜੂਨ ਨੂੰ ਬਾਅਦ ਦੁਪਹਿਰ 3 ਵਜੇ ਮੁਕਾਬਲਿਆਂ ਵਿੱਚੋਂ ਜੇਤੂ ਰਹੇ ਗੱਤਕੇਬਾਜ਼ਾਂ ਨੂੰ ਇਨਾਮ ਤਕਸੀਮ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਖੇਡਾਂ ਦੇ ਇਸ ਮਹਾਕੁੰਭ ਦੌਰਾਨ ਬਾਹਰਲੇ ਰਾਜਾਂ ਤੋਂ ਆਉਣ ਵਾਲੇ ਖਿਡਾਰੀਆਂ ਅਤੇ ਦਰਸ਼ਕਾਂ ਲਈ ਮਾਰਸ਼ਲ ਆਰਟ ਗੱਤਕਾ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗਾ।





Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html




My Struggle in Life:

Das Pawar, Ishwar: 9781682131558:


Amazon.com: Book

https://www.amazon.com/Struggle-Life-Ishwar-Das-Pawar/dp/1682131556

# ਗੁਰਦੁਆਰਾ ਸਾਂਝਾ ਸਾਹਿਬ ਬੇ ਪੁਵਾਂਇੰਟ ਨੇੜੇ ਪਿਟਸਬਰਗ (ਕੈਲੇਫੋਰਨੀਆਂ) ਵਿਖੇ ਪ੍ਰੋ.ਸਰਬਜੀਤ ਸਿੰਘ ਧੂੰਦਾ ਨੇ ਸ਼ਬਦ ਵਿਚਾਰ ਕੀਤੀ ਤੇ ਭਾਈ ਅਵਤਾਰ ਸਿੰਘ ਮਿਸ਼ਨਰੀ ਦੀ "ਅਕਲੀਂ ਪੜ੍ਹਿ ਕੈ ਬੁਝੀਐ" ਪੁਸਤਕ ਸੰਗਤਾਂ 'ਚ ਰੀਲੀਜ ਕੀਤੀ ਗਈ!

**ਬੇ ਪੁਵਾਂਇੰਟ (ਪਿਟਸਬਰਗ ਬਿਊਰੋ)** 29 ਮਈ 2022 ਦਿਨ ਐਤਵਾਰ ਨੂੰ ਗੁਰਦੁਆਰਾ ਸਾਂਝਾ ਸਾਹਿਬ ਬੇ-ਪੁਵਾਂਇੰਟ ਨੇੜੇ ਪਿਟਸਬਰਗ ਕੈਲੇਫੋਰਨੀਆਂ ਵਿਖੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੇ ਪ੍ਰੋ। ਸਰਬਜੀਤ ਸਿੰਘ ਧੂੰਦਾ ਜੀ ਨੇ ਗੁਰਬਾਣੀ ਸ਼ਬਦ ਵਿਚਾਰ ਕਰਦੇ ਹੋਏ ਵਹਿਮ, ਭਰਮ, ਥੋਥੇ ਕਰਮਕਾਂਡ, ਚਿੱਟੀ ਸਿਉਂਕਿ ਡੇਰੇਦਾਰ ਸਾਧ ਪਾਖੰਡੀ ਬਾਬਿਆਂ ਦਾ ਖਹਿੜਾ ਛੱਡਣ, ਆਪ ਬਾਣੀ ਪੜ੍ਹਨ ਵਿਚਾਰਨ ਤੇ ਬੱਚਿਆਂ ਨੂੰ ਦੁਨਿਆਵੀ ਉੱਚ ਵਿਦਿਆ ਦੇ ਨਾਲ ਚੰਗੇ ਸੰਸਕਾਰ ਦੇਣ ਦੀ ਸਿਖਿਆ ਦਿੰਦੇ, ਕਥਾ ਦੇ ਨਾਲ ਨਾਲ ਸੰਗਤਾਂ ਨੂੰ ਗੁਰਬਾਣੀ ਦੇ ਸ਼ਬਦ ਵੀ ਗਾਇਨ ਕਰਵਾਏ ਸੰਗਤਾਂ ਨੇ ਮੰਤ੍ਰ ਮੁਗਧ ਹੋ ਵਿਚਾਰਾਂ ਸੁਣੀਆਂ। ਉਨ੍ਹਾਂ ਨੇ ਭਾਈ ਮਿਸ਼ਨਰੀ ਦੀ "ਗੁਰਮਤਿ ਸਟਾਲ" ਤੋਂ, ਸੰਗਤਾਂ ਨੂੰ ਚੰਗਾ ਲਿਟ੍ਰੇਚਰ ਲੈਣ ਦੀ ਅਪੀਲ ਵੀ ਕੀਤੀ, ਦੀਵਾਨ ਦੀ ਸਮਾਪਤੀ 'ਤੇ ਬੀਬੀ ਰਾਜਵੰਤ ਕੌਰ ਸਟੇਜ ਸਕੱਤਰ ਗੁਰਦੁਆਰਾ ਸਾਂਝਾ ਸਾਹਿਬ ਨੇ ਭਾਈ ਅਵਤਾਰ ਸਿੰਘ ਮਿਸ਼ਨਰੀ ਜੀ ਦੀ ਲਿਖੀ ਪੁਸਤਕ "ਅਕਲੀਂ ਪੜ੍ਹਿ ਕੈ ਬੁਝੀਐ" ਬਾਰੇ ਸੰਗਤ ਨੂੰ ਸੰਬੋਧਨ ਕੀਤਾ ਤੇ ਗੁਰਦੁਆਰਾ ਕਮੇਟੀ, ਮਿਸ਼ਨਰੀ ਗ੍ਰੰਥੀ ਗੁਰਵਿੰਦਰ ਸਿੰਘ ਝਬਾਲ ਅਤੇ ਖਾਸ ਕਰ ਪ੍ਰਚਾਰਕ ਪ੍ਰੋ. ਸਰਬਜੀਤ ਸਿੰਘ ਧੂੰਦਾ, ਹਰਜਿੰਦਰ ਸਿੰਘ ਸਭਰਾਅ, ਸ੍ਰ. ਅਵਤਾਰ ਸਿੰਘ ਰੰਧਾਵਾ ਲੋਡਾਈ, ਸਾਂਝਾ ਸਾਹਿਬ ਦੇ ਪ੍ਰਧਾਨ ਗੁਰਸ਼ਰਨਜੀਤ ਸਿੰਘ ਚੀਮਾਂ, ਬੀਬੀ ਰਾਜਵੰਤ ਕੌਰ, ਬੀਬੀ ਸੁਰਿੰਦਰ ਕੌਰ, ਹਰਸਿਮਰਤ ਕੌਰ ਖਾਲਸਾ, ਵਰਲਡ ਸਿੱਖ ਫੈਡਰੇਸ਼ਨ ਦੇ ਸ੍ਰ. ਹਰਬਖਸ਼ ਸਿੰਘ, ਸ੍ਰ. ਜਗਮੋਹਨ ਸਿੰਘ, ਸ੍ਰ ਵਰਿੰਦਰ ਸਿੰਘ ਗੋਲਡੀ, ਸ੍ਰ. ਸੁਖਦੇਵ ਸਿੰਘ ਲੈਥਰਪ, ਸ੍ਰ. ਹਰਮਿੰਦਰ ਸਿੰਘ ਸ਼ੇਖਾ, ਭਾਈ ਸੁਖਦੇਵ ਸਿੰਘ ਸਿਖਿਆਰਥੀ ਤੇ ਹੋਰ ਪਤਵੰਤੇ ਸਜਨਾਂ ਨੇ ਸੰਗਤਾਂ 'ਚ ਰੀਲੀਜ ਕੀਤੀ। ਭਾਈ ਮਿਸ਼ਨਰੀ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ। ਦੇਗ ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ ਤੇ ਸੰਗਤਾਂ ਨੇ ਸ਼ਬਦ ਦਾ ਲੰਗਰ ਵੀ ਛਕਿਆ ਜੋ ਨਵੀਂ ਪੁਸਤਕ ਸਮੇਤ ਹੋਰ ਗੁਰਬਾਣੀ ਅਤੇ ਇਤਿਹਾਸ ਦੀਆਂ ਸਿਧਾਂਤਕ ਪੁਸਤਕਾਂ ਵੀ ਲਈਆਂ! ਭਾਈ ਮਿਸ਼ਨਰੀ ਦੀ ਪੁਸਤਕ ਨਾਲੋ ਨਾਲ ਸੰਗਤਾਂ ਲੈ ਗਈਆਂ ਜੋ ਕੁਝ ਦਿਨਾਂ 'ਚ ਪੰਜਾਬ ਤੋਂ ਹੋਰ ਪਹੁੰਚਣ ਵਾਲੀ ਹੈ। ਜੋ ਸੱਜਨ ਪਹੁੰਚ ਨਹੀਂ ਸੱਕੇ ਖਾਸ ਕਰ ਅਦਾਰਾ ਦੇਸ਼ ਦੁਆਬਾ ਦੇ ਭਾਈ ਪ੍ਰੇਮ ਕੁਮਾਰ ਚੁੰਬਰ ਉਨ੍ਹਾਂ ਨੇ ਫੋਨ 'ਤੇ ਭਾਈ ਮਿਸ਼ਨਰੀ ਨੂੰ ਵਧਾਈਆਂ ਦਿੱਤੀਆਂ। ਇਥੇ ਇਹ ਵਰਨਣਯੋਹ ਹੈ ਕਿ ਭਾਈ ਅਵਤਾਰ ਸਿੰਘ ਮਿਸ਼ਨਰੀ ਦੇ ਲੰਬੇ ਸਮੇ ਤੋਂ ਅਦਾਰਾ ਦੇਸ਼ ਦੁਆਬਾ 'ਚ ਧਾਰਮਿਕ ਲੇਖ ਛਪਦੇ ਆ ਰਹੇ ਹਨ। ਗੁਰਦੁਆਰਾ ਕਮੇਟੀ ਤੇ ਵਰਲਡ ਸਿੱਖ ਫੈਡਰੇਸ਼ਨ ਵੱਲੋਂ ਆਪਣੀ ਲੇਖਣੀ ਤੇ ਲਿਟ੍ਰੇਚਰ ਸਟਾਲਾਂ ਰਾਹੀਂ ਗੁਰਮਤਿ ਪ੍ਰਚਾਰ ਕਰ ਰਹੇ ਭਾਈ ਮਿਸ਼ਨਰੀ ਦੇ ਸਿਰੜ ਦੀ ਪ੍ਰਸੰਸਾ ਕੀਤੀ ਗਈ। ਅੱਗੇ ਤਸਵੀਰਾਂ ਦੀ ਜ਼ਬਾਨੀ ਕਿਤਾਬ ਰੀਲੀਜ ਦੀਆਂ ਕੁਝ ਝਲਕੀਆਂ-















# ਓਬੀਸੀ ਨੂੰ ਰਾਜਨੀਤਿਕ ਪ੍ਰਤੀਨਿਧਤਾ ਦਾ ਹੱਕ ਮਿਲਿਆ

ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਦੇ ਅਨੁਸਾਰ, ਹੋਰ ਪੱਛੜੀਆਂ ਸ਼੍ਰੇਣੀਆਂ (ਓਬੀਸੀ) ਨੂੰ ਵੀ ਪੇਂਡੂ ਅਤੇ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਵਿੱਚ ਰਾਖਵੀਆਂ ਸੀਟਾਂ ਮਿਲਦੀਆਂ ਹਨ।ਹੋਰ ਪੱਛੜੀਆਂ ਸ਼੍ਰੇਣੀਆਂ ਲਈ ਸੀਟਾਂ ਦੀ ਵੰਡ ਰਾਜ ਦੀ ਕੁੱਲ ਆਬਾਦੀ ਦੇ ਮੁਕਾਬਲੇ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਅਨੁਪਾਤ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਸੁਪਰੀਮ ਕੋਰਟ ਨੇ ਓਬੀਸੀ ਰਿਜ਼ਰਵੇਸ਼ਨ ਨੂੰ ਮਨਜ਼ੂਰੀ ਦਿੱਤੀ

ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਮੱਧ ਪ੍ਰਦੇਸ਼ ਵਿੱਚ ਓਬੀਸੀ ਰਿਜ਼ਰਵੇਸ਼ਨ ਦੇ ਨਾਲ ਸਥਾਨਕ ਬਾਡੀ ਚੋਣਾਂ ਲਈ ਮਨਜ਼ੂਰੀ ਦੇ ਦਿੱਤੀ, ਰਾਜ ਸਰਕਾਰ ਨੂੰ ਇੱਕ ਰਾਜ ਪਛੜੀਆਂ ਸ਼੍ਰੇਣੀਆਂ ਕਮਿਸ਼ਨ ਦੀ ਦੂਜੀ ਰਿਪੋਰਟ ਵਿੱਚ ਸਿਫ਼ਾਰਸ਼ਾਂ ਦੇ ਆਧਾਰ 'ਤੇ ਰਾਖਵਾਂਕਰਨ ਪੈਟਰਨ ਨੂੰ ਅਧਿਸੂਚਿਤ ਕਰਨ ਦੀ ਇਜਾਜ਼ਤ ਦਿੱਤੀ। ਜਸਟਿਸ ਏ ਐੱਮ ਖਾਨਵਿਲਕਰ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਰਾਜ ਦੀ ਇਸ ਦਲੀਲ ਨੂੰ ਧਿਆਨ ਵਿੱਚ ਰੱਖਿਆ ਕਿ ਇੱਕ ਪੁਰਾਣੀ ਰਿਪੋਰਟ ਜਿਸ 'ਤੇ ਅਦਾਲਤ ਨੇ ਇਤਰਾਜ਼ ਜਤਾਇਆ ਸੀ, ਨੂੰ ਸੋਧਿਆ ਗਿਆ ਸੀ ਅਤੇ ਇਹ ਸੀ ਕਿ ਹੱਦਬੰਦੀ ਅਭਿਆਸ ਪਹਿਲਾਂ ਹੀ ਪੂਰਾ ਹੋ ਗਿਆ ਸੀ ਅਤੇ ਸੂਚਿਤ ਕੀਤਾ ਗਿਆ ਸੀ।



"ਫਿਲਹਾਲ, ਅਸੀਂ ਮੱਧ ਪ੍ਰਦੇਸ਼ ਰਾਜ ਚੋਣ ਕਮਿਸ਼ਨ ਨੂੰ ਪਹਿਲਾਂ ਹੀ ਜਾਰੀ ਕੀਤੀ ਗਈ ਸੀਮਾਬੰਦੀ ਨੋਟੀਫਿਕੇਸ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ ਸਬੰਧਤ ਸਥਾਨਕ ਸੰਸਥਾਵਾਂ ਲਈ ਪ੍ਰੋਗਰਾਮ ਨੂੰ ਸੂਚਿਤ ਕਰਨ ਦੀ ਇਜਾਜ਼ਤ ਦਿੰਦੇ ਹਾਂ। ਜਿਵੇਂ ਕਿਅੱਜ ਤੱਕ ਅਤੇ ਸਮਰਪਿਤ ਕਮਿਸ਼ਨ ਦੁਆਰਾ ਪੇਸ਼ ਕੀਤੀ ਗਈ ਰਿਪੋਰਟ…, "ਸੁਪਰੀਮ ਕੋਰਟ ਨੇ ਹੁਕਮ ਦਿੱਤਾ। "ਅਸੀਂ ਮੱਧ ਪ੍ਰਦੇਸ਼ ਰਾਜ ਨੂੰ ਇੱਕ ਹਫ਼ਤੇ ਦੇ ਅੰਦਰ ਰਾਜ ਚੋਣ ਕਮਿਸ਼ਨ ਦੁਆਰਾ ਪਾਲਣਾ ਕਰਨ ਲਈ ਸਥਾਨਕ ਬਾਡੀ ਅਨੁਸਾਰ ਰਿਜ਼ਰਵੇਸ਼ਨ ਪੈਟਰਨ ਨੂੰ ਸੂਚਿਤ ਕਰਨ ਦੀ ਇਜਾਜ਼ਤ ਦਿੰਦੇ ਹਾਂ। ਰਾਜ ਚੋਣ ਕਮਿਸ਼ਨ ਉਸ ਤੋਂ ਬਾਅਦ ਇੱਕ ਹਫ਼ਤੇ ਦੇ ਅੰਦਰ ਸਬੰਧਤ ਸਥਾਨਕ ਸੰਸਥਾਵਾਂ ਦੇ ਸਬੰਧ ਵਿੱਚ ਚੋਣ ਪ੍ਰੋ-ਗਰਾਮ ਨੂੰ ਸੂਚਿਤ ਕਰੇਗਾ।"

10 ਮਈ ਨੂੰ, ਅਦਾਲਤ ਨੇ ਨਿਰਦੇਸ਼ ਦਿੱਤਾ ਸੀ ਕਿ ਓਬੀਸੀ ਰਿਜ਼ਰਵੇਸ਼ਨ ਪ੍ਰਦਾਨ ਕੀਤੇ ਬਿਨਾਂ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਦੋ ਹਫ਼ਤਿਆਂ ਦੇ ਅੰਦਰ ਸੂਚਿਤ ਕੀਤੀਆਂ ਜਾਣ ਕਿਉਂਕਿ ਰਾਜ ਨੇ ਅਜੇ ਤੱਕ ਅਜਿਹੇ ਰਾਖਵੇਂਕਰਨ ਦੀ ਵਿਵਸਥਾ ਕਰਨ ਤੋਂ ਪਹਿਲਾਂ ੰਛ ਦੁਆਰਾ ਨਿਰਧਾਰਤ ਤੀਹਰੀ ਪ੍ਰੀਖਿਆ ਨੂੰ ਪੂਰਾ ਕਰਨਾ ਹੈ।

ਇਸ ਤੋਂ ਬਾਅਦ, ਰਾਜ ਨੇ ਓਬੀਸੀ ਕੋਟੇ ਨੂੰ ਲਾਗੂ ਕਰਨ ਦੀ ਇਜਾਜ਼ਤ ਮੰਗਣ ਲਈ ਮੁੜ ਅਦਾਲਤ ਤੱਕ ਪਹੁੰਚ ਕੀਤੀ ਅਤੇ ਕਿਹਾ ਕਿ ਕਮਿਸ਼ਨ ਦੀ ਪਹਿਲੀ ਰਿਪੋਰਟ ਨੂੰ ਅਦਾਲਤ ਦੁਆਰਾ ਪ੍ਰਗਟਾਈਆਂ ਗਈਆਂ ਚਿੰਤਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਸੋਧਿਆ ਗਿਆ ਸੀ ਅਤੇ ਦਲੀਲ ਦਿੱਤੀ ਕਿ ਦੂਜੀ ਰਿਪੋਰਟ ਤੀਹਰੇ ਟੈਸਟ ਦੀ ਜ਼ਰੂਰਤ ਨੂੰ ਪੂਰਾ ਕਰਦੀ ਹੈ।ਬੁੱਧਵਾਰ ਨੂੰ, ਦੂਜੀ ਰਿਪੋਰਟ ਦੀ ਪੜਚੋਲ ਕਰਨ ਵਾਲੇ ਬੈਂਚ ਨੇ ਕਿਹਾ ਕਿ ਇਹ ਸੁਪਰੀਮ ਕੋਰਟ ਦੁਆਰਾ ਨਿਰਧਾਰਿਤ 50 ਪ੍ਰਤੀਸ਼ਤ ਦੀ ਅਧਿਕਤਮ ਰਾਖਵਾਂਕਰਨ ਸੀਮਾ ਨੂੰ ਧਿਆਨ ਵਿੱਚ ਰੱਖ ਕੇ ਓਬੀਸੀ ਲਈ ਸਥਾਨਕ ਸੰਸਥਾ ਅਨੁਸਾਰ ਰਾਖਵੇਂਕਰਨ 'ਤੇ ਧਿਆਨ ਕੇਂਦਰਤ ਕਰਦਾ ਹੈ।

ਹਾਲਾਂਕਿ, ਇਸ ਨੇ ਅੱਗੇ ਕਿਹਾ ਕਿ ਇਸ ਨੂੰ ਰਿਪੋਰਟ ਦੀ ਵੈਧਤਾ ਜਾਂ ਸ਼ੁੱਧਤਾ 'ਤੇ ਅਦਾਲਤ ਦੁਆਰਾ ਕਿਸੇ ਅੰਤਮ ਰਾਏ ਦੇ ਪ੍ਰਗਟਾਵੇ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ ਹੈ ਅਤੇ ਜੇਕਰ ਕੋਈ ਇਸ ਨੂੰ ਚੁਣੌਤੀ ਦਿੰਦਾ ਹੈ, ਤਾਂ ਇਸ ਨੂੰ ਕਾਨੂੰਨ ਦੇ ਅਨੁਸਾਰ ਆਪਣੇ ਗੁਣਾਂ 'ਤੇ ਵਿਚਾਰਿਆ ਜਾਣਾ ਚਾਹੀਦਾ ਹੈ।

ਮੱਧ ਪ੍ਰਦੇਸ਼ ਵਿੱਚ ਪੰਚਾਇਤੀ ਅਤੇ ਨਾਗਰਿਕ ਚੋਣਾਂ ਓਬੀਸੀ (ਅਦਰ ਬੈਕਵਰਡ ਕਲਾਸ) ਰਿਜ਼ਰਵੇਸ਼ਨ ਨਾਲ ਹੋਣਗੀਆਂ। ਸੁਪਰੀਮ ਕੋਰਟ ਨੇ ਇਸ ਹਫ਼ਤੇ ਰਾਖਵਾਂਕਰਨ ਅਤੇ ਅਗਲੇ ਹਫ਼ਤੇ ਚੋਣਾਂ ਕਰਵਾਉਣ ਲਈ ਨੋਟੀਫਿਕੇਸ਼ਨ ਜਾਰੀ ਕਰਨ ਲਈ ਕਿਹਾ ਹੈ। ਐਡਵੋਕੇਟ ਵਰੁਣ ਠਾਕੁਰ ਨੇ ਕਿਹਾ ਕਿ ਫੈਸਲਾ ਸੁਣਾਉਂਦੇ ਹੋਏ, ਸੁਪਰੀਮ ਕੋਰਟ ਨੇ ਕਿਹਾ ਹੈ ਕਿ ਰਾਖਵਾਂਕਰਨ ਕਿਸੇ ਵੀ ਹਾਲਤ ਵਿੱਚ 50% (ਓਬੀਸੀ, ਐਸਸੀ/ਐਸਟੀ ਸਮੇਤ) ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ, ਸੁਪਰੀਮ ਕੋਰਟ ਨੇ ਮੱਧ ਪ੍ਰਦੇਸ਼ ਵਿੱਚ ਓਬੀਸੀ ਰਾਖਵੇਂਕਰਨ ਤੋਂ ਬਿਨਾਂ ਸ਼ਹਿਰੀ ਬਾਡੀ ਅਤੇ ਪੰਚਾਇਤੀ ਚੋਣਾਂ ਕਰਵਾਉਣ ਦਾ ਨਿਰਦੇਸ਼ ਦਿੱਤਾ ਸੀ, ਜੋ ਤਿੰਨ ਸਾਲਾਂ ਤੋਂ ਅਟਕੀਆਂ ਹੋਈਆਂ ਸਨ। ਸ਼ਿਵਰਾਜ ਸਰਕਾਰ ਨੇ ਓਬੀਸੀ ਨੂੰ ਰਾਖਵਾਂਕਰਨ ਦੇਣ ਲਈ 12 ਮਈ ਨੂੰ ਸੁਪਰੀਮ ਕੋਰਟ ਵਿੱਚ ਸੋਧ ਪਟੀਸ਼ਨ (ਸੋਧਣ ਲਈ ਅਰਜ਼ੀ) ਦਾਇਰ ਕੀਤੀ ਸੀ। ਬੁੱਧਵਾਰ ਨੂੰ ਸੁਣਵਾਈ ਕਰਦੇ ਹੋਏ ਅਦਾਲਤ ਨੇ ਆਪਣਾ ਫੈਸਲਾ ਸੁਣਾਇਆ।

ਸੋਧ ਦੀ ਅਰਜ਼ੀ 'ਤੇ ਸੁਪਰੀਮ ਕੋਰਟ 'ਚ 17 ਮਈ ਨੂੰ ਸੁਣਵਾਈ ਵੀ ਹੋਈ ਸੀ। ਸਰਕਾਰ ਨੇ ਓਬੀਸੀ ਨੂੰ ਰਾਖਵਾਂਕਰਨ ਦੇਣ ਲਈ 2011 ਦੀ ਆਬਾਦੀ ਦੇ ਅੰਕੜੇ ਪੇਸ਼ ਕੀਤੇ ਸਨ। ਇਸ ਮੁਤਾਬਕ ਸੂਬੇ ਵਿੱਚ 51 ਫੀਸਦੀ ਆਬਾਦੀ ਓਬੀਸੀ ਸਰਕਾਰ ਦਾ ਮੰਨਣਾ ਸੀ ਕਿ ਜੇਕਰ ਓਬੀਸੀ ਨੂੰ ਇਸ ਆਧਾਰ 'ਤੇ ਰਾਖਵਾਂਕਰਨ ਮਿਲਦਾ ਹੈ ਤਾਂ ਉਨ੍ਹਾਂ ਨਾਲ ਇਨਸਾਫ਼ ਕੀਤਾ ਜਾਵੇਗਾ। ਇਸ ਦੇ ਨਾਲ ਹੀ ਦੂਜੇ ਪਾਸੇ ਤੋਂ ਕਿਹਾ ਗਿਆ ਕਿ ਜੇਕਰ ਸਰਕਾਰ ਦੀ ਕੋਈ ਅਣਗਹਿਲੀ ਹੈ ਤਾਂ ਵੀ ਓ।ਬੀ।ਸੀ। ਨੂੰ ਉਸਦਾ ਸੰਵਿਧਾਨਕ ਹੱਕ (ਰਾਖਵਾਂਕਰਨ) ਮਿਲਣਾ ਚਾਹੀਦਾ ਹੈ।


ਜਦੋਂ ਅਦਾਲਤ ਨੇ ਪੰਚਾਇਤੀ ਚੋਣਾਂ ਬਿਨਾਂ ਰਾਖਵੇਂਕਰਨ ਦੇ ਕਰਵਾਉਣ ਦਾ ਹੁਕਮ ਦਿੱਤਾ ਸੀ ਤਾਂ ਕਿਹਾ ਗਿਆ ਸੀ ਕਿ ਤਿੰਨ ਵਾਰੀ ਟੈਸਟ ਦੀ ਬਾਡੀ-ਵਾਈਜ਼ ਰਿਪੋਰਟ ਦਾ ਮੁਲਾਂਕਣ ਕਰਨ ਤੋਂ ਬਾਅਦ ਹੀ ਇਹ ਫੈਸਲਾ ਕੀਤਾ ਜਾਵੇਗਾ ਕਿ ਓਬੀਸੀ ਨੂੰ ਰਾਖਵਾਂਕਰਨ ਦੇਣਾ ਹੈ ਜਾਂ ਨਹੀਂ। ਸੂਬਾ ਸਰਕਾਰ ਨੇ ਸਿਵਲ ਚੋਣਾਂ ਵਿੱਚ ਓਬੀਸੀ ਨੂੰ 0 ਤੋਂ 35% ਰਾਖਵਾਂਕਰਨ ਦੇਣ ਲਈ ਬਾਡੀ ਵਾਈਜ਼ ਰਿਪੋਰਟ ਤਿਆਰ ਕੀਤੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ 50% ਤੋਂ ਵੱਧ ਰਾਖਵਾਂਕਰਨ ਨਾ ਦਿੱਤਾ ਜਾਵੇ। ਅੱਜ ਸੁਣਵਾਈ ਕਰਦਿਆਂ ਅਦਾਲਤ ਨੇ ਕਿਹਾ-ਰਾਖਵਾਂਕਰਨ ਦਿੱਤਾ ਜਾਵੇ।

**ਕਮਿਸ਼ਨ ਦੀ ਰਿਪੋਰਟ ਨੂੰ ਚੁਣੌਤੀ ਦਿਤੀ ਜਾ ਸਕਦੀ ਹੈ**

ਤਿੰਨ ਪੱਧਰੀ ਪੰਚਾਇਤ ਅਤੇ ਸ਼ਹਿਰੀ ਬਾਡੀ ਚੋਣਾਂ ਵਿੱਚ ਓਬੀਸੀ ਵਰਗ ਨੂੰ ਕੁੱਲ 50 ਫੀਸਦੀ ਰਾਖਵਾਂਕਰਨ ਮਿਲੇਗਾ। ਰਿਜ਼ਰਵੇਸ਼ਨ 2022 ਦੀ ਹੱਦਬੰਦੀ ਦੇ ਆਧਾਰ 'ਤੇ ਲਾਗੂ ਹੋਵੇਗੀ। ਆਪਣੇ ਹੁਕਮਾਂ ਵਿੱਚ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਰਾਜ ਸਰਕਾਰ ਵੱਲੋਂ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੀ ਦੂਜੀ (ਸੋਧਿਆ) ਰਿਪੋਰਟ ਪੇਸ਼ ਕੀਤੀ ਗਈ ਹੈ। ਸਾਰੇ ਬਿਨੈਕਾਰਾਂ ਨੇ ਕਿਹਾ ਕਿ ਇਹ ਰਿਪੋਰਟ ਟ੍ਰਿਪਲ ਟੈਸਟ ਦੇ ਅਨੁਕੂਲ ਇੱਕ ਵਿਆਪਕ ਰਿਪੋਰਟ ਹੈ। ਇਸ ਵਿੱਚ ਕੁੱਲ 50 ਫੀਸਦੀ ਰਾਖਵਾਂਕਰਨ ਸੀਮਾ ਓਬੀਸੀ ਨੂੰ ਰਾਖਵਾਂਕਰਨ ਦੇਣ 'ਤੇ ਕੇਂਦਰਿਤ ਸੀ। ਇਸ ਦੇ ਨਾਲ ਹੀ, ਅਦਾਲਤ ਨੇ ਕਿਹਾ ਕਿ "ਸਾਨੂੰ ਇਹ ਨਹੀਂ ਮੰਨਿਆ ਜਾ ਸਕਦਾ ਹੈ ਕਿ ਅਸੀਂ ਕਿਸੇ ਵੀ ਤਰੀਕੇ ਨਾਲ ਉਕਤ ਰਿਪੋਰਟਾਂ ਦੀ ਵੈਧਤਾ ਅਤੇ ਸ਼ੁੱਧਤਾ 'ਤੇ ਅੰਤਮ ਰਾਏ ਪ੍ਰਗਟ ਕੀਤੀ ਹੈ। ਅਤੇ ਕਾਨੂੰਨ ਦੇ ਅਨੁਸਾਰ ਵਿਚਾਰ ਕੀਤਾ ਜਾ ਸਕਦਾ ਹੈ। ਫਿਲਹਾਲ, ਅਸੀਂ ਮੱਧ ਪ੍ਰਦੇਸ਼ ਨੂੰ ਇਜਾਜ਼ਤ ਦਿੰਦੇ ਹਾਂ। ਪ੍ਰਦੇਸ਼ ਰਾਜ ਚੋਣ ਕਮਿਸ਼ਨ ਰਾਜ ਸਰਕਾਰ ਦੁਆਰਾ ਪਹਿਲਾਂ ਹੀ ਜਾਰੀ ਕੀਤੇ ਗਏ ਸੀਮਾਬੰਦੀ ਨੋਟੀਫਿਕੇਸ਼ਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਮਿਤੀ ਨੂੰ ਸਬੰਧਤ ਸਥਾਨਕ ਸੰਸਥਾਵਾਂ ਲਈ ਚੋਣ ਅਨੁਸੂਚੀ ਨੂੰ ਸੂਚਿਤ ਕਰੇਗਾ।

1994 ਤੋਂ ਪੰਚਾਇਤੀ ਚੋਣਾਂ ਵਿੱਚ ਓਬੀਸੀ ਰਾਖਵਾਂਕਰਨ ਲਾਗੂ ਹੈ। 2014 ਦੀਆਂ ਪਿਛਲੀਆਂ ਪੰਚਾਇਤੀ ਚੋਣਾਂ ਵੀ ਓਬੀਸੀ ਰਾਖਵੇਂਕਰਨ ਨਾਲ ਹੋਈਆਂ ਸਨ। 2014 ਤੱਕ, ਰਾਜ ਦੀਆਂ ਪੰਚਾਇਤਾਂ ਵਿੱਚ 16% ਸੀਟਾਂ ਅਨੁਸੂਚਿਤ ਜਾਤੀਆਂ (SC), 20% ਅਨੁਸੂਚਿਤ ਕਬੀਲਿਆਂ (ST) ਲਈ ਅਤੇ 14% OBC ਲਈ ਰਾਖਵੀਆਂ ਸਨ। ਇਹ ਪੇਚ ਉਦੋਂ ਫਸ ਗਿਆ ਜਦੋਂ 2019 ਵਿੱਚ, ਉਸ ਵੇਲੇ ਦੀ ਕਮਲਨਾਥ ਸਰਕਾਰ ਨੇ ਰੋਟੇਸ਼ਨ ਅਤੇ ਹੱਦਬੰਦੀ ਦੀ ਕਾਰਵਾਈ ਕੀਤੀ।

ਸੱਤਾ ਵਿੱਚ ਆਉਂਦੇ ਹੀ ਭਾਜਪਾ ਨੇ ਕਾਂਗਰਸ ਸਰਕਾਰ ਵਿੱਚ ਰੋਟੇਸ਼ਨ-ਡਿਲਿਮੇਸ਼ਨ ਐਕਸ਼ਨ ਨੂੰ ਖਤਮ ਕਰਨ ਦੇ ਉਦੇਸ਼ ਨਾਲ ਆਰਡੀਨੈਂਸ ਲਿਆਂਦਾ। ਕਾਂਗਰਸ ਨੇ ਇਸ ਨੂੰ ਠੀਕ ਨਹੀਂ ਸਮਝਿਆ ਅਤੇ ਜਬਲਪੁਰ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ। ਨੇ ਦਲੀਲ ਦਿੱਤੀ ਕਿ 2014 ਦੇ ਰੋਟੇਸ਼ਨ ਨੂੰ ਮੁੜ ਲਾਗੂ ਕਰਨਾ ਕਾਨੂੰਨੀ ਤੌਰ 'ਤੇ ਗਲਤ ਹੈ। ਜਬਲਪੁਰ ਹਾਈ ਕੋਰਟ ਤੋਂ ਰਾਹਤ ਨਾ ਮਿਲਣ 'ਤੇ ਕਾਂਗਰਸ ਨੇ ਸੁਪਰੀਮ ਕੋਰਟ ਦੀ ਸ਼ਰਨ ਲਈ। ਸੁਪਰੀਮ ਕੋਰਟ ਨੇ ਜਬਲਪੁਰ ਹਾਈ ਕੋਰਟ ਨੂੰ ਸੁਣਵਾਈ ਲਈ ਕਿਹਾ ਹੈ। ਸੀਨੀਅਰ ਵਕੀਲ ਅਤੇ ਕਾਂਗਰਸ ਨੇਤਾ ਵਿਵੇਕ ਟਾਂਖਾ ਨੇ ਸੁਪਰੀਮ ਕੋਰਟ ਨੂੰ ਮੁੜ ਸੁਣਵਾਈ ਦੀ ਬੇਨਤੀ ਕੀਤੀ। ਸੁਪਰੀਮ ਕੋਰਟ ਨੇ ਮੁੜ ਸੁਣਵਾਈ ਕਰਦਿਆਂ ਮੱਧ ਪ੍ਰਦੇਸ਼ ਵਿੱਚ ਤੀਹਰਾ ਟੈਸਟ ਕਰਵਾ ਕੇ ਓਬੀਸੀ ਰਾਖਵਾਂਕਰਨ ਲਾਗੂ ਕਰਨ ਦਾ ਹੁਕਮ ਦਿੱਤਾ ਹੈ। ਕਾਂਗਰਸ ਦੇ ਬੁਲਾਰੇ ਸਈਅਦ ਜਾਫਰ ਅਤੇ ਜਯਾ ਠਾਕੁਰ ਨੇ ਸਮੇਂ 'ਤੇ ਚੋਣਾਂ ਕਰਵਾਉਣ ਲਈ ਸੁਪਰੀਮ ਕੋਰਟ 'ਚ ਨਵੀਂ ਪਟੀਸ਼ਨ ਦਾਇਰ ਕੀਤੀ ਹੈ। ਸੁਣਵਾਈ ਕਰਦਿਆਂ ਅਦਾਲਤ ਨੇ ਪੰਚਾਇਤੀ-ਸਰਕਾਰੀ ਚੋਣਾਂ ਬਿਨਾਂ ਓਬੀਸੀ ਰਾਖਵੇਂਕਰਨ ਦੇ ਕਰਵਾਉਣ ਦਾ ਹੁਕਮ ਜਾਰੀ ਕੀਤਾ ਸੀ।






**ਮੱਧ ਪ੍ਰਦੇਸ਼ ਵਿੱਚ ਓਬੀਸੀ ਰਾਖਵਾਂਕਰਨ: ਸ਼ਿਵਰਾਜ ਸਰਕਾਰ ਨੇ ਹਾਰ ਨੂੰ ਜਿੱਤ ਵਿੱਚ ਬਦਲਿਆ**

ਮੋਟੇ ਤੌਰ 'ਤੇ, ਓਬੀਸੀ ਨੂੰ ਸ਼ਹਿਰਾਂ ਵਿੱਚ 14 ਫੀਸਦੀ ਰਾਖਵੇਂਕਰਨ ਦਾ ਲਾਭ ਮਿਲ ਸਕਦਾ ਹੈ। ਸੂਬੇ ਵਿੱਚ ਓਬੀਸੀ ਦੀ ਕੁੱਲ ਆਬਾਦੀ ਦੇ ਅੰਕੜੇ ਉਪਲਬਧ ਨਹੀਂ ਹਨ। ਇਸ ਸਬੰਧੀ ਭਾਜਪਾ ਅਤੇ ਕਾਂਗਰਸ ਦੇ ਅੰਦਾਜ਼ੇ ਵੀ ਵੱਖਰੇ ਹਨ।ਮੱਧ ਪ੍ਰਦੇਸ਼ ਵਿੱਚ ਸ਼ਹਿਰੀ ਸੰ-ਸਥਾਵਾਂ ਅਤੇ ਪੰਚਾਇਤਾਂ ਵਿੱਚ ਓਬੀਸੀ ਰਿਜ਼ਰਵੇਸ਼ਨ ਨੂੰ ਲੈ ਕੇ ਕਾਨੂੰਨੀ ਮੋਰਚੇ 'ਤੇ ਹਾਰੀ ਗਈ ਲੜਾਈ ਸ਼ਿਵਰਾਜ ਸਰਕਾਰ ਨੇ ਆਖਰਕਾਰ ਜਿੱਤ ਲਈ ਹੈ।



ਹਰਦੀਪ ਸਿੰਘ ਚੁੰਬਰ
+91-94636-01616

ਇੱਕ ਹਫ਼ਤਾ ਪਹਿਲਾਂ ਇਸੇ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਰਾਜ ਵਿੱਚ ਪਛੜੀਆਂ ਸ਼੍ਰੇਣੀਆਂ ਦੀ ਆਬਾਦੀ ਅਤੇ ਪੰਚਾਇਤਾਂ ਦੇ ਹਿਸਾਬ ਨਾਲ ਸਹੀ ਅੰਕੜੇ ਨਾ ਮਿਲਣ ਕਾਰਨ ਇਸ ਵਾਰ ਸ਼ਹਿਰੀ ਸੰਸਥਾਵਾਂ ਅਤੇ ਪੰਚਾਇਤਾਂ ਦੀਆਂ ਚੋਣਾਂ ਬਿਨਾਂ ਰਾਖਵੇਂਕਰਨ ਤੋਂ ਕਰਵਾਉਣ ਦਾ ਫੈਸਲਾ ਸੁਣਾਇਆ ਸੀ।

**ਕਰਨਾਟਕ ਰਾਜ ਦੀਆਂ ਪੱਛੜੀਆਂ ਸ਼੍ਰੇਣੀਆਂ ਨੂੰ ਪ੍ਰਤੀਨਿਧਤਾ ਦਾ ਮਾਮਲਾ**

ਕਰਨਾਟਕ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਸਿਧਾਰਮਈਆ ਨੇ ਬੁੱਧਵਾਰ ਨੂੰ ਮੁੱਖ ਮੰਤਰੀ ਬਸਵਰਾਜ ਬੋਮਈ ਨੂੰ ਅਪੀਲ ਕੀਤੀ ਕਿ ਉਹ ਰਾਜ ਵਿੱਚ ਕਰਵਾਏ ਗਏ ਸਮਾਜਿਕ-ਵਿਦਿਅਕ ਅਤੇ ਆਰਥਿਕ ਸਰਵੇਖਣ ਦੇ ਆਧਾਰ 'ਤੇ ਹੋਰ ਪੱ-ਛੜੀਆਂ ਸ਼੍ਰੇਣੀਆਂ (ਓਬੀਸੀ) ਲਈ ਸਿਆਸੀ ਰਾਖਵਾਂਕਰਨ ਨਿਰਧਾਰਤ ਕਰਨ।ਉਨ੍ਹਾਂ ਮੁੱਖ ਮੰਤਰੀ ਤੋਂ ਇਸ ਸਬੰਧ ਵਿੱਚ ਸੁਪਰੀਮ ਕੋਰਟ ਵਿੱਚ ਰਿ-ਪੋਰਟ ਸੌਂਪਣ ਅਤੇ ਇਸ ਦੇ ਆਧਾਰ 'ਤੇ ਲੋਕਲ ਬਾਡੀ ਚੋਣਾਂ ਕਰਵਾਉਣ ਦੀ ਮੰਗ ਵੀ ਕੀਤੀ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਸੂਬੇ ਦੇ ਸਾਹਮਣੇ ਇਸ ਮੁੱਦੇ ਦਾ ਇੱਕੋ ਇੱਕ ਹੱਲ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਨੂੰ ਓਬੀਸੀ ਜਾਤੀਆਂ ਨਾਲ ਹੋ ਰਹੀ ਬੇਇਨਸਾਫ਼ੀ ਨੂੰ ਰੋਕਣ ਲਈ ਕਾਨੂੰਨੀ ਮਾਹਿਰਾਂ ਨਾਲ ਗੱਲ ਕਰਨੀ ਚਾਹੀਦੀ ਹੈ ਅਤੇ ਵਿਰੋਧੀ ਪਾਰਟੀਆਂ ਨੂੰ ਭਰੋਸੇ ਵਿੱਚ ਲੈ ਕੇ ਕਾਨੂੰਨੀ ਲੜਾਈ ਲਈ ਤਿਆਰ ਰਹਿਣਾ ਚਾਹੀਦਾ ਹੈ।ਸਿਖਰਲੀ ਅਦਾਲਤ ਨੇ ਮੰਗਲਵਾਰ ਨੂੰ ਮੱਧ ਪ੍ਰਦੇਸ਼ ਰਾਜ ਚੋਣ ਕਮਿਸ਼ਨ (ਐਸਈਸੀ) ਨੂੰ ਦੋ ਹਫ਼ਤਿਆਂ ਦੇ ਅੰਦਰ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਦਾ ਪ੍ਰੋਗਰਾਮ ਜਾਰੀ ਕਰਨ ਦਾ ਨਿਰਦੇਸ਼ ਦਿੱਤਾ। ਇਸੇ ਪਿਛੋਕੜ ਵਿਚ ਇਹ ਬਿਆਨ ਆਇਆ ਹੈ।

ਕਰਨਾਟਕ ਦੇ ਮੁੱਖ ਮੰਤਰੀ ਬਸਵਰਾਜ ਬੋਮਈ ਨੇ ਵੀਰਵਾਰ ਨੂੰ ਕਿਹਾ ਕਿ ਸਥਾਨਕ ਸੰਸਥਾਵਾਂ 'ਚ ਪੱਛੜੀਆਂ ਸ਼੍ਰੇਣੀਆਂ ਨੂੰ ਸਿਆਸੀ ਰਾਖਵਾਂਕਰਨ ਦੇਣ ਲਈ ਚੋਣਾਂ ਤੋਂ ਪਹਿਲਾਂ ਸਾਰੀਆਂ ਕਾਨੂੰਨੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਮੁੱਖ ਮੰਤਰੀ ਨੇ ਅੱਜ ਸਥਾਨਕ ਸਰਕਾਰਾਂ ਦੀਆਂ ਚੋਣਾਂ ਕਰਵਾਉਣ ਦੇ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਚਰਚਾ ਕਰਨ ਲਈ ਕਾਨੂੰਨ ਮੰਤਰੀ ਜੇਸੀ ਮਧੂਸਵਾਮੀ, ਐਡਵੋਕੇਟ ਜਨਰਲ ਅਤੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ।

ਬੋਮਈ ਨੇ ਕਿਹਾ, "ਇਸ ਮੁੱਦੇ 'ਤੇ ਸੁਪਰੀਮ ਕੋਰਟ ਦੇ ਦੋ ਹੁਕਮਾਂ ਦਾ ਅਧਿਐਨ ਕੀਤਾ ਜਾ ਰਿਹਾ ਹੈ। ਨਾਲ ਹੀ ਪੱਛੜੀਆਂ ਸ਼੍ਰੇਣੀਆਂ ਨੂੰ ਰਾਜਨੀਤਿਕ ਪ੍ਰਤੀਨਿਧਤਾ ਦੇਣ ਲਈ ਇੱਕ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ। ਵਿਰੋਧੀ ਧਿਰ ਦੇ ਨੇਤਾ ਨੇ ਇਸ ਸਬੰਧ ਵਿੱਚ ਇੱਕ ਪੱਤਰ ਵੀ ਲਿਖਿਆ ਹੈ।" ਇਨ੍ਹਾਂ ਸਾਰੇ ਪਹਿਲੂਆਂ ਨੂੰ ਕੋਈ ਫੈਸਲਾ ਲੈਣ ਤੋਂ ਪਹਿਲਾਂ ਕਾਨੂੰਨੀਮਾਹਰਨਾਲ ਤੌਰ 'ਤੇ ਵਿਚਾਰਿਆ ਜਾਵੇਗਾ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਤੇ ਸਾਰੀਆਂ ਸਿਆਸੀ ਪਾਰਟੀਆਂ ਪੱਛੜੀਆਂ ਸ਼੍ਰੇਣੀਆਂ ਨੂੰ ਸਿਆਸੀ ਨੁਮਾਇੰਦਗੀ ਦੇ ਕੇ ਹੀ ਚੋਣਾਂ ਕਰਵਾਉਣ ਦਾ ਇਰਾਦਾ ਰੱਖਦੀਆਂ ਹਨ।



# ਚਿੱਤਰਕਾਰ ਨਿਰਭੈ ਸਿੰਘ ਰਾਏ ਦੀ ਬਚਾਈ ਦਸਤਾਰ ਨੇ ਜਾਨ

ਚਿੱਤਰਕਾਰ ਨਿਰਭੈ ਸਿੰਘ ਰਾਏ ਪਿੰਡ ਚੰਦੂਰਾਈਆਂ ਜਿਲਾ ਮਾਲੇਰਕੋਟਲਾ ਆਪਣੇ ਪੁੱਤਰ ਗੁਰਕੀਰਤ ਸਿੰਘ ਰਾਏ ਨਾਲ ਸ਼੍ਰੀ ਹੇਮਕੁੰਟ ਸਾਹਿਬ ਜੀ ਦੇ ਦਰਸ਼ਨਾਂ ਲਈ ਮੋਟਰ ਸਾਈਕਲ ਤੇ ਤੁਰੇ। ਜਿਕਰਯੋਗ ਹੈ ਕਿ ਚਿੱਤਰਕਾਰ ਨਿਰਭੈ ਸਿੰਘ ਰਾਏ 2019 ਵਿੱਚ ਵੀ ਇਸੇ ਤਰ੍ਹਾਂ ਸ਼੍ਰੀ ਹੇਮਕੁੰਟ ਸਾਹਿਬ ਦਰਬਾਰ ਸਾਹਿਬ ਦੇ ਸਾਹਮਣੇ ਬੈਠ ਕੇ 15200 ਫੁੱਟ ਦੀ ਉਚਾਈ ਤੇ ਬੈਠ ਕੇ ਵਿਸ਼ਵ ਰਿਕਾਰਡ ਬਣਾ ਚੁੱਕਾ ਹੈ ਦੁਨੀਆ ਦਾ ਪਹਿਲਾਂ ਚਿੱਤਰਕਾਰ ਹੈ ਜਿਸਨੇ ਹੇਮਕੁੰਟ ਸਾਹਿਬ ਦੀ ਮੌਕੇ ਤੇ ਪੇਟਿੰਗ ਬਣਾ ਕੇ ਵਿਸ਼ਵ ਰਿਕਾਰਡ ਕਾਇਮ ਕੀਤਾ ਹੈ। ਇਸ ਵਾਰ ਵੀ 2022 ਵਿੱਚ ਸ਼੍ਰੀ ਹੇਮਕੁੰਟ ਸਾਹਿਬ ਦੇ ਕਪਾਟ ਖੁਲ੍ਹਦੇ ਹੀ ਦਰਸ਼ਨ ਲਈ ਤੁਰ ਪਏ, ਦਰਸ਼ਨ ਕੀਤੇ ਇਸਨਾਨ ਕੀਤਾ ਕੁਦਰਤ ਦੇ ਅਲੌਕਿਕ ਨਜ਼ਾਰੇ ਮਾਣੇ। ਮੁੜਦੇ ਹੋਏ ਗੋਬਿੰਦ ਘਾਟ ਤੋਂ 20 ਕਿਲੋਮੀਟਰ ਦੀ ਦੂਰੀ ਤਹਿ ਕਰਦੇ ਹੀ ਸੜਕ ਤੇ ਕਾਫ਼ੀ ਮਾਤਰਾ ਵਿੱਚ ਤੇਲ ਡੁੱਲਾ ਹੋਇਆ ਸੀ ਨਿਰਭੈ ਸਿੰਘ ਦੱਸਦਾ ਹੈ ਕਿ ਜਦੋਂ ਕਿਸੇ ਅੜਿੱਕੇ ਕਾਰਨ ਬਰੇਕ ਲਗਾਉਣੇ ਪਏ ਤਾਂ ਮੋਟਰਸਾਈਕਲ ਤਿਲਕ ਗਿਆ ਤੇ ਬਹੁਤ ਦੂਰ ਤੱਕ ਗਿਰ ਕੇ ਤਿਲਸਦੇ ਗਏ ਜਿਕਰਯੋਗ ਹੈ ਕਿ ਜਦੋਂ ਸਿਰ ਬਹੁਤ ਜੋਰ ਦੀ ਥੱਲੇ  ਲੱਗਦਾ ਹੈ ਤਾਂ ਸਿਰ ਤੇ ਬੰਨ੍ਹੀ ਦਸਤਾਰ ਸਿਰ ਨੂੰ ਭਾਰੀ ਚੋਟ ਤੋਂ ਬਚਾ ਲੈਂਦੀ ਹੈ। ਦੋਨੋਂ ਪਿਉ ਪੁੱਤ ਸਿਰ ਤੇ ਬੰਨ੍ਹੀਆਂ ਦਸਤਾਰਾਂ ਕਰਕੇ ਭਾਰੀ ਸੱਟ ਤੋਂ ਬਚ ਗਏ ।ਚੋਟਾਂ ਝਰੀਟਾਂ ਕਾਫੀ ਆਈਆਂ ਨੇ ਅੱਖਾਂ ਕੋਲ ਕਈ ਸੱਟਾਂ ਨੇ ਪਰ ਦਸਤਾਰ ਨੇ ਬਹੁਤ ਹੀ ਖਾਸ ਰੋਲ ਅਦਾ ਕੀਤਾ ਗੁਰੂ ਸਾਹਿਬ ਜੀ ਵੱਲੋਂ ਬਖਸ਼ੀ ਦਸਤਾਰ ਬਹੁਤ ਹੀ ਅਨਮੁੱਲੀ ਹੈ। ਵਾਰ ਵਾਰ ਚਿੱਤਰਕਾਰ ਨਿਰਭੈ ਸਿੰਘ ਰਾਏ ਨੇ ਗੁਰੂ ਸਾਹਿਬ ਦਾ ਸੁਕਰਾਨਾ ਕੀਤਾ ।



(ਵਾਤਾਵਰਨ ਦਿਵਸ ਉੱਤੇ ਵਿਸ਼ੇਸ਼)

# ਵਾਤਾਵਰਨ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ



ਡਾ. ਗੁਰਿੰਦਰ ਕੌਰ
001-408-493-9776

ਹਰ ਸਾਲ 5 ਜੂਨ ਨੂੰ ਦੁਨੀਆ ਦੇ ਸਾਰੇ ਦੇਸ ਵਾਤਾਵਰਨ ਦਿਵਸ ਨੂੰ ਦਿਖਾਵੇ ਦੇ ਤੌਰ ਉੱਤੇ ਮਨਾਉਣ ਦੀ ਭਰਪੂਰ ਕੋਸ਼ਿਸ਼ ਕਰਦੇ ਦਿਖਾਈ ਦਿੰਦੇ ਹਨ, ਪਰ ਅਸਲ ਵਿਚ ਤਾਂ ਅਸੀਂ ਵਾਤਾਵਰਨ ਦੀ ਸਾਂਭ-ਸੰਭਾਲ ਲਈ ਕੁਝ ਨਹੀਂ ਕਰ ਰਹੇ ਹਾਂ। ਵਾਤਾਵਰਨ ਦਿਵਸ ਮਨਾਉਣ ਦੀ ਪ੍ਰਥਾ 1972 ਵਿਚ ਸਵੀਡਨ ਦੇ ਸਟਾਕਹੋਲਮ ਸ਼ਹਿਰ ਵਿਚ ਵਾਤਾਵਰਨ ਸਬੰਧੀ ਪਹਿਲੀ ਅੰਤਰ-ਰਾਸ਼ਟਰੀ ਕਾਨਫ਼ਰੰਸ ਤੋਂ ਬਾਅਦ ਸ਼ੁਰੂ ਹੋਈ ਸੀ ਅਤੇ ਇਹ ਕਾਨਫ਼ਰੰਸ 5 ਜੂਨ ਤੋਂ 16 ਜੂਨ ਤੱਕ ਚਲੀ ਸੀ। ਇਸ ਕਾਨਫ਼ਰੰਸ ਵਿਚ ਵਾਤਾਵਰਨ ਨਾਲ ਸਬੰਧਿਤ 26 ਨੁਕਤਿਆਂ ਉੱਤੇ ਸਾਰੇ ਦੇਸਾਂ ਨੇ ਰਜ਼ਾਮੰਦੀ ਜ਼ਾਹਿਰ ਕੀਤੀ ਸੀ। ਦੇਸ ਦੇ ਆਰਥਿਕ ਵਿਕਾਸ ਦੇ ਨਾਲ ਨਾਲ ਹਰ ਇਕ ਮਨੁੱਖ ਲਈ ਸਾਫ਼-ਸੁਥਰਾ ਵਾਤਾਵਰਨ ਮੁਹੱਈਆ ਕਰਵਾਉਣ ਲਈ ਖ਼ਾਸ ਤੌਰ ਉੱਤੇ ਜ਼ੋਰ ਦਿੱਤਾ ਗਿਆ ਸੀ ਅਤੇ ਇਹ ਵੀ ਕਿਹਾ ਗਿਆ ਸੀ ਕਿ ਹਰ ਇਕ ਨਾਗਰਿਕ ਦੀ ਆਪਣੇ ਤੌਰ ਉੱਤੇ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਦੀ ਜ਼ਿੰਮੇਵਾਰੀ ਬਣਦੀ ਹੈ। ਕਾਨਫ਼ਰੰਸ ਵਿਚ ਟਿਕਾਊ ਆਰਥਿਕ ਵਿਕਾਸ ਕਰਨ ਦਾ ਵੀ ਅਹਿਦ ਲਿਆ ਗਿਆ ਸੀ, ਨਵਿਆਉਣਯੋਗ ਅਤੇ ਗ਼ੈਰ-ਨਵਿਆਉਣ ਕੁਦਰਤੀ ਸਰੋਤਾਂ ਦੀ ਵਰਤੋਂ ਇਸ ਤਰ੍ਹਾਂ ਕੀਤੀ ਜਾਵੇ ਤਾਂਕਿ ਵਰਤਮਾਨ ਜਨਸੰਖਿਆ ਦੀਆਂ ਲੋੜਾਂ ਨੂੰ ਪੂਰਾ ਕਰਦਿਆਂ ਹੋਇਆ ਭਵਿੱਖ ਵਾਲੀ ਜਨਸੰਖਿਆ ਦੀਆਂ ਲੋੜਾਂ ਵੀ ਸੁਖਾਲਿਆਂ ਹੀ ਪੂਰੀਆਂ ਹੋ ਸਕਣ। ਹਵਾ, ਪਾਣੀ, ਧਰਤੀ, ਅਤੇ ਜੀਵ-ਜੰਤੂਆਂ ਦੀ ਉੱਚਿਤ ਤਰੀਕੇ ਨਾਲ ਸਾਂਭ-ਸੰਭਾਲ ਕੀਤੀ ਜਾਵੇ ਅਤੇ ਇਸ ਸਬੰਧੀ ਕਮੇਟੀਆਂ ਬਣਾਉਣ ਦਾ ਸੁਝਾਅ ਵੀ ਦਿੱਤਾ ਗਿਆ ਸੀ।

ਇਸ ਕਾਨਫ਼ਰੰਸ ਨੂੰ ਹੋਏ ਹੁਣ ਪੰਜਾਹ ਸਾਲ ਹੋ ਚੁੱਕੇ ਹਨ ਅਤੇ ਇਨ੍ਹਾਂ ਸਾਰੇ ਸਾਲਾਂ ਵਿਚ ਦੁਨੀਆ ਦੇ ਸਾਰੇ ਦੇਸ ਹਰ ਸਾਲ 5 ਜੂਨ ਨੂੰ ਵਾਤਾਵਰਨ ਦਿਵਸ ਮਨਾਉਂਦੇ ਆ ਰਹੇ ਹਨ, ਪਰ ਕਾਨਫ਼ਰੰਸ ਵਿਚ ਵਿਚਾਰੇ ਗਏ ਕਿਸੇ ਵੀ ਨੁਕਤੇ ਉੱਤੇ ਸੰਜੀਦਗੀ ਨਾਲ ਅਮਲ ਨਹੀਂ ਕੀਤਾ ਜਿਸ ਦਾ ਪ੍ਰਤੱਖ ਪ੍ਰਮਾਣ ਧਰਤੀ ਉੱਤੇ ਹਰ ਸਾਲ ਵਧਦਾ ਹੋਇਆ ਤਾਪਮਾਨ ਅਤੇ ਗਰੀਨਹਾਊਸ ਗੈਸਾਂ ਦੀ ਵਧਦੀ ਹੋਈ ਨਿਕਾਸੀ ਹੈ। ਉਦਯੋਗਿਕ ਇਨਕਲਾਬ ਤੋਂ ਪਹਿਲਾਂ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਧਰਤੀ ਦਾ ਔਸਤ ਤਾਪਮਾਨ 1.1 ਡਿਗਰੀ ਸੈਲਸੀਅਸ ਵਧ ਚੁਕਿਆ ਹੈ। ਤਾਪਮਾਨ ਵਿਚ ਵਾਧੇ ਦੀ ਇਕ ਡਿਗਰੀ ਦਾ ਹਰ ਹਿੱਸਾ ਬਹੁਤ ਮਹੱਤਵਪੂਰਨ ਹੈ। ਔਸਤ ਤਾਪਮਾਨ ਵਿਚ ਇਕ ਡਿਗਰੀ ਦੇ ਵਾਧੇ ਨਾਲ ਬਹੁਤ ਜ਼ਿਆਦਾ ਮੀਂਹ ਪੈਣ ਦੀਆਂ ਘਟਨਾਵਾਂ ਵਿਚ 7 ਫ਼ੀਸਦ, ਗਰਮ ਹਵਾਵਾਂ ਚੱਲਣ ਦੀਆਂ ਘਟਨਾਵਾਂ ਵਿਚ 5 ਗੁਣਾ ਅਤੇ ਜੰਗਲੀ ਅੱਗਾਂ ਦੀਆਂ ਘਟਨਾਵਾਂ ਵਿਚ ਕਈ ਗੁਣਾ ਵਾਧਾ ਹੋ ਜਾਂਦਾ ਹੈ। ਸਮੁੰਦਰ ਦੇ ਪਾਣੀ ਦੇ ਔਸਤ ਤਾਪਮਾਨ ਵਿਚ ਇਕ ਡਿਗਰੀ ਦੇ ਵਾਧੇ ਨਾਲ ਚੱਕਰਵਾਤਾਂ ਵਿਚਲੀ ਹਵਾ ਦੀ ਗਤੀ ਵਿਚ 5 ਫ਼ੀਸਦ ਵਾਧਾ ਹੁੰਦਾ ਹੈ ਅਤੇ ਵੱਧ ਹਵਾ ਦੀ ਗਤੀ ਵਾਲਾ ਚੱਕਰਵਾਤ ਵਧੇਰੇ ਨੁਕਸਾਨ ਕਰਦਾ ਹੈ।

ਧਰਤੀ ਦੇ ਔਸਤ ਤਾਪਮਾਨ ਵਿਚ ਹੋਏ ਵਾਧੇ ਨੇ ਹੁਣ ਅੱਤ ਦੀ ਗਰਮੀ ਅਤੇ ਸਰਦੀ ਦੀਆਂ ਘਟਨਾਵਾਂ ਵਿਚ ਤੇਜ਼ੀ ਨਾਲ ਵਾਧਾ ਕਰਨਾ ਸ਼ੁਰੂ ਕਰ ਦਿੱਤਾ ਹੈ। ਭਾਰਤ ਵਿਚ ਇਸ ਸਾਲ ਗਰਮੀ ਦੀ ਰੁੱਤ ਮਈ ਦੀ ਥਾਂ ਮਾਰਚ ਵਿਚ ਹੀ ਸ਼ੁਰੂ ਹੋ ਗਈ। ਮਾਰਚ ਅਤੇ ਅਪ੍ਰੈਲ ਦੋਹਾਂ ਮਹੀਨਿਆਂ ਦੇ ਔਸਤ ਤਾਪਮਾਨ ਨੇ 122 ਸਾਲ ਦਾ ਰਿਕਾਰਡ ਤੋੜ ਦਿੱਤਾ। ਮਈ ਮਹੀਨੇ ਵਿਚ ਗਰਮ ਲਹਿਰਾਂ ਦੀ ਆਮਦ ਨੇ ਤਾਂ ਲੋਕਾਂ ਦੀ ਬੁਰੀ ਹਾਲਤ ਕਰ ਦਿੱਤੀ। ਮਾਰਚ ਵਿਚ ਤਾਪਮਾਨ ਦੇ ਵਾਧੇ ਨੇ ਫ਼ਸਲਾਂ ਦੇ ਝਾੜ ਉੱਤੇ ਵੀ ਬਹੁਤ ਬੁਰਾ ਅਸਰ ਪਾਇਆ ਹੈ। ਮੈਦਾਨੀ ਇਲਾਕਿਆਂ ਵਿਚ ਕਣਕ ਦਾ ਝਾੜ ਪ੍ਰਤਿ ਏਕੜ 4-5 ਕੁਇੰਟਲ ਘਟ ਗਿਆ ਹੈ ਜਦੋਂ ਕਿ ਪਹਾੜੀ ਖੇਤਰਾਂ ਵਿਚ ਸੇਬਾਂ ਦੇ ਉਤਪਾਦਨ ਵਿਚ ਵੀ ਕਾਫ਼ੀ ਕਮੀ ਆਈ ਹੈ।

ਭਾਰਤ ਦੀ ਹਵਾ ਅਤੇ ਇੱਥੋਂ ਦਾ ਪਾਣੀ ਵੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕਿਆ ਹੈ। ਮਾਰਚ 2022 ਵਿਚ ਆਈ-ਕਿਊ ਏਅਰ ਸੰਸਥਾ ਵੱਲੋਂ ਜਾਰੀ ਕੀਤੀ ਗਈ ਵਰਲਡ ਏਅਰ ਕੁਆਲਿਟੀ ਰਿਪੋਰਟ : 2021 ਅਨੁਸਾਰ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ 50 ਸ਼ਹਿਰਾਂ ਵਿਚੋਂ 35 ਭਾਰਤ ਵਿਚ ਹਨ ਅਤੇ ਦੇਸ ਦੀ ਰਾਜਧਾਨੀ ਦਿੱਲੀ ਲਗਾਤਾਰ ਚੌਥੇ ਸਾਲ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਰਹੀ ਹੈ। ਗਰੀਨਪੀਸ ਸਾਊਥ-ਈਸਟ ਏਸ਼ੀਆ ਦੀ ਇਕ ਰਿਪੋਰਟ ਅਨੁਸਾਰ 2020 ਵਿਚ ਭਾਰਤ ਵਿਚ 16 ਲੱਖ 70 ਹਜ਼ਾਰ ਲੋਕ ਹਵਾ ਦੇ ਪ੍ਰਦੂਸ਼ਣ ਨਾਲ ਸਬੰਧਿਤ ਬਿਮਾਰੀਆਂ ਨਾਲ ਮਰ ਗਏ ਸਨ। ਦੁੱਖ ਅਤੇ ਅਫ਼ਸੋਸ ਦੀ ਗੱਲ ਹੈ ਕਿ ਹਵਾ ਦੇ ਪ੍ਰਦੂਸ਼ਣ ਦੇ ਪ੍ਰਭਾਵ ਥੱਲੇ ਆ ਕੇ ਭਾਰਤ ਵਿਚ ਬੱਚਿਆਂ ਦੀ ਵੀ ਭਾਰੀ ਗਿਣਤੀ ਵਿਚ ਮੌਤ ਹੋ ਰਹੀ ਹੈ। ਸਟੇਟ ਆਫ਼ ਗਲੋਬਲ ਏਅਰ 2020 ਦੀ ਇਕ ਰਿਪੋਰਟ ਅਨੁਸਾਰ ਦੇਸ ਵਿਚ 2019 ਵਿਚ 1 ਲੱਖ 16 ਹਜ਼ਾਰ ਬੱਚੇ ਹਵਾ ਦੇ ਪ੍ਰਦੂਸ਼ਣ ਕਾਰਨ ਆਪਣੀ ਜ਼ਿੰਦਗੀ ਦਾ ਪਹਿਲਾ ਮਹੀਨਾ ਵੀ ਪੂਰਾ ਨਹੀਂ ਕਰ ਸਕੇ। ਡਬਲਿਓ.ਐਚ.ਓ. ਦੀ 2021 ਦੀ ਇਕ ਰਿਪੋਰਟ ਅਨੁਸਾਰ ਹਰ ਸਾਲ ਦੁਨੀਆ ਭਰ ਵਿਚ 70 ਲੱਖ ਲੋਕ ਹਵਾ ਦੇ ਪ੍ਰਦੂਸ਼ਣ ਨਾਲ ਮਰ ਜਾਂਦੇ ਹਨ ਅਤੇ 10 ਵਿਚੋਂ 9 ਵਿਅਕਤੀ ਪ੍ਰਦੂਸ਼ਿਤ ਹਵਾ ਵਿਚ ਸਾਹ ਲੈਂਦੇ ਹਨ।




ਹੁਣ ਤੋਂ ਲੱਗਭੱਗ ਛੇ ਦਹਾਕੇ ਪਹਿਲਾਂ ਦੁਨੀਆ ਦੇ ਸਾਰੇ ਵਿਕਸਿਤ ਦੇਸ, ਖ਼ਾਸ ਕਰਕੇ ਇੰਗਲੈਂਡ, ਫ਼ਰਾਂਸ, ਜਰਮਨੀ, ਸਵੀਡਨ, ਨੀਦਰਲੈਂਡ, ਫਿਨਲੈਂਡ, ਸਯੁੰਕਤ ਰਾਜ ਅਮਰੀਕਾ, ਕੈਨੇਡਾ ਅਤੇ ਕੁਝ ਹੋਰ, ਉਦਯੋਗਿਕ ਇਨਕਲਾਬ ਤੋਂ ਬਾਅਦ ਪੈਦਾ ਹੋਏ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਵਿਚ ਬੁਰੀ ਤਰ੍ਹਾਂ ਜਕੜੇ ਹੋਏ ਸਨ। ਉਦੋਂ ਇਨ੍ਹਾਂ ਦੇਸਾਂ ਦੀ ਹਵਾ ਅਤੇ ਪਾਣੀ ਇੰਨਾ ਪ੍ਰਦੂਸ਼ਿਤ ਹੋ ਚੁਕਿਆ ਸੀ ਕਿ ਇਹਨਾਂ ਦੇਸਾਂ ਵਿਚ ਹਰ ਸਾਲ ਸੈਂਕੜੇ ਲੋਕ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਦੀ ਲਪੇਟ ਵਿਚ ਆ ਕੇ ਮਰ ਜਾਂਦੇ ਸਨ। ਹਵਾ ਦੇ ਪ੍ਰਦੂਸ਼ਣ ਨਾਲ 1952 ਵਿਚ ਇੰਗਲੈਂਡ ਵਿਚ ਇਕ ਹਫ਼ਤੇ ਵਿਚ 4000 ਲੋਕ ਮਰ ਗਏ ਹਨ। ਇਸ ਤਰ੍ਹਾਂ ਦੇ ਹਾਦਸਿਆਂ ਤੋਂ ਘਬਰਾ ਕੇ ਵਿਕਸਿਤ ਦੇਸਾਂ ਨੇ 1972 ਵਿਚ ਵਾਤਾਵਰਨ ਨੂੰ ਬਚਾਉਣ ਲਈ ਪਹਿਲੀ ਅੰਤਰਰਾਸ਼ਟਰੀ ਕਾਨਫ਼ਰੰਸ ਕਰਵਾਈ ਸੀ। ਹੁਣ ਵਿਕਸਿਤ ਦੇਸਾਂ ਨੇ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਉੱਤੇ ਤਾਂ ਭਾਵੇਂ ਕਾਬੂ ਪਾ ਲਿਆ ਹੈ, ਪਰ ਇਹ ਕਿਵੇਂ ਪਾਇਆ ਗਿਆ ਇਸ ਦੇ ਪਿੱਛੇ ਦਾ ਇਕ ਘਿਨੌਣਾ ਸੱਚ ਤਾਂ ਇਹ ਹੈ ਕਿ ਇਨ੍ਹਾਂ ਦੇਸਾਂ ਨੇ ਹੌਲੀ ਹੌਲੀ ਪ੍ਰਦੂਸ਼ਣ ਫੈਲਾਉਣ ਵਾਲੀਆਂ ਉਦਯੋਗਿਕ ਇਕਾਈਆਂ ਵਿਕਸਿਤ ਹੋ ਰਹੇ ਦੇਸਾਂ ਵਿਚ ਸਥਾਪਿਤ ਕਰ ਦਿੱਤੀਆਂ ਹਨ। ਹੁਣ ਵਿਕਸਿਤ ਹੋ ਰਹੇ ਦੇਸ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਦੀ ਮਾਰ ਵਿਚ ਬੁਰੀ ਤਰ੍ਹਾਂ ਲਪੇਟ ਵਿਚ ਆਏ ਹੋਏ ਹਨ। ਚੀਨ, ਸਯੁੰਕਤ ਰਾਜ ਅਮਰੀਕਾ, ਅਤੇ ਭਾਰਤ ਹੁਣ ਵੀ ਵਾਤਾਵਰਨ ਵਿਚ ਭਾਰੀ ਮਾਤਰਾ ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਕਰ ਰਹੇ ਹਨ ਜੋ ਵਾਤਾਵਰਨ ਨੂੰ ਬਹੁਤ ਤੇਜ਼ੀ ਨਾਲ ਗਰਮਾ ਰਹੀਆਂ ਹਨ। ਜੇਕਰ ਇਸ ਸਬੰਧ ਵਿਚ ਇਕੱਲੀ ਕਾਰਬਨ ਡਾਇਆਕਸਾਈਡ ਗੈਸ ਦੀ ਹੀ ਗੱਲ ਕਰੀਏ ਤਾਂ ਇਸ ਦੀ ਮਾਤਰਾ ਉਦਯੋਗਿਕ ਇਨਕਲਾਬ ਤੋਂ ਪਹਿਲਾਂ ਸਿਰਫ਼ 280 ਪਾਰਟਸ ਪਰ ਮਿਲੀਅਨ (ਪੀ.ਪੀ.ਐੱਮ.) ਸੀ ਜਿਹੜੀ ਹੁਣ ਵਧ ਕੇ 421.57 ਪੀ.ਪੀ.ਐੱਮ. ਹੋ ਗਈ ਹੈ।

1972 ਵਿਚ ਸਟਾਕਹੋਲਮ ਵਿਚ ਹੋਈ ਕਾਨਫ਼ਰੰਸ ਤੋਂ ਬਾਅਦ ਵੀ ਵਾਤਾਵਰਨ ਅਤੇ ਕੁਦਰਤੀ ਸਰੋਤਾਂ ਨੂੰ ਬਚਾਉਣ ਲਈ ਕਈ ਕਾਨਫ਼ਰੰਸਾਂ ਹੋਈਆਂ, ਪਰ ਹਾਲੇ ਤੱਕ ਕੋਈ ਸਾਰਥਕ ਨਤੀਜਾ ਸਾਹਮਣੇ ਨਹੀਂ ਆਇਆ। 2014 ਵਿਚ ਇੰਟਰਗਵਰਨਮੈਂਟਲ ਪੈਨਲ ਆਫ਼ ਕਲਾਈਮੇਟ ਚੇਂਜ (ਆਈ.ਪੀ.ਸੀ.ਸੀ.) ਦੀ ਇਕ ਰਿਪੋਰਟ ਦੇ ਚਿੰਤਾਜਨਕ ਅਤੇ ਚਿਤਾਵਨੀਆ ਭਰਪੂਰ ਖ਼ੁਲਾਸੇ ਤੋਂ ਬਾਅਦ ਭਾਵੇਂ ਸਾਰੇ ਦੇਸ ਇਕਦਮ ਹਰਕਤ ਵਿਚ ਆਏ ਸਨ ਅਤੇ ਇਨ੍ਹਾਂ ਨੇ ਪੈਰਿਸ ਮੌਸਮੀ ਸਮਝੌਤੇ ਤਹਿਤ ਗਰੀਨਹਾਊਸ ਗੈਸਾਂ ਨਿਕਾਸੀ ਵਿਚ ਤੇਜ਼ੀ ਨਾਲ ਕਟੌਤੀ ਲਈ ਇਕ ਰੂਪਰੇਖਾ ਵੀ ਉਲੀਕ ਲਈ ਸੀ, ਪਰ ਨਾ ਤਾਂ ਉਸ ਦੀ ਰੂਪਰੇਖਾ ਉੱਤੇ ਕੋਈ ਅਮਲ ਕੀਤਾ ਗਿਆ ਅਤੇ ਨਾ ਹੀ ਉਸ ਤੋਂ ਬਾਅਦ 2021 ਨਵੰਬਰ ਵਿਚ ਗਲਾਸਗੋ ਵਿਚ ਹੋਈ ਕਾਨਫ਼ਰੰਸ ਜੋ ਪੈਰਿਸ ਸਮਝੌਤੇ ਦੀ ਅਗਲੀ ਕੜੀ ਸੀ ਤੋਂ ਬਾਅਦ ਹੋਇਆ ਹੈ। ਗਲਾਸਗੋ ਕਾਨਫ਼ਰੰਸ ਤੋਂ ਪਹਿਲਾਂ ਆਈ.ਪੀ.ਸੀ.ਸੀ. ਨੇ ਛੇਵੀਂ ਰਿਪੋਰਟ ਦੀ ਪਹਿਲੀ ਕਿਸ਼ਤ ਵਿਚ ਸਾਫ਼ ਸ਼ਬਦਾਂ ਵਿਚ ਖ਼ੁਲਾਸਾ ਕੀਤਾ ਸੀ ਕਿ ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਕਾਰਨ ਕੁਦਰਤੀ ਆਫ਼ਤਾਂ ਦੀ ਆਮਦ ਦੀ ਗਿਣਤੀ ਅਤੇ ਮਾਰ ਦੀ ਗਹਿਰਾਈ ਵਿਚ ਤੇਜ਼ੀ ਨਾਲ ਵਾਧਾ ਮਨੁੱਖੀ ਗਤੀਵਿਧੀਆਂ ਕਾਰਨ ਹੋ ਰਿਹਾ ਹੈ। ਇਸ ਲਈ ਸਾਰੇ ਦੇਸਾਂ ਨੂੰ ਇਕੱਠੇ ਹੋ ਕੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਤੇਜ਼ੀ ਨਾਲ ਕਟੌਤੀ ਕਰਨੀ ਚਾਹੀਦੀ ਹੈ। ਇਸ ਰਿਪੋਰਟ ਦੀਆਂ ਗੰਭੀਰ ਚਿਤਾਵਨੀਆਂ ਦੇ ਬਾਵਜੂਦ ਵੀ ਗਲਾਸਗੋ ਕਾਨਫ਼ਰੰਸ ਇਕ ਖਾਨਾਪੂਰਤੀ ਦੇ ਤੌਰ ਉੱਤੇ ਹੀ ਹੋ ਕੇ ਨਿਬੜੀ। ਭਾਵੇਂ ਆਈ.ਪੀ.ਸੀ.ਸੀ. ਦੀਆਂ ਰਿਪੋਰਟਾਂ ਲਗਾਤਾਰ ਦੁਨੀਆ ਦੇ ਸਾਰੇ ਦੇਸਾਂ ਨੂੰ ਵਾਤਾਵਰਨ ਦੀ ਵਿਗੜਦੀ ਹਾਲਤ ਦਾ ਵਾਸਤਾ ਦੇ ਕੇ ਧਰਤੀ ਉੱਤੇ ਵਸਦੇ ਸਾਰੇ ਜੈਵਿਕਾਂ ਨੂੰ ਬਚਾਉਣ ਲਈ ਉਪਰਾਲੇ ਕਰਨ ਲਈ ਕਹਿ ਰਹੀਆਂ ਹਨ, ਪਰ ਭਾਰੀ ਮਾਤਰਾ ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਕਰਨ ਵਾਲੇ ਦੇਸ ਇਨ੍ਹਾਂ ਵਿਗਿਆਨ ਉੱਤੇ ਆਧਾਰਿਤ ਤੱਥਾਂ ਨੂੰ ਸਮਝਦੇ ਹੋਏ ਵੀ ਜਾਣਬੁੱਝਕੇ ਅੱਖੋਂ-ਪਰੋਖੇ ਕਰ ਰਹੇ ਹਨ।

ਵਾਤਾਵਰਨ ਨੂੰ ਬਚਾਉਣ ਲਈ ਹਰ ਇਕ ਦੇਸ ਦੀ ਸਰਕਾਰ ਨੂੰ ਆਪਣੇ ਪੱਧਰ ਉੱਤੇ ਉਪਰਾਲੇ ਕਰਨ ਦੀ ਲੋੜ ਹੈ। ਅੰਤਰਰਾਸ਼ਟਰੀ ਪੱਧਰ ਉੱਤੇ ਗਰੀਨਹਾਊਸ ਗੈਸਾਂ ਦੀ ਵੱਧ ਨਿਕਾਸੀ ਕਰਨ ਵਾਲੇ ਦੇਸਾਂ ਨੂੰ ਅੱਗੇ ਆ ਕੇ ਆਪਣੀ ਬਣਦੀ ਜ਼ਿੰਮੇਵਰੀ ਨਿਭਾਉਣੀ ਚਾਹੀਦੀ ਹੈ। ਚੀਨ (28 ਫ਼ੀਸਦ) ਅਤੇ ਸਯੁੰਕਤ ਰਾਜ ਅਮਰੀਕਾ (15 ਫ਼ੀਸਦ), ਜੋ ਕੁੱਲ ਗਰੀਨਹਾਊਸ ਗੈਸਾਂ ਦਾ ਹੁਣ 43 ਫ਼ੀਸਦ ਬਣਦਾ ਹੈ, ਵਾਤਾਵਰਨ ਵਿਚ ਛੱਡ ਰਹੇ ਹਨ ਨੂੰ ਤੇਜ਼ੀ ਨਾਲ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨੀ ਚਾਹੀਦੀ ਹੈ। ਭਾਰਤ ਜੋ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਚੀਨ ਅਤੇ ਸਯੁੰਕਤ ਰਾਜ ਅਮਰੀਕਾ ਤੋਂ ਬਾਅਦ ਤੀਜੇ ਨੰਬਰ ਉੱਤੇ ਆਉਂਦਾ ਹੈ ਨੂੰ ਵੀ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨੀ ਚਾਹੀਦੀ ਹੈ, ਪਰ ਇਹ ਹਰ ਕਾਨਫ਼ਰੰਸ ਵਿਚ ਜਾ ਕੇ ਵਿਕਸਿਤ ਦੇਸਾਂ ਨੂੰ ਪਿਛਲੇ ਸਮੇਂ ਵਿਚ ਵਾਤਾਵਰਨ ਪਲੀਤ ਕਰਨ ਲਈ ਦੋਸੀ ਠਹਿਰਾਉਣ ਅਤੇ ਹੁਣ ਗਰੀਨਹਾਊਸ ਗੈਸਾਂ ਵਿਚ ਭਾਰੀ ਕਟੌਤੀ ਕਰਨ ਦੀ ਜ਼ਿੰਮੇਵਾਰੀ ਤੋਂ ਭੱਜਣ ਦੀ ਗੱਲ ਮਨਾਉਣ ਉੱਤੇ ਹੀ ਵਕਤ ਜਾਇਆ ਕਰ ਦਿੰਦਾ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੇ ਦੇਸ ਵਿਚ ਹਰ ਪੱਧਰ ਉੱਤੇ ਵਾਤਾਵਰਨ ਵਿਚ ਆਏ ਵਿਗਾੜਾਂ ਨੂੰ ਦੂਰ ਕਰਨ ਲਈ ਉਪਰਾਲੇ ਕਰੇ ਕਿਉਂਕਿ ਸਾਡੇ ਦੇਸ ਦੀ ਭੂਗੋਲਿਕ ਸਥਿਤੀ ਅਜਿਹੀ ਹੈ ਕਿ ਇਸ ਉੱਤੇ ਹਰ ਤਰ੍ਹਾਂ ਦੀ ਕੁਦਰਤੀ ਆਫ਼ਤ ਮਾਰ ਕਰ ਰਹੀ ਹੈ। ਕੌਂਸਿਲ ਔਨ ਅਨਰਜੀ ਐਂਡ ਇੰਨਵਾਇਰਨਮੈਂਟ ਦੀ 2020 ਦੀ ਇਕ ਰਿਪੋਰਟ ਅਨੁਸਾਰ ਦੇਸ ਦੇ 75 ਫ਼ੀਸਦ ਜ਼ਿਲ੍ਹੇ ਹਰ ਸਾਲ ਕਿਸੇ ਨਾ ਕਿਸੇ ਕੁਦਰਤੀ ਮਾਰ ਦੀ ਲਪੇਟ ਵਿਚ ਆਏ ਹੋਏ ਹੁੰਦੇ ਹਨ।

ਜੇਕਰ ਅਸੀਂ ਅਸਲ ਮਾਅਨਿਆਂ ਵਿਚ ਵਾਤਾਵਰਨ ਦਿਵਸ ਮਨਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਠੋਸ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਹਰ ਸਾਲ ਪਿੱਛਲੇ ਸਾਲ ਵਿਚ ਵਾਤਾਵਰਨ ਦੀ ਸਾਂਭ-ਸੰਭਾਲ ਲਈ ਕੀਤੇ ਗਏ ਉਪਰਾਲਿਆਂ ਦਾ ਹਰ ਪੱਧਰ ਉੱਤੇ ਜ਼ਾਇਜਾ ਲੈਣਾ ਚਾਹੀਦਾ ਹੈ। ਆਰਥਿਕ ਵਿਕਾਸ ਦਾ ਮਾਡਲ ਵੀ ਕੁਦਰਤ-ਪੱਖੀ ਹੋਣਾ ਚਾਹੀਦਾ ਹੈ ਤਾਂ ਕਿ ਆਰਥਿਕ ਵਿਕਾਸ ਦੇ ਨਾਂ ਉੱਤੇ ਲੋਕਾਂ ਦਾ ਵਿਕਾਸ ਹੋਵੇ ਨਾ ਕਿ ਕੁਦਰਤੀ ਸਰੋਤਾਂ ਅਤੇ ਮਨੁੱਖਤਾ ਦਾ ਨੁਕਸਾਨ ਹੋਵੇ।

# ਸਿਹਤ, ਸਿੱਖਿਆ ਤੇ ਵਾਤਵਰਣ ਦੇ ਖੇਤਰ 'ਚ ਕੰਮ ਕਰਨ ਲਈ ਪੰਜਾਬ ਦੀਆਂ ਉੱਚ ਹਸਤੀਆਂ ਵੱਲੋਂ 'ਆਪਣਾ ਪੰਜਾਬ ਫਾਊਂਡੇਸ਼ਨ' ਦੀ ਸਥਾਪਨਾ

ਨਵੇਂ ਪੰਜਾਬ ਦੀ ਸਿਰਜਣਾ ਦੇ ਉਦੇਸ਼ ਨੂੰ ਲੈ ਕੇ ਸਿਹਤ, ਸਿੱਖਿਆ ਤੇ ਵਾਤਵਰਣ ਦੇ ਖੇਤਰ 'ਚ ਡਟਕੇ ਕੰਮ ਕਰਨ ਦਾ ਅਹਿਦ ਲੈਂਦਿਆਂ ਪੰਜਾਬ ਦੀਆਂ ਨਾਮਵਰ ਹਸਤੀਆਂ ਵੱਲੋਂ ਉੱਘੇ ਸਿੱਖਿਆ ਸ਼ਾਸ਼ਤਰੀ ਡਾਕਟਰ ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ 'ਆਪਣਾ ਪੰਜਾਬ ਫਾਊਂਡੇਸ਼ਨ' ਦੀ ਸਥਾਪਨਾ ਕੀਤੀ ਗਈ। 'ਨਵੇਂ ਪੰਜਾਬ ਦੀ ਸਿਰਜਣਾ 'ਚ ਸਿੱਖਿਆ ਦੀ ਭੂਮਿਕਾ' 'ਤੇ ਚਰਚਾ ਕਰਨ ਲਈ ਅੱਜ ਸੰਸਥਾ ਵੱਲੋਂ ਪਲੇਠਾ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।







ਸਮਾਗਮ ਦੇ ਮੁੱਖ ਪ੍ਰਬੰਧਕ ਅਤੇ ਆਪਣਾ ਪੰਜਾਬ ਫਾਊਂਡੇਸ਼ਨ ਦੇ ਕਨਵੀਨਰ ਡਾ. ਜਗਜੀਤ ਸਿੰਘ ਧੂਰੀ ਨੇ ਮਹਿਮਾਨਾਂ ਨੂੰ 'ਜੀ ਆਇਆ' ਆਖਦਿਆਂ ਦੱਸਿਆ ਕਿ ਫਾਊਂਡੇਸ਼ਨ ਦੇ ਮੈਂਬਰਾਂ ਵੱਲੋਂ ਸਿਹਤ, ਸਿੱਖਿਆ ਅਤੇ ਵਾਤਾਵਰਣ ਖੇਤਰਾਂ 'ਚ ਵਿਸ਼ੇਸ਼ ਟੀਚੇ ਤਹਿ ਕਰਕੇ ਅਜਿਹੇ ਕ੍ਰਾਂਤੀਕਾਰੀ ਕਦਮ ਉਠਾਏ ਜਾਣਗੇ ਜੋ ਚੰਗੇ ਸਮਾਜ ਦੀ ਸਿਰਜਣਾ ਵਿੱਚ ਆਪਣੇ ਸਰਗਰਮ ਯੋਗਦਾਨ ਦਾ ਪ੍ਰਤੱਖ ਪ੍ਰਮਾਣ ਬਣਨਗੇ।ਉਨ੍ਹਾਂ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਵੱਲੋਂ ਫਾਉਂਡੇਸ਼ਨ ਦੇ ਟੀਚਿਆਂ ਦੀ ਪ੍ਰਾਪਤੀ ਲਈ ਦਿਸ਼ਾ ਤਹਿ ਕਰਨ ਵਿੱਚ ਦਿੱਤੇ ਸਹਿਯੋਗ ਦੀ ਸ਼ਲਾਘਾ ਕੀਤੀ। ਸਮਾਗਮ ਦੌਰਾਨ ਡਾ. ਖੁਸ਼ਵਿੰਦਰ ਕੁਮਾਰ ਨੇ 'ਨਵੇਂ ਪੰਜਾਬ ਦੀ ਸਿਰਜਣਾ 'ਚ ਸਿੱਖਿਆ ਦੀ ਭੂਮਿਕਾ' 'ਤੇ ਪੇਪਰ ਪੜ੍ਹਿਆ, ਜਿਸ 'ਚ ਇਸ ਚੁਣੌਤੀਪੂਰਨ ਕਾਰਜ ਵਿੱਚ ਸਿੱਖਿਆ ਦੀ ਅਹਿਮੀਅਤ ਦੀ ਵਿਸਥਾਰਤ ਚਰਚਾ ਕੀਤੀ ਗਈ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਫਾਉਂਡੇਸ਼ਨ ਦੇ ਮੈਂਬਰਾਂ ਨੂੰ ਮੁਬਾਰਕਵਾਦ ਦਿੰਦਿਆਂ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵੱਲੋ ਇਸ ਨੇਕ ਕਾਰਜ ਲਈ 100 ਫ਼ੀਸਦੀ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਧਰਤੀ ਹੇਠਲਾ ਪਾਣੀ ਬਚਾਉਣ ਲਈ ਸਿੱਧੀ ਬਿਜਾਈ ਨੂੰ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਲੋਕਾਂ ਨੂੰ ਸਰਕਾਰ ਵੱਲੋਂ ਸਿਹਤ, ਸਿੱਖਿਆ ਅਤੇ ਵਾਤਾਵਰਣ ਜਿਹੇ ਖੇਤਰਾਂ ਸਬੰਧੀ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ। ਰਾਜ ਸਭਾ ਮੈਂਬਰ ਸ਼੍ਰੀ ਅਸ਼ੋਕ ਮਿੱਤਲ ਨੇ ਡਾ. ਧੂਰੀ ਵੱਲੋਂ ਕੀਤੇ ਯਤਨਾਂ ਦੀ ਸ਼ਾਲਾਘਾ ਕਰਦਿਆਂ ਕਿਹਾ ਕਿ ਤਿੰਨ ਅਹਿਮ ਖੇਤਰਾਂ ਵਿੱਚ ਨਿੱਠਕੇ ਕੰਮ ਕਰਨ ਜਾ ਰਹੀ ਆਪਣਾ ਪੰਜਾਬ ਫਾਉਂਡੇਸ਼ਨ ਦਾ ਉਪਰਾਲਾ ਸ਼ਾਲਾਘਾਯੋਗ, ਰਾਹ-ਦਰਸਾਊ ਤੇ ਪ੍ਰੇਰਣਾਸ-ਰੋਤ ਹੋਵੇਗਾ, ਜਿਸ ਦੀ ਰੋਸ਼ਨੀ ਵਿੱਚ ਉਹ ਪੰਜਾਬ ਦੇ ਜ਼ਮੀਨੀ ਪੱਧਰ 'ਤੇ ਸ਼ਨਾਖ਼ਤ ਕੀਤੇ ਲੋਕ-ਹਿਤੂ ਮੁੱਦਿਆਂ ਨੂੰ ਰਾਜ ਸਭਾ ਵਿੱਚ ਉਠਾਉਣਗੇ।

ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਅੱਜ ਜਦੋਂ ਪੰਜਾਬ ਦੇ ਹੋਣਹਾਰ ਬੱਚੇ ਵਿਦੇਸ਼ ਜਾ ਰਹੇ ਹਨ ਅਜਿਹੇ ਨਾਜ਼ੁਕ ਦੌਰ 'ਚ ਸਿੱਖਿਆ ਹੀ ਇੱਕ ਅਜਿਹਾ ਜ਼ਰੀਆ ਹੈ ਜਿਸ ਰਾਹੀਂ ਪੰਜਾਬ ਅੰਦਰ ਬਦਲਾਅ ਆ ਸਕਦਾ ਹੈ।ਦੂਜੇ ਸੈਸ਼ਨ ਦੇ ਅਖੀਰ ਵਿੱਚ ਪ੍ਰੋਗਰਾਮ ਦਾ ਹਿੱਸਾ ਬਣੇ ਬੁੱਧੀਜੀਵੀਆਂ ਤੋਂ ਟੀਚਿਆਂ ਦੀ ਪ੍ਰਾਪਤੀ ਸਬੰਧੀ ਸੁਝਾਅ ਪ੍ਰਾਪਤ ਕੀਤੇ ਜਦਕਿ ਸੁਖਵਿੰਦਰ ਸਿੰਘ ਤੇ ਸੰਜੀਵ ਸੈਣੀ ਵੱਲੋਂ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# ਪਿਤਾ ਦਾ ਸੁਪਨਾ ਪੂਰਾ ਕੀਤਾ ਤਾਮਿਲਨਾਡੂ ਵੇਟਲਿਫਟਰ ਕੁੜੀ ਨੇ



ਹਰਦੀਪ ਸਿੰਘ ਚੁੰਬਰ
+91-94636-01616

ਵੈਂਕਟੇਸ਼ਨ ਦਾ ਉਸ ਸਮੇਂ ਤੋਂ ਲੈ ਕੇ, ਇੱਕ ਵੀ ਦਿਨ ਉਸ ਦੇ ਦਿਮਾਗ਼ ਦੇ ਹਿੱਸੇ ਵਿੱਚ ਖ਼ਲਲ ਪਾਏ ਤੋਂ ਬਿਨਾਂ ਨਹੀਂ ਲੰਘਿਆ, ਜੀਵਨ ਵਿੱਚਜਿਸ ਸੁਪਨੇ ਨੂੰ ਪੂਰਾ ਕਰਨ ਦੇ ਬਾਰੇ ਉਸਨੇ ਕਦੇ ਸੋਚਿਆ ਸੀ ਉਹ ਪੂਰਾ ਨਹੀਂ ਕਰ ਪਾਇਆ ਉਹ ਇੱਛਾ ਉਸਨੇ ਆਪਣੀ ਬੇਟੀ ਨੂੰ ਅੱਗੇ ਵਧਾਕੇ ਪੂਰੀ ਕੀਤੀ।

ਬੇ-ਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ ।
ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ ।

ਉਪਰੋਕਤ ਸ਼ਬਦ 41 ਸਾਲਾ ਏ ਵੈਂਕਟੇਸ਼ਨ ਉਪਰ ਪੂਰੀ ਤਰਾਂ ਢੁਕਦੇ ਹਨ। ਕਿਉਂਕਿ ਬਚਪਨ ਤੋਂ ਲੈਕੇ ਹੁਣ ਤਕ ਉਹ ਪੱਥਰਾਂ ਨੀ ਹੀ ਤੋੜਦਾ ਆਇਆ ਹੈ। ਉਸ ਦੀਆਂ ਹਥੇਲੀਆਂ ਜਿਹੜੀ ਅੱਟਣਾ ਨਾ ਭਰੀ ਹੋਈ ਹੈ ਉਹ ਉਸ ਦੀ ਜ਼ਿੰਦਗੀ ਦਾ ਇੱਕ ਸੱਚਾ ਸਕੈਚ ਜਿੰਦਗੀ ਦੀ ਕਹਾਣੀ ਕਹਿੰਦਾ ਹੈ। ਪਿਛਲੇ 20 ਸਾਲਾਂ ਤੋਂ, ਉਹ ਮਾਮੂਲੀ ਦਿਹਾੜੀ ਲਈ ਪੱਥਰ ਤੋੜ ਰਿਹਾ ਹੈ ਜਦੋਂ ਕਿ ਉਸਦੀ 36 ਸਾਲਾ ਪਤਨੀ ਵੀ ਵਿਜਯਾ ਘਰੇਲੂ ਨੌਕਰਾਣੀ ਵਜੋਂ ਕੰਮ ਕਰਦੀ ਹੈ। ਜਿਸ ਤਰਾਂ ਦਾ ਉਹ ਜੀਵਨ ਜੀ ਰਿਹਾ ਹੈ ਉਹ ਇਸ ਤਰਾਂ ਦਾ ਜੀਵਨ ਨਹੀਂ ਚਾਹੁੰਦਾ ਸੀ। ਬਚਪਨ ਵਿੱਚ ਜਦੋਂ ਉਹ ਹਾਲੇ ਚੜਦੀ ਉਮਰ ਵਿੱਚ ਨੌਜਵਾਨ ਲੜਕੇ ਹੀ ਸੀ, ਤਾਂਉਹ ਇੱਕ ਵੇਟਲਿਫਟਰ ਬਣਨ ਚਾਹੁੰਦਾ ਸੀ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ ਦੀ ਇੱਛਾ ਰੱਖਦਾ ਸੀ। ਇਹ ਸੁਪਨਾ ਬਹੁਤ ਜਲਦੀ ਚਕਨਾ ਚੂਰ ਹੋ ਗਿਆ, ਹਾਲਾਂਕਿ, ਜਦੋਂ ਉਹ 12 ਸਾਲਾਂ ਦਾ ਸੀ ਤਾਂ ਉਸਦੀ ਲੱਤ ਵਿੱਚ ਸੱਟ ਲੱਗਣ ਲੱਤ ਦੀ ਹੱਡੀ ਟੁੱਟ ਗਈ ਸੀ। ਉਸ ਸਮੇਂ ਤੋਂ ਲੈ ਕੇ, ਇੱਕ ਵੀ ਦਿਨ ਉਸ ਦੇ ਦਿਮਾਗ਼ ਦੇ ਵਿੱਚ ਸੁਪਨਾ ਨਹੀਂ ਮਰਨ ਦਿੱਤਾ। ਇਸ ਸੋਚ ਤੋਂ ਬਿਨਾਂ ਕੋਈ ਵੀ ਦਿਨ ਨਹੀਂ ਲੰਘਿਆ। ਹੁਣ ਜਿਸ ਤਰਾਂ ਨਾਲ ਉਹ ਜੀਵਨ ਜੀ ਰਿਹਾ ਹੈ ਉਸ ਬਾਰੇ ਉਸਨੇ ਕਦੇ ਨਹੀਂ ਸੋਚਿਆ ਸੀ। ਲੇਕਿਨ ਇਹ ਉਦੋਂ ਤੱਕ ਸੀ ਜਦੋਂ ਤੱਕ ਉਸ ਦੀ ਪਲੇਠੀ ਬੇਟੀ ਰਿਤਿਕਾ ਉਸ ਦੇ ਜੀਵਨ ਵਿੱਚ ਨਹੀਂ ਆਈ ਸੀ।

ਜਦੋਂ ਉਸਦੀ ਬੇਟੀ ਵੇ ਜਮੀਨ ਉੱਤੇ ਕਰਦਮ ਰੱਖੇ, ਵੈਂਕਟੇਸ਼ਨ ਨੇ ਫੈਸਲਾ ਕੀਤਾ ਕਿ ਉਹ ਆਪਣੇ ਸੁਪਨੇ ਨੂੰ ਪੂਰਾ ਕਰਨ ਲਈ ਆਪਣੀ ਧੀ ਨੂੰ ਉਸ ਖੇਢ ਵਿੱਚ ਉਤਾਰੇਗਾ। ਜਿਸ ਨਾਲ ਉਹ ਆਪਣੇ ਮਨ ਦੀ ਅਧੂਰੀ ਇੱਛਾ ਨੂੰ ਪੂਰੀ ਕਰ ਸਕਦਾ ਸੀ ਅਤੇ ਉਸਨੇ ਪੂਰੀ ਕੀਤੀ।18 ਸਾਲ ਦੀ ਉਮਰ ਵਿੱਚ,ਬੇਟੀ ਰਿਤਿਕਾ ਨੇ ਮਈ ਵਿੱਚ ਗ੍ਰੀਸ ਵਿੱਚ ਅੰਤਰਰਾਸ਼ਟਰੀ ਵੇਟਲਿਫਟਿੰਗ ਫੈਡਰੇਸ਼ਨ (ਆਈਡਬਲਯੂਐਫ) ਦੁਆਰਾ ਆਯੋਜਿਤ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਵਿੱਚ ਤਗਮਾ ਜਿੱਤਿਆ। 49 ਕਿਲੋਗ੍ਰਾਮ ਵਰਗ ਵਿੱਚ ਤਿਰੰਗੇ ਦੀ ਨੁਮਾਇੰਦਗੀ ਕਰਦੇ ਹੋਏ, ਰਿਤਿਕਾ ਨੇ 'ਸਨੈਚ' ਵਿੱਚ 69 ਕਿਲੋਗ੍ਰਾਮ ਅਤੇ 81 ਕਿ ਕਿਲੋਗ੍ਰਾਮ 'ਕਲੀਨ-ਐਂਡ-ਜਰਕ' ਵਿਚ ਦੇਸ਼ ਲਈ ਕਾਂਸੀ ਦਾ ਤਗਮਾ ਹਾਸਲ ਕੀਤਾ। ਅਤੇ ਜਦੋਂ ਉਹ ਪੋਡੀਅਮ 'ਤੇ ਚਮਕਦੀ ਹੋਈ ਖੜ੍ਹੀ ਸੀ, ਵੇਲੋਰ ਦੇ ਅਲਾਮੇਲੁਮੰਗਪੁਰਮ ਦੇ ਮਥੀ ਨਗਰ ਵਿਖੇ ਘਰ ਵਾਪਸ, ਵੈਂਕਟੇਸ਼ਨ ਅਤੇ ਉਸ ਦੀ ਪਤਨੀ ਵਿਜਯਾ ਮਾਣ ਨਾਲ ਭਰ ਗਈ।

ਉਹਨਾ ਲਈ ਇੱਕ ਨਵੇਂ ਰਾਹ ਤੋਂ ਝਿਜਕਦੇ ਹੋਏ ਕਦਮ ਰਖਿਆ, ਇਹ ਇੱਕ ਭਾਵੁਕ ਪੇਸ਼ੇਵਰ ਤੱਕ ਦਾ ਸਫ਼ਰ ਆਸਾਨ ਨਹੀਂ ਸੀ। ਵੈਂਕਟੇਸਨ ਨੇ ਰਿਤਿਕਾ ਨੂੰ ਸਥੂਵਾਚਾਰੀ ਵਿੱਚ ਸਪੋਰਟਸ ਡਿਵੈਲਪਮੈਂਟ ਅਥਾਰਟੀ ਆਫ ਤਾਮਿਲਨਾਡੂ (ਧਓਠ) ਦੁਆਰਾ ਚਲਾਏ ਇੱਕ ਕੋਚਿੰਗ ਸੈਂਟਰ ਵਿੱਚ ਦਾਖਲ ਕਰਵਾਇਆ ਸੀ ਜਦੋਂ ਉਹ 10 ਸਾਲ ਦੀ ਸੀ। ਉਹ ਪਹਿਲਾਂ ਕੋਚਿੰਗ ਲੈਣ ਤੋਂ ਝਿਜਕਦੀ ਸੀ। ਉਹ ਕਹਿੰਦਾ ਹੈ ਕਿ “ਮੈਂ ਥੋੜਾ ਝਿਜਕ ਰਿਹਾ ਸੀ ਕਿਉਂਕਿ ਸਿਖਲਾਈ ਸਰੀਰਕ ਤੌਰ ਸਖਤ ਮਿਹਨਤ ਦੀ ਮੰਗ ਕਰਦੀ ਸੀ ਅਤੇ ਬੱਚੇ ਲਈ ਦਰਦਨਾਕ ਵੀ ਸੀ।ਹਾਲਾਂਕਿਰਿਤਿਕਾ ਕਹਿੰਦੀ ਹੈ,ਜਲਦੀ ਹੀ, ਇਹ ਮੇਰਾ ਰੁਟੀਨ ਬਣ ਗਿਆ ਅਤੇ ਮੈਂ ਆਪਣੇ ਲਈ ਦੱਸੇ ਗਏ ਨਿਯਮਾਂ ਦੀ ਪਾਲਣਾ ਕੀਤੀ।

ਵੈਂਕਟੇਸ਼ਨ ਅਤੇਵਿਜਯਾ ਜੋੜੇ ਦੇ ਤਿੰਨ ਬੱਚਿਆਂ ਵਿੱਚੋਂ ਸਭ ਤੋਂ ਵੱਡੀ, ਰਿਤਿਕਾ ਵੇਲੋਰ ਵਿੱਚ ਅਲਾਮੇਲੁਮੰਗਪੁਰਮ ਨੇੜੇ ਸਰਕਾਰੀ ਆਦਿ ਦ੍ਰਾਵਿਦਰ ਵੈਲਫੇਅਰ ਹਾਇਰ ਸੈਕੰਡਰੀ ਸਕੂਲ ਵਿੱਚ 11ਵੀਂ ਜਮਾਤ ਦੀ ਵਿਦਿਆਰਥਣ ਹੈ। ਉਸਦੇ ਦੋ ਭਰਾ, ਵੀ ਰਾਜਪਾਂਡੀ (15) ਅਤੇ ਵੀ ਹਰੀਸ਼ (12), ਉਸੇ ਸਕੂਲ ਵਿੱਚ 10ਵੀਂ ਅਤੇ 7ਵੀਂ ਜਮਾਤ ਦੇ ਵਿਦਿਆਰਥੀ ਹਨ। ਜਦੋਂ ਉਨ੍ਹਾਂ ਦਾ ਜੱਦੀ ਘਰ ਰਹਿਣ ਲਈ ਬਹੁਤ ਹੀ ਖਰਾਬ ਹੋ ਗਿਆ, ਤਾਂ ਉਹ 2018 ਵਿੱਚ ਮਥੀ ਨਗਰ ਵਿੱਚ ਕਿਰਾਏ ਦੇ ਮਕਾਨ ਵਿੱਚ ਚਲੇ ਗਏ ਤਾਂ ਜੋ ਬੱਚੇ ਆਸਾਨੀ ਨਾਲ ਸਕੂਲ ਜਾ ਸਕਣ।



ਕਿਰਾਇਆ ਸਾਡੀ ਆਮਦਨ 'ਤੇ ਇੱਕ ਨੁਕਸਾਨ ਹੈ, ਪਰ ਸਾਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਸੀ ਕਿਉਂਕਿ ਪਰਿਵਾਰ ਦੀ ਭਲਾਈ ਸਭ ਤੋਂ ਪਹਿਲਾਂ ਆਉਂਦੀ ਹੈ, "ਵਿਜਯਾ ਕਹਿੰਦੀ ਹੈ, ਉਹਨਾਂ ਨੂੰ ਰਿਤਿਕਾ ਨੂੰ ਵੇਟਲਿਫਟਿੰਗ ਕੋਚਿੰਗ ਕਲਾਸਾਂ ਵਿੱਚ ਭੇਜਣ ਲਈ ਰਿਸ਼ਤੇਦਾਰਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਉਹਨਾਂ ਦੇ ਅਨੁਸਾਰ, "ਲੜਕੀਆਂ ਅਜਿਹੀਆਂ ਖੇਡਾਂ ਵਿੱਚ ਨਹੀਂ ਹੋਣਾ ਚਾਹੀਦਾ।”

ਰਿਤਿਕਾ ਹਾਲਾਂਕਿ ਉਨ੍ਹਾਂ ਨੂੰ ਗਲਤ ਸਾਬਤ ਕਰੇਗੀ ਸਾਨੂੰ ਉਮੀਦ ਸੀ। ਉਸ ਤੋਂ ਬਾਅਦ ਦੇ ਸਾਲਾਂ ਵਿੱਚ, ਉਸਨੇ ਚਾਰ ਜੂਨੀਅਰ ਨਾਗਰਿਕਾਂ ਵਿੱਚ ਭਾਗ ਲਿਆ, ਦੋ ਵਿੱਚ ਤਗਮੇ ਜਿੱਤੇ ਅਤੇ ਦੋ ਵਿੱਚ ਭਾਗੀਦਾਰੀ ਸਰਟੀਫਿਕੇਟ ਪ੍ਰਾਪਤ ਕੀਤੇ।

ਵੈਂਕਟੇਸ਼ਨ ਕਹਿੰਦਾ ਹੈ, “ਮੈਂ ਖਰਚਿਆਂ ਨੂੰ ਪੂਰਾ ਕਰਨ ਲਈ ਪੈਸੇ ਉਧਾਰ ਲਏ ਸਨ ਤਾਂ ਜੋ ਉਹ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਹਿੱਸਾ ਲੈ ਸਕੇ, ਜੋ ਜ਼ਿਆਦਾਤਰ ਉੱਤਰੀ ਰਾਜਾਂ ਵਿੱਚ ਹੁੰਦੇ ਹਨ,” ਵੈਂਕਟੇਸ਼ਨ ਕਹਿੰਦਾ ਹੈ। ਰਿਤਿਕਾ ਅਤੇ ਉਸਦੇ ਪਰਿਵਾਰ ਦੇ ਜੀਵਨ ਵਿੱਚ ਇੱਕ ਮੋੜ ਸਪੋਰਟਸ ਡਿਵੈਲਪਮੈਂਟ ਅਥਾਰਟੀ ਆਫ ਤਾਮਿਲਨਾਡੂਸਿਖਲਾਈ ਕੇਂਦਰ ਵਿੱਚ ਉਸਦੀ ਕੋਚ ਆਰ ਕਵਿਤਾ ਨੂੰ ਮਿਲਣਾ ਸੀ। ਕਵਿਤਾ, ਖੁਦ ਇੱਕ ਵੇਟਲਿਫਟਰ, ਸੀਨੀਅਰ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਤਮਗਾ ਜੇਤੂ ਅਤੇ ਵੇਟਲਿਫਟਿੰਗ ਵਿੱਚ ਡਿਪਲੋਮਾ ਹੋਲਡਰ ਹੈ। ਉਸਨੂੰ 2016 ਵਿੱਚ ਵੇਲੋਰ ਵਿੱਚ ਸਪੋਰਟਸ ਡਿਵੈਲਪਮੈਂਟ ਅਥਾਰਟੀ ਆਫ ਤਾਮਿਲਨਾਡੂਵਿੱਚ ਕੋਚ ਨਿਯੁਕਤ ਕੀਤਾ ਗਿਆ ਸੀ।

“ਜਦੋਂ ਮੈਂ ਰਿਤਿਕਾ ਨੂੰ ਦੇਖਿਆ, ਮੈਨੂੰ ਪਤਾ ਸੀ ਕਿ ਉਹ ਵੱਡੀ ਜਿੱਤ ਪ੍ਰਾਪਤ ਕਰਨ ਵੱਲ ਜਾ ਰਹੀ ਹੈ। ਉਸ ਦਾ ਸਰੀਰ ਵੇਟਲਿਫਟਰ ਦੇ ਅਨੁਕੂਲ ਹੈ। ਉਹ ਬਹੁਤ ਲੰਮੀ ਨਹੀਂ ਸੀ, ਜੋ ਉਸਨੂੰ ਉਸਦੀ ਉਮਰ ਦੇ ਇੱਕ ਲੰਬੇ ਵਿਅਕਤੀ ਨਾਲੋਂ ਜ਼ਿਆਦਾ ਭਾਰ ਚੁੱਕਣ ਵਿੱਚ ਮਦਦ ਕਰੇਗਾ। ਮੈਂ ਉਸਨੂੰ ਉਸਦੀ ਤਕਨੀਕ ਵਿੱਚ ਸੁਧਾਰ ਕਰਨ ਲਈ ਕੋਚਿੰਗ ਦਿੱਤੀ ਅਤੇ ਉਸਨੂੰ ਪਾਲਣ ਕਰਨ ਲਈ ਇੱਕ ਨਿਯਮ ਦਿੱਤਾ, ਜੋ ਉਸਨੇ ਸਖਤੀ ਨਾਲ ਕੀਤਾ,” ਕਵਿਤਾ ਕਹਿੰਦੀ ਹੈ। ਕਵਿਤਾ ਦੇ ਮਾਰਗਦਰਸ਼ਨ ਵਿੱਚ, ਰਿਤਿਕਾ ਨੇ ਅਗਸਤ 2020 ਵਿੱਚ ਯੂਥ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਅਪ੍ਰੈਲ 2022 ਵਿੱਚ ਉਸ ਨੂੰ ਆਈਡਬਲਯੂਐਫ ਦੁਆਰਾ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਵਿੱਚ 49-ਕਿਲੋਗ੍ਰਾਮ ਵਰਗ ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਲਈ ਚੁਣਿਆ ਗਿਆ।

ਕਵਿਤਾ ਕਹਿੰਦੀ ਹੈ, “ਰਿਤਿਕਾ ਦੀ ਤਕਨੀਕ ਅਤੇ ਫਿਟਨੈਸ ਨੇ ਉਸ ਨੂੰ ਭਾਰਤੀ ਕੈਂਪ ਵਿੱਚ ਜਗ੍ਹਾ ਦਿੱਤੀ।” ਰਿਤਿਕਾ, ਹਾਲਾਂਕਿ, ਹੁਣੇ ਹੀ ਸ਼ੁਰੂਆਤ ਕਰ ਰਹੀ ਹੈ। ਉਸ ਦੀਆਂ ਨਜ਼ਰਾਂ ਤਿੰਨ ਵੱਡੀਆਂ ਅੰਤਰਰਾਸ਼ਟਰੀ ਖੇਡਾਂ 'ਤੇ ਟਿਕੀਆਂ ਹੋਈਆਂ ਹਨ। “ਮੈਂ ਏਸ਼ੀਆਈ ਖੇਡਾਂ, ਰਾਸ਼ਟਰਮੰਡਲ ਖੇਡਾਂ ਅਤੇ ਓਲੰਪਿਕ ਦੀ ਉਡੀਕ ਕਰ ਰਿਹਾ ਹਾਂ। ਅਤੇ ਮੈਡਲ ਜਿੱਤਣ ਅਤੇ ਆਪਣੇ ਦੇਸ਼ ਦਾ ਨਾਂ ਰੌਸ਼ਨ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗਾ।”

# ਘਰ ਚਲਾਉਣ ਲਈ ਮਾਂ ਨੇ ਪਾਲੀਆਂ ਸਨ ਬੱਕਰੀਆਂ, ਅਧਿਆਪਕ ਨੇ ਅਦਾ ਕੀਤਾ ਪੜ੍ਹਾਈ ਦਾ ਖਰਚਾ, ਹੁਣ ਯੂਪੀਐਸਸੀ 'ਚ ਲਹਿਰਾਇਆ ਝੰਡਾ

ਯੂਪੀਐਸਸੀ ਵਿੱਚ ਸਫਲ ਹੋਣ ਵਾਲਾ ਵਿਸ਼ਾਲ ਇੱਕ ਬਹੁਤ ਹੀ ਗਰੀਬ ਪਰਿਵਾਰ ਨਾਲ ਸਬੰਧ ਰੱਖਦਾ ਹੈ। ਉਸ ਦੇ ਪਿਤਾ ਦੀ ਸਾਲ 2008 ਵਿੱਚ ਮੌਤ ਹੋ ਗਈ ਸੀ। ਉਹ ਮਜ਼ਦੂਰੀ ਕਰਕੇ ਆਪਣੇ ਘਰ ਦਾ ਗੁਜ਼ਾਰਾ ਚਲਾਉਂਦੇ ਸਨ।

ਯੂ।ਪੀ।ਐਸ।ਸੀ। ਵੱਲੋਂ ਬੀਤੇ ਦਿਨ ਜਾਰੀ ਕੀਤੇ ਗਏ ਸਿਵਲ ਸਰਵਿਸਿਜ਼ ਇਮਤਿਹਾਨ ਦੇ ਨਤੀਜਿਆਂ ਵਿੱਚ ਸਫਲ ਉਮੀਦਵਾਰਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਕਿਸ ਤਰ੍ਹਾਂ ਸਖ਼ਤ ਮਿਹਨਤ ਅਤੇ ਲਗਨ ਨਾਲ ਕੋਈ ਵੀ ਮੰਜ਼ਿਲ ਹਾਸਲ ਕੀਤੀ ਜਾਂਦੀ ਹੈ। ਇਨ੍ਹਾਂ ਚਾਹਵਾਨਾਂ ਨੇ ਦੇਸ਼ ਦੀ ਸਭ ਤੋਂ ਔਖੀ ਪ੍ਰੀਖਿਆ ਨੂੰ ਪਛਾੜ ਕੇ ਸਾਬਤ ਕਰ ਦਿੱਤਾ ਹੈ ਕਿ ਸਖ਼ਤ ਮਿਹਨਤ ਦਾ ਕੋਈ ਬਦਲ ਨਹੀਂ ਹੈ। ਇਸ ਤੋਂ ਵੱਡਾ ਕੋਈ ਸੰਘਰਸ਼ ਨਹੀਂ ਹੈ। ਅਜਿਹੇ ਕਈ ਸਫਲ ਉਮੀਦਵਾਰਾਂ ਦੀਆਂ ਕਹਾਣੀਆਂ ਬੀਤੇ ਦਿਨ ਤੋਂ ਸਭ ਦੇ ਸਾਹਮਣੇ ਆ ਰਹੀਆਂ ਹਨ। ਇਸ ਐਪੀਸੋਡ ਵਿੱਚ, ਅਸੀਂ ਬਿਹਾਰ ਦੇ ਵਿਸ਼ਾਲ ਦੀ ਕਹਾਣੀ ਲੈ ਕੇ ਆਏ ਹਾਂ, ਜੋ ਆਪਣੇ ਆਪ ਵਿੱਚ ਸੰਘਰਸ਼ ਅਤੇ ਉਸ ਤੋਂ ਬਾਅਦ ਦੀ ਸਫਲਤਾ ਦੀ ਅਸਲ ਕਹਾਣੀ ਹੈ।



**ਵਿਸ਼ਾਲ ਨੇ 484ਵਾਂ ਰੈਂਕ ਹਾਸਲ ਕੀਤਾ**

ਬਿਹਾਰ ਦੇ ਮੁਜ਼ੱਫਰਪੁਰ ਜ਼ਿਲੇ ਦੇ ਰਹਿਣ ਵਾਲੇ ਵਿਸ਼ਾਲ ਨੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ ਪੀ ਐਸ ਸੀ) ਦੁਆਰਾ ਕਰਵਾਈ ਗਈ ਸਿਵਲ ਸਰਵਿਸਿਜ਼ ਪ੍ਰੀਖਿਆ-2021 ਵਿੱਚ 484ਵਾਂ ਰੈਂਕ ਹਾਸਲ ਕੀਤਾ ਹੈ। ਉਨ੍ਹਾਂ ਦੀ ਇਸ ਕਾਮਯਾਬੀ ਤੋਂ ਬਾਅਦ ਮੀਨਾਪੁਰ ਬਲਾਕ ਵਿੱਚ ਸਥਿਤ ਉਨ੍ਹਾਂ ਦੇ ਪਿੰਡ ਮਕਸੂਦਪੁਰ ਵਿੱਚ ਜਸ਼ਨ ਦਾ ਮਾਹੌਲ ਹੈ। ਘਰ ਵਿੱਚ ਵਧਾਈਆਂ ਦੇਣ ਵਾਲਿਆਂ ਦੀ ਆਮਦ ਹੈ। ਕੁਝ ਉਸ ਦੀ ਮਿਸਾਲ ਦੇ ਰਹੇ ਹਨ ਅਤੇ ਕੁਝ ਉਸ ਤੋਂ ਪ੍ਰੇਰਨਾ ਲੈ ਰਹੇ ਹਨ।

**ਮਾਂ ਬੱਕਰੀਆਂ ਪਾਲਦੀ ਹੈ**

ਯੂ।ਪੀ।ਐਸ।ਸੀ। ਵਿੱਚ ਸਫਲ ਹੋਣ ਵਾਲਾ ਵਿਸ਼ਾਲ ਇੱਕ ਬਹੁਤ ਹੀ ਗਰੀਬ ਪਰਿਵਾਰ ਨਾਲ ਸਬੰਧ ਰੱਖਦਾ ਹੈ। ਉਸ ਦੇ ਪਿਤਾ ਦੀ ਸਾਲ 2008 ਵਿੱਚ ਮੌਤ ਹੋ ਗਈ ਸੀ। ਉਹ ਆਪਣੇ ਘਰ ਦਾ ਗੁਜ਼ਾਰਾ ਚਲਾਉਣ ਲਈ ਮਜ਼ਦੂਰੀ ਕਰਦਾ ਸੀ। ਉਸ ਦੇ ਜਾਣ ਤੋਂ ਬਾਅਦ ਘਰ ਦੇ ਹਾਲਾਤ ਬਹੁਤ ਖਰਾਬ ਹੋ ਗਏ ਸਨ। ਇਸ ਤੋਂ ਬਾਅਦ ਵਿਸ਼ਾਲ ਦੀ ਮਾਂ ਰੀਨਾ ਦੇਵੀ ਨੇ ਬੱਕਰੀਆਂ ਅਤੇ ਮੱਝਾਂ ਪਾਲ ਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕੀਤਾ।

**ਸਫਲਤਾ ਦਾ ਸਿਹਰਾ ਪਰਿਵਾਰ ਅਤੇ ਅਧਿਆਪਕ ਨੂੰ**

ਵਿਸ਼ਾਲ ਆਪਣੀ ਸਫਲਤਾ ਦਾ ਪੂਰਾ ਸਿਹਰਾ ਆਪਣੇ ਪਰਿਵਾਰ ਅਤੇ ਆਪਣੇ ਅਧਿਆਪਕ ਗੌਰੀ ਸ਼ੰਕਰ ਪ੍ਰਸਾਦ ਨੂੰ ਦਿੰਦਾ ਹੈ। ਵਿਸ਼ਾਲ ਮੁਤਾਬਕ ਗੌਰੀ ਸ਼ੰਕਰ ਨੇ ਮੁਸ਼ਕਲ ਹਾਲਾਤਾਂ 'ਚ ਉਨ੍ਹਾਂ ਦੀ ਕਾਫੀ ਮਦਦ ਕੀਤੀ ਹੈ। ਉਸ ਨੇ ਵਿਸ਼ਾਲ ਦੀ ਪੜ੍ਹਾਈ ਦੀ ਫੀਸ ਅਦਾ ਕੀਤੀ। ਪੈਸੇ ਦੀ ਕਿੱਲਤ ਵੇਲੇ ਆਪਣੇ ਘਰ ਵਿੱਚ ਰੱਖਿਆ। ਜਦੋਂ ਵਿਸ਼ਾਲ ਨੇ ਕੰਮ ਕਰਨਾ ਸ਼ੁਰੂ ਕੀਤਾ, ਤਾਂ ਇਹ ਅਧਿਆਪਕ ਹੀ ਸੀ ਜਿਸ ਨੇ ਉਸਨੂੰ ਨੌਕਰੀ ਛੱਡ ਕੇ ਯੂਪੀਐਸਸੀ ਦੀ ਤਿਆਰੀ ਕਰਨ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਅਧਿਆਪਕ ਗੌਰੀ ਸ਼ੰਕਰ ਨੇ ਵੀ ਉਸ ਦੀ ਆਰਥਿਕ ਮਦਦ ਕੀਤੀ।

**ਪਿ ਕਹਿੰਦਾ ਸੀ ਪੁੱਤ ਵੱਡਾ ਬੰਦਾ ਬਣੇਗਾ**

ਵਿਸ਼ਾਲ ਦੇ ਮਰਹੂਮ ਪਿਤਾ ਬੀਕਾਉ ਪ੍ਰਸਾਦ ਕਹਿੰਦੇ ਸਨ ਕਿ ਉਨ੍ਹਾਂ ਦਾ ਪੁੱਤਰ ਪੜ੍ਹ-ਲਿਖ ਕੇ ਵੱਡਾ ਇਨਸਾਨ ਬਣੇਗਾ। ਵਿਸ਼ਾਲ ਨੇ ਆਖਰਕਾਰ ਆਪਣਾ ਸੁਪਨਾ ਸਾਕਾਰ ਕਰ ਦਿੱਤਾ ਹੈ। ਵਿਸ਼ਾਲ ਨੇ ਸਾਲ 2011 ਵਿੱਚ ਦਸਵੀਂ ਵਿੱਚ ਟਾਪ ਕੀਤਾ ਸੀ। ਇਸ ਤੋਂ ਬਾਅਦ ਉਸਨੇ ਸਾਲ 2013 ਵਿੱਚ ਆਈਆਈਟੀ ਕਾਨਪੁਰ ਵਿੱਚ ਦਾਖਲਾ ਲਿਆ। ਇੱਥੋਂ ਪਾਸ ਆਊਟ ਹੋਣ ਤੋਂ ਬਾਅਦ ਵਿਸ਼ਾਲ ਨੇ ਰਿਲਾਇੰਸ ਕੰਪਨੀ ਵਿੱਚ ਨੌਕਰੀ ਕੀਤੀ। ਅਧਿਆਪਕਾ ਗੌਰੀ ਸ਼ੰਕਰ ਅਨੁਸਾਰ ਵਿਸ਼ਾਲ ਸ਼ੁਰੂ ਤੋਂ ਹੀ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਸੀ। ਪਿਤਾ ਦੀ ਮੌਤ ਤੋਂ ਬਾਅਦ ਉਸ ਨੇ ਹੋਰ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ ਅਤੇ ਅੱਜ ਉਸ ਨੇ ਇਹ ਕਾਮਯਾਬੀ ਹਾਸਲ ਕੀਤੀ ਹੈ।

**- ਇੰਜੀ ਹਰਦੀਪ ਸਿੰਘ ਚੁੰਬਰ**

# ਪੰਜਾਬ ਸਰਕਾਰ ਵੱਲੋਂ ਕਾਗਜੀ ਸਟੈਂਪ ਪੇਪਰਾਂ ਦਾ ਖਾਤਮਾ, ਈ-ਸਟੈਂਪ ਸਹੂਲਤ ਦੀ ਸ਼ੁਰੂਆਤ

**ਚੰਡੀਗੜ -** ਪੰਜਾਬ ਸਰਕਾਰ ਵੱਲੋਂ ਮਾਲ ਵਿਭਾਗ ਦੇ ਕੰਮਕਾਜ ਵਿੱਚ ਹੋਰ ਕੁਸ਼ਲਤਾ ਲਿਆਉਣ ਅਤੇ ਮਾਲੀਏ ਨੂੰ ਲਗਦੇ ਖੋਰੇ ਨੂੰ ਰੋਕਣ ਲਈ ਅਹਿਮ ਫੈਸਲਾ ਲੈਂਦਿਆਂ ਕਾਗਜੀ ਰੂਪ ਵਿੱਚ ਮਿਲਦੇ ਸਟੈਂਪ ਪੇਪਰ ਨੂੰ ਖਤਮ ਕਰ ਦਿੱਤਾ ਗਿਆ ਹੈ। ਹੁਣ ਤੋਂ ਹਰੇਕ ਕੀਮਤ ਦੇ ਸਟੈਂਪ ਪੇਪਰ ਨੂੰ ਈ-ਸਟੈਂਪ ਰਾਹੀਂ ਯਾਨੀ ਕੰਪਿਊਟਰ ਤੋਂ ਪ੍ਰਿੰਟ-ਆਊਟ ਰਾਹੀਂ ਕਿਸੇ ਵੀ ਅਸਟਾਮ ਫਰੋਸ ਜਾਂ ਪੰਜਾਬ ਸਰਕਾਰ ਵੱਲੋਂ ਅਧਿਕਾਰਤ ਬੈਂਕਾਂ ਤੋਂ ਪ੍ਰਾਪਤ ਕੀਤਾ ਜਾ ਸਕੇਗਾ।

ਇਸ ਸਹੂਲਤ ਦੀ ਸੁਰੂਆਤ ਕਰਨ ਉਪਰੰਤ ਪੰਜਾਬ ਦੇ ਮਾਲ ਮੰਤਰੀ ਸ੍ਰੀ ਬ੍ਰਮ ਸੰਕਰ ਜਿੰਪਾ ਨੇ ਦੱਸਿਆ ਕਿ ਪਹਿਲਾਂ ਇਹ ਸਹੂਲਤ ਕੇਵਲ 20,000/- ਰੁਪਏ ਤੋਂ ਉੱਪਰ ਦੇ ਸਟੈਂਪ ਪੇਪਰਾਂ ਉਤੇ ਉਪਲਬਧ ਸੀ। ਉਨਾਂ ਕਿਹਾ, “ਅਸੀਂ ਹੁਣ ਇਹ ਸਹੂਲਤ ਇੱਕ ਰੁਪਏ ਦੇ ਸਟੈਂਪ ਪੇਪਰ ਤੱਕ ਕਰ ਦਿੱਤੀ ਹੈ, ਭਾਵ ਸਾਰੇ ਸਟੈਂਪ ਪੇਪਰ ਹੁਣ ਈ-ਸਟੈਂਪ ਰਾਹੀਂ ਪ੍ਰਾਪਤ ਕੀਤੇ ਜਾ ਸਕਦੇ ਹਨ।“ ਕੈਬਨਿਟ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲਏ ਗਏ ਇਸ ਫੈਸਲੇ ਨਾਲ ਸਾਲਾਨਾ ਤਕਰੀਬਨ 35 ਕਰੋੜ ਰੁਪਏ ਦੀ ਬੱਚਤ ਹੋਵੇਗੀ, ਜੋ ਸਟੈਂਪ ਪੇਪਰਾਂ ਦੀ ਛਪਾਈ ‘ਤੇ ਖਰਚ ਹੁੰਦੇ ਸਨ। ਇਸ ਤੋਂ ਇਲਾਵਾ ਆਮ ਲੋਕਾਂ ਨੂੰ ਬਗੈਰ ਕਿਸੇ ਮੁਸ਼ਕਲ ਦੇ ਸਟੈਂਪ ਪੇਪਰ ਉਪਲਬਧ ਹੋਣਗੇ ਕਿਉਂਕਿ ਪਹਿਲਾਂ ਕਈ ਵਾਰ ਸਟੈਂਪ ਪੇਪਰ ਲੈਣ ਸਮੇਂ ਆਮ ਲੋਕਾਂ ਨੂੰ ਦਿੱਕਤ ਆਉਂਦੀ ਸੀ ਜਾਂ ਅਸਟਾਮ ਫਰੋਸ਼ਾਂ ਕੋਲ ਸਟੈਂਪ ਪੇਪਰ ਉਪਲਬਧ ਨਹੀਂ ਹੁੰਦੇ ਸਨ ਜਾਂ ਲੋਕਾਂ ਨੂੰ ਵੱਧ ਰੇਟਾਂ ਉਤੇ ਮੁਹੱਈਆ ਕਰਵਾਏ ਜਾਂਦੇ ਸਨ। ਉਨਾਂ ਦੱਸਿਆ ਕਿ ਈ-ਸਟੈਂਪ ਪ੍ਰਣਾਲੀ ਨੂੰ ਲਾਗੂ ਕਰਨ ਲਈ ਨੋਟੀ-ਫਿਕੇਸ਼ਨ ਨੰ: ਈ-ਆਫਿਸ/188125-2/7616, ਮਿਤੀ 27।05।2022 ਜਾਰੀ ਕੀਤਾ ਜਾ ਚੁੱਕਾ ਹੈ। ਸ੍ਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਸਟਾਮ ਫਰੋਸ਼ਾਂ ਨੂੰ ਇੱਕ ਰੁਪਏ ਤੋਂ ਲੈ ਕੇ 19,999 ਰੁਪਏ ਤੱਕ ਦੇ ਈ-ਸਟੈਂਪ ਉਤੇ 2 ਫੀਸਦੀ ਦੀ ਦਰ ਨਾਲ ਕਮਿਸ਼ਨ ਦਿੱਤਾ ਜਾਵੇਗਾ ਜਦੋਂਕਿ ਆਮ ਲੋਕਾਂ ਨੂੰ ਸਟੈਂਪ ਪੇਪਰ ਪੂਰੇ ਰੇਟ ਉਤੇ ਹੀ ਮਿਲਣਗੇ। ਉਦਾਹਰਣ ਵਜੋਂ ਉਨਾਂ ਨੂੰ 100 ਰੁਪਏ ਵਾਲਾ ਸਟੈਂਪ ਪੇਪਰ 100 ਰੁਪਏ ਵਿੱਚ ਹੀ ਮਿਲੇਗਾ ਅਤੇ ਉਨਾਂ ਨੂੰ ਇਸ ਉਤੇ ਕੋਈ ਵਾਧੂ ਕਮਿਸ਼ਨ ਨਹੀਂ ਦੇਣਾ ਪਵੇਗਾ। ਉਨਾਂ ਕਿਹਾ ਕਿ ਇਹ ਕਦਮ ਸਟੈਂਪ ਪੇਪਰਾਂ ਵਿੱਚ ਹੋਣ ਵਾਲੀ ਹੇਰਾਫੇਰੀ ਦੀ ਸੰਭਾਵਨਾ ਨੂੰ ਖਤਮ ਕਰਨ ਵਿੱਚ ਵੀ ਲਾਹੇਵੰਦ ਹੋਵੇਗਾ। ਵਿਭਾਗ ਵੱਲੋਂ ਪੰਜ ਹੋਰ ਈ-ਸਹੂਲਤਾਂ ਵੀ ਸ਼ੁਰੂ ਕੀਤੀਆਂ ਗਈਆਂ ਹਨ, ਜਿਨਾਂ ਵਿੱਚ ਕਰਜਾ/ਹਾਈਪੋਥੀਕੇਸ਼ਨ ਐਗਰੀਮੈਂਟ, ਐਗਰੀਮੈਂਟ ਆਫ ਪਲੈਜ, ਹਲਫੀਆ ਬਿਆਨ ਤੇ ਹਲਫਨਾਮਾ, ਡਿਮਾਂਡ ਪ੍ਰੋਮਿਸਰੀ ਨੋਟ ਅਤੇ ਇਨਡਿਮਨਟੀ ਬਾਂਡ ਸ਼ਾਮਲ ਹਨ। ਇਹ ਦਸਤਾਵੇਜ ਵੀ ਹੁਣ ਸਿੱਧੇ ਕੰਪਿਊਟਰ ਰਾਹੀਂ ਜਾਰੀ ਕੀਤੇ ਜਾ ਸਕਣਗੇ। ਮਾਲ ਵਿਭਾਗ ਦੇ ਸਕੱਤਰ ਸ ਮਨਵੇਸ਼ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਸਹੂਲਤ ਨੂੰ ਭਾਰਤ ਸਰਕਾਰ ਦੀ ਨੈਸ਼ਨਲ ਈ-ਗਵਰਨੈਂਸ ਸਰਵਿਸਿਜ ਲਿਮਟਿਡ (ਐਨਈਐਸਐਲ) ਨਾਲ ਤਾਲਮੇਲ ਕਰਕੇ ਸ਼ੁਰੂ ਕੀਤਾ ਗਿਆ ਹੈ। ਇਸ ਨਾਲ ਜਿੱਥੇ ਬੈਂਕਾਂ ਨੂੰ ਸਹੂਲਤ ਹੋਵੇਗੀ, ਉੱਥੇ ਉਪਰੋਕਤ ਸਾਰੀਆਂ ਸਹੂਲਤਾਂ ਲਈ ਆਮ ਲੋਕਾਂ ਨੂੰ ਬੈਂਕਾਂ ਤੋਂ ਇਲਾਵਾ ਕਿਸੇ ਹੋਰ ਜਗਾ ‘ਤੇ ਜਾਣ ਦੀ ਲੋੜ ਨਹੀਂ ਪਵੇਗੀ।

# ਮਿਲੀ ਜੁਲੀ ਤਹਿਜ਼ੀਬ ਅਤੇ ਕੱਟੜਤਾ ਦੀ ਸਿਆਸਤ

## ਰਾਜੇਸ਼ ਰਾਮਚੰਦਰਨ

ਜਿਵੇਂ ਬੰਦਗੀ ਤੇ ਵਿਲਾਸਤਾ ਦਾ ਕੋਈ ਮੇਲ ਨਹੀਂ ਹੁੰਦਾ ਤਿਵੇਂ ਹੀ ਸੱਤਾ ਤੇ ਤਰਸ ਦਾ ਕੋਈ ਮੇਲ ਨਹੀਂ ਹੁੰਦਾ, ਫਿਰ ਵੀ ਸੱਤਾ ਦੀ ਸਿਆਸਤ ਆਪਣੇ ਮੁਫ਼ਾਦ ਲਈ ਤਰਸ ਦਾ ਪੱਤਾ ਵਰਤਦੀ ਰਹਿੰਦੀ ਹੈ ਪਰ ਇਸ ਦੇ ਬਾਵਜੂਦ ਸੱਤਾ ਉਪਰ ਤਰਸ ਦਾ ਕੋਈ ਅਸਰ ਨਹੀਂ ਪੈਂਦਾ। ਕਿਸੇ ਸ਼ਰਧਾਵਾਨ ਹਿੰਦੂ ਲਈ ਕ੍ਰਿਸ਼ਨ ਬੇਮਿਸਾਲ ਸਾਕਾਰ ਭਗਵਾਨ ਹਨ : ਉਹ ਬਾਲ ਕ੍ਰਿਸ਼ਨ ਦੀ ਪੂਜਾ ਕਰਦੇ ਹਨ (ਜਿਵੇਂ ਕੈਥੋਲਿਕ ਬਾਲ ਯਸੂ ਨੂੰ ਮੰਨਦੇ ਹਨ), ਉਨ੍ਹਾਂ ਨੂੰ ਪ੍ਰੇਮੀ ਰਾਜਕੁਮਾਰ ਰਾਧਾਕ੍ਰਿਸ਼ਨ ਜਾਂ ਰਾਧਾ ਦੇ ਕ੍ਰਿਸ਼ਨ ਦੇ ਤੌਰ 'ਤੇ ਪਿਆਰ ਕਰਦੇ ਹਨ, ਉਹ ਹੈਰਾਨਕੁਨ ਚੱਕਰਧਾਰੀ ਰਥਵਾਨ ਹਨ ਤੇ ਗੀਤਾ ਦੇ ਰਚੇਤਾ ਹਨ। ਸਾਨੂੰ ਨਿਸ਼ਕਾਮ ਸੇਵਾ ਭਾਵ ਨਾਲ ਕੰਮ ਕਰਨ ਦਾ ਉਪਦੇਸ਼ ਦੇਣ ਵਾਲੇ ਦਾਰਸ਼ਨਿਕ ਹਨ। ਇਸ ਲਈ ਉਨ੍ਹਾਂ ਦਾ ਮਿਥਹਾਸਕ ਜਨਮ ਸਥਾਨ ਕਿਸੇ ਹਿੰਦੂ ਲਈ ਬਹੁਤ ਜ਼ਿਆਦਾ ਮਹੱਤਵ ਵਾਲਾ ਹੈ। ਮੈਨੂੰ ਇਕ ਵਾਰ ਆਪਣੀ ਮਾਂ ਨੂੰ ਕ੍ਰਿਸ਼ਨ ਸ਼ਰਧਾਲੂਆਂ ਲਈ ਸਭ ਤੋਂ ਪਵਿੱਤਰ ਧਾਮ ਲਿਜਾਣ ਦਾ ਮੌਕਾ ਮਿਲਿਆ ਸੀ। ਮਥੁਰਾ ਅਤੇ ਵ੍ਰਿੰਦਾਵਨ ਦੀ ਯਾਤਰਾ ਤੋਂ ਬਾਅਦ ਉਨ੍ਹਾਂ ਦਾ ਦਿਲ ਟੁੱਟ ਗਿਆ ਕਿਉਂਕਿ ਉੱਥੇ ਉਨ੍ਹਾਂ ਨੂੰ ਉਹ ਸਵੱਛ, ਸਾਫ਼ ਵਾਤਾਵਰਨ ਨਾ ਦਿਸਿਆ ਜਿਸ ਦੀ ਉਨ੍ਹਾਂ ਨੂੰ ਉਮੀਦ ਸੀ।

ਉਸ ਯਾਤਰਾ ਨੂੰ ਦੋ ਦਹਾਕੇ ਹੋ ਚੁੱਕੇ ਹਨ ਤੇ ਹੋ ਸਕਦਾ ਹੈ ਕਿ ਹੁਣ ਹਾਲਾਤ ਕੁਝ ਬਿਹਤਰ ਹੋ ਗਏ ਹੋਣ। ਬਹਰਹਾਲ, ਸੱਚੇ ਸੁੱਚੇ ਹਿੰਦੂਆਂ ਲਈ ਸ਼ਾਹੀ ਈਦਗਾਹ ਮਸਜਿਦ ਦੀ ਕੋਈ ਹੋਂਦ ਨਹੀਂ ਹੈ ਜਿਵੇਂ ਵਾਰਾਨਸੀ ਵਿਚ ਸ਼ਿਵ ਦੀ ਆਰਾਧਨਾ ਕਰਨ ਵਾਲਿਆਂ ਲਈ ਗਿਆਨਵਾਪੀ ਮਸਜਿਦ ਮੌਜੂਦ ਨਹੀਂ ਹੈ। ਉਹ ਮਿਲਨ ਦੀ ਲੋਚਾ ਲੈ ਕੇ ਸਿਰਫ ਭਗਵਾਨ ਕ੍ਰਿਸ਼ਨ ਤੇ ਸ਼ਿਵ ਨੂੰ ਦੇਖਦੇ ਹਨ ਪਰ ਸਿਆਸਤਦਾਨ ਜਾਂ ਬਦਲੇ ਦੀ ਭਾਵਨਾ ਨਾਲ ਗ੍ਰਸਿਆ ਹਿੰਦੂ ਆਪਣੇ ਸਭ ਤੋਂ ਪਵਿੱਤਰ ਮੰਦਰਾਂ ਦੇ ਰੂਪ ਵਿਚ ਸਿਰਫ ਮਸਜਿਦ ਨੂੰ ਦੇਖਦਾ ਹੈ ਜਿਸ ਨੂੰ ਡੇਗਿਆ ਜਾ ਸਕੇ। ਇਹ ਨਜ਼ਰੀਏ ਦਾ ਸਵਾਲ ਹੈ, ਕੋਈ ਕੀ ਦੇਖਣਾ ਚਾਹੁੰਦਾ ਹੈ ਜਾਂ ਕਿਸੇ ਨੂੰ ਕੀ ਦਿਖਾਇਆ ਜਾਂਦਾ ਹੈ : ਸੱਤਾ ਜਾਂ ਤਰਸ। ਉਹ ਆਪਣੇ ਪੁਰਖਿਆਂ 'ਤੇ ਹਮਲੇ ਕਰਨ ਅਤੇ ਬੇਪੱਤ ਕਰਨ ਵਾਲੇ ਗ਼ੈਰ ਲੋਕਾਂ ਦੀਆਂ ਧਾੜਾਂ ਦੇਖਦੇ ਹਨ ਅਤੇ ਆਪਣੀ ਮਾਤਭੂਮੀ 'ਤੇ ਸਦੀਆਂ ਤੱਕ ਉਨ੍ਹਾਂ ਦਾ ਰਾਜ ਚਲਦਾ ਦੇਖਦੇ ਹਨ, ਜ਼ਾਲਮ ਮੁਸਲਿਮ ਸ਼ਾਸਕਾਂ ਦੇ ਅੱਤਿਆਚਾਰਾਂ ਹੇਠ ਪਿਸ ਰਹੀ ਅਬਲਾ ਹਿੰਦੂ ਜਨਤਾ ਨੂੰ ਦੇਖਦੇ ਹਨ।

ਕਿਸੇ ਰਾਸ਼ਟਰ ਦੀ ਕਲਪਨਾ ਤੇ ਯਾਦਾਸ਼ਤ ਦਾ ਉਦੋਂ ਪੂਰੀ ਤਰ੍ਹਾਂ ਫਿਰਕੂਕਰਨ ਹੋ ਜਾਂਦਾ ਹੈ ਜਦੋਂ ਭਾਰੂ ਸਿਆਸੀ ਬਿਰਤਾਂਤ ਇਹ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੰਦਾ ਹੈ ਕਿ ਹਿੰਦੁਸਤਾਨ 'ਤੇ ਸ਼ਾਸਨ ਕਰਨ ਵਾਲੇ ਮੁਗ਼ਲ ਹੋਣ ਜਾਂ ਅੰਗਰੇਜ਼, ਕੋਈ ਵੀ ਹਮਲਾਵਰ ਮੁਕਾਮੀ ਚੌਧਰੀਆਂ ਦੀ ਮਦਦ ਲਏ ਬਗ਼ੈਰ ਹਿੰਦੁਸਤਾਨ 'ਤੇ ਹਕੂਮਤ ਕਾਇਮ ਨਹੀਂ ਕਰ ਸਕਦਾ ਸੀ। ਕੱਟੜ ਮੁਸਲਮਾਨ ਔਰੰਗਜ਼ੇਬ ਦੀ ਉਪਮਾ ਕਰਦੇ ਹਨ ਤੇ ਹਿੰਦੂਤਵੀ ਵੀ ਓਨੇ ਹੀ ਜ਼ੋਰ ਨਾਲ ਉਸ ਦੀ ਨਿੰਦਿਆ ਕਰਦੇ ਹਨ ਪਰ ਇਹ ਦੋਵੇਂ ਹੀ ਰਾਜਪੂਤਾਨੇ ਦੇ ਉਨ੍ਹਾਂ ਰਾਜਿਆਂ ਦਾ ਜ਼ਿਕਰ ਕਰਨ ਤੋਂ ਪਾਸਾ ਵੱਟ ਲੈਂਦੇ ਹਨ ਜਿਨ੍ਹਾਂ ਨੇ ਮੁਗ਼ਲ ਬਾਦਸ਼ਾਹਾਂ ਲਈ ਲੜਾਈਆਂ ਲੜੀਆਂ ਤੇ ਜਿੱਤੀਆਂ ਸਨ। ਹਰ ਲੜਾਈ ਵਿਚ ਤਬਾਹੀ ਤੇ ਲੁੱਟ ਮਾਰ ਹੁੰਦੀ ਹੀ ਹੈ ਅਤੇ ਅਕਸਰ ਧਰਮ ਸਥਾਨ ਨਿਸ਼ਾਨੇ 'ਤੇ ਆ ਜਾਂਦੇ ਸਨ ਪਰ ਰਾਜਪੂਤਾਨੇ ਦੇ ਰਾਜਿਆਂ ਨੇ ਮਥੁਰਾ ਵਿਚ ਤਬਾਹੀ ਕਿਉਂ ਨਾ ਰੁਕਵਾਈ? ਆਖ਼ਿਰ, ਰਾਜਪੂਤਾਂ ਲਈ ਮਥੁਰਾ ਪਹੁੰਚਣ ਲਈ ਉਦੋਂ ਮਸਾਂ ਦਸ ਕੁ ਦਿਨ ਲਗਦੇ ਸਨ। ਸ਼ਾਹੀ ਮੁਗ਼ਲ ਫ਼ੌਜ ਵਿਚ ਹਿੰਦੂ ਰਾਜਿਆਂ ਦੀ ਭੂਮਿਕਾ ਨੂੰ ਮਿਟਾਉਣ ਦੇ ਪ੍ਰਾਜੈਕਟ ਦਾ ਮਕਸਦ ਸਿਰਫ ਮੱਧਕਾਲੀ ਭਾਰਤ ਦੀ ਯਾਦਾਸ਼ਤ ਦਾ ਫਿਰਕੂਕਰਨ ਕਰਨਾ ਨਹੀਂ ਸਗੋਂ ਕਲਪਨਿਕ ਸੱਟ ਦਾ ਸ਼ਸਤਰੀਕਰਨ ਵੀ ਹੈ।



ਫਿਰਕੂ ਯਾਦਾਸ਼ਤ ਨੂੰ ਸਿਆਸੀ ਹਥਿਆਰ ਬਣਾਏ ਜਾਣ ਨੂੰ ਕਾਨੂੰਨ ਜ਼ਰੀਏ ਨਹੀਂ ਰੋਕਿਆ ਜਾ ਸਕਦਾ ਸਗੋਂ ਬਦਲਾਖੋਰ ਏਜੰਡੇ ਮੁਤਾਬਕ ਕਾਨੂੰਨ ਤੋਂ ਤਾਬੇਦਾਰੀ ਕਰਵਾਈ ਜਾ ਰਹੀ ਹੈ। ਇਹ ਗੱਲ ਸਪੱਸ਼ਟ ਨਹੀਂ ਹੈ ਕਿ ਕੀ ਐਤਕੀਂ ਕਾਸ਼ੀ ਤੇ ਮਥੁਰਾ ਵਿਚ ਹਿੰਦੂ ਮੰਦਰਾਂ ਨੂੰ ਤੋੜਨ ਦੀ ਕਹਾਣੀ ਸਿਆਸੀ ਲਾਮਬੰਦੀ ਵਾਸਤੇ ਵ੍ਹੱਟਸਐਪ ਗਰੁਪਾਂ ਵਿਚ ਫੈਲਾਈਆਂ ਜਾ ਰਹੀਆਂ ਵੀਡੀਓਜ਼ ਵਿਚ ਦੁਹਰਾਈ ਜਾਵੇਗੀ ਜਾਂ ਫਿਰ ਆਉਣ ਵਾਲੇ ਸਮਿਆਂ ਵਿਚ ਹਿੰਦੂਵਾਦ ਦਾ ਮੂੰਹ ਮੁਹਾਂਦਰਾ ਹੀ ਬਦਲ ਜਾਵੇਗਾ। ਹਿੰਦੂਵਾਦ ਬਾਹਰੀ ਹਮਲਿਆਂ ਅਤੇ ਧਰਮ ਪਰਿਵਰਤਨ ਦੇ ਬਾਵਜੂਦ ਕਾਇਮ ਦਾਇਮ ਰਿਹਾ ਸੀ ਤੇ ਇਹ ਅਜਿਹਾ ਧਰਮ ਹੈ ਜੋ ਆਪਣੇ ਆਪ ਨੂੰ ਅੰਦਰੋਂ ਸੁਧਾਰਦਾ ਰਿਹਾ ਹੈ ਤਾਂ ਕਿ ਅਸਹਿਮਤੀ, ਸ਼ੰਕਿਆਂ ਤੇ ਸੁਧਾਰ ਲਈ ਮੋਕਲੀ ਜਗ੍ਹਾ ਬਣ ਸਕੇ। ਗਾਂਧੀ ਨੇ ਹਿੰਦੂ ਦਾਇਰੇ ਅੰਦਰ ਛੂਤ-ਛਾਤ ਦੀ ਪ੍ਰਥਾ ਖਿਲਾਫ਼ ਮੁਹਿੰਮ ਚਲਾਉਣ ਲਈ ਇਸੇ ਜਗ੍ਹਾ ਦੀ ਵਰਤੋਂ ਕੀਤੀ ਸੀ, ਤੇ ਇਸੇ ਜਗ੍ਹਾ ਨੇ ਹੋਰਨਾਂ ਧਰਮਾਂ ਦੇ ਕੱਟੜ ਸ਼ਰਧਾਲੂਆਂ ਤੇ ਪ੍ਰਚਾਰਕਾਂ ਨੂੰ ਧਰਮ ਪਰਿਵਰਤਨ ਕਰਨ ਲਈ ਹਿੰਦੂ ਰਹੁ-ਰੀਤਾਂ 'ਤੇ ਕਿੰਤੂ ਕਰਨ ਦੀ ਖੁੱਲ੍ਹ ਦਿੱਤੀ ਸੀ। ਮੱਧਕਾਲੀ ਸਹਿਹੋਂਦ ਦੇ ਸਾਰੇ ਚਿੰਨ੍ਹਾਂ ਨੂੰ ਗੁਲਾਮੀ ਦੀ ਤਸ਼ਬੀਹ ਦੇ ਕੇ ਇਨ੍ਹਾਂ ਨੂੰ ਮਿਟਾਉਣ ਦੇ ਇਸ ਨਵੇਂ ਪ੍ਰਾਜੈਕਟ ਕਰ ਕੇ ਦੂਜਿਆਂ ਪ੍ਰਤੀ ਬਿਲਕੁੱਲ ਵੀ ਸਹਿਣਸ਼ੀਲਤਾ ਨਹੀਂ ਬਚੇਗੀ।

ਸਮਾਜਿਕ ਤੌਰ 'ਤੇ ਇਸ ਨਾਲ ਤਣਾਅ ਹੀ ਵਧੇਗਾ ਜਦਕਿ ਸਿਆਸੀ ਤੌਰ 'ਤੇ ਸੱਤਾਧਾਰੀ ਨਿਜ਼ਾਮ ਲਈ ਪਹਿਲਾਂ ਹੀ ਹਾਸਲ ਕੀਤੀ ਸੱਤਾ ਵਿਚ ਹੋਰ ਵਾਧਾ ਨਹੀਂ ਹੋ ਸਕੇਗਾ। ਤਾਂ ਫਿਰ ਸਾਡੀ ਮਿਲੀ ਜੁਲੀ ਤਹਿਜ਼ੀਬ ਨੂੰ ਮਿਟਾਉਣ ਦੀ ਇਹ ਕੋਸ਼ਿਸ਼ ਕਿਉਂ ਕੀਤੀ ਜਾ ਰਹੀ ਹੈ? ਕੀ ਇਹ ਹਿੰਦੂਤਵ ਦੀ ਸਿਆਸੀ ਫ਼ਤਹਿ ਦੇ ਐਲਾਨ ਦਾ ਯਤਨ ਹੈ? ਜੇ ਅਜਿਹੀ ਗੱਲ ਹੈ ਤਾਂ ਹਿੰਦੂਆਂ ਨੂੰ ਸਹਿਣਸ਼ੀਲ ਹੋਣ, ਸਭਨਾਂ ਨੂੰ ਨਾਲ ਲੈ ਕੇ ਚੱਲਣ ਦਾ ਮਾਣ ਕਰਨਾ ਛੱਡ ਦੇਣਾ ਚਾਹੀਦਾ ਹੈ, ਵਸੂਦੇਵ ਕਟੁੰਬਕਮ ਦਾ ਸੰਕਲਪ ਹੁਣ ਖੋਖਲਾ ਸਾਬਿਤ ਹੋ ਰਿਹਾ ਹੈ ਤੇ ਅਦਾਲਤਾਂ ਜ਼ਰੀਏ ਇਤਿਹਾਸ ਨੂੰ ਅਪਰਾਧਿਕ ਕਰਾਰ ਦੇਣ ਦੀ ਕੋਸ਼ਿਸ਼, ਕਾਨੂੰਨ ਵਿਵਸਥਾ ਦਾ ਮਜ਼ਾਕ ਉਡਾਉਂਦੀ ਹੈ। ਬਦਲਾਖੋਰ ਹਿੰਦੂ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ 'ਧਰਮ ਅਸਥਾਨ ਕਾਨੂੰਨ-1991' ਦੀਆਂ ਧਾਰਨਾਵਾਂ ਜਾਂ ਸੁਪਰੀਮ ਕੋਰਟ ਦੇ ਅਯੁੱਧਿਆ ਬਾਰੇ ਫ਼ੈਸਲੇ ਦਾ ਸਤਿਕਾਰ ਕਰੇਗਾ ਜਿਸ ਵਿਚ ਕਿਹਾ ਗਿਆ ਸੀ- 'ਜਨਤਕ ਪੂਜਾ-ਉਪਾਸਨਾ ਦੇ ਸਥਾਨਾਂ ਨੂੰ ਬਰਕਰਾਰ ਰੱਖਣ ਲਈ ਪਾਰਲੀਮੈਂਟ ਨੇ ਸਪੱਸ਼ਟ ਫ਼ੈਸਲਾ ਦਿੱਤਾ ਹੈ ਕਿ ਵਰਤਮਾਨ ਅਤੇ ਭਵਿੱਖ ਦਾ ਵਿਰੋਧ ਕਰਨ ਲਈ ਇਤਿਹਾਸ ਤੇ ਇਸ ਦੀਆਂ ਗ਼ਲਤੀਆਂ ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ।'

ਸੰਘ ਪਰਿਵਾਰ ਜਦੋਂ ਮੱਧਯੁਗੀ ਲੜਾਈਆਂ ਦਾ ਫਿਰਕੂਕਰਨ ਕਰ ਰਿਹਾ ਹੈ ਤਦ ਵਿਰੋਧੀ ਧਿਰ ਨੇ ਲੋਕਾਂ ਵੱਨੀਓਂ ਮੂੰਹ ਫੇਰ ਲਿਆ ਹੈ ਤੇ ਉਨ੍ਹਾਂ ਨੂੰ ਆਪਣੇ ਇਤਿਹਾਸ ਬਾਰੇ ਵਧੇਰੇ ਸੁਲ੍ਹਾ-ਪਸੰਦੀ ਤੇ ਫਰਾਖ਼ਦਿਲੀ ਅਪਣਾਉਣ ਤੇ ਆਪਣੇ ਗੁਆਂਢੀਆਂ ਨਾਲ ਨਿਭਣ ਲਈ ਸਾਰਥਕ ਢੰਗ ਨਾਲ ਗੱਲ ਵੀ ਨਹੀਂ ਕੀਤੀ ਜਾ ਰਹੀ। ਵੁਜ਼ੂਖਾਨੇ ਅੰਦਰ ਫੁਹਾਰੇ ਨੂੰ ਸ਼ਿਵਲਿੰਗ ਵਜੋਂ ਦੇਖਣਾ ਹਿੰਦੂਮੱਤ ਅਤੇ ਦੇਸ਼ ਭਰ ਵਿਚ ਫੈਲੇ ਇਸ ਦੇ ਸ਼ਾਨਦਾਰ ਮੰਦਰਾਂ ਦੀ ਹੇਠੀ ਕਰਨ ਦੇ ਤੁੱਲ ਹੈ। ਵੁਜ਼ੂ (ਹੱਥ ਮੂੰਹ ਧੋਣ ਦੀ ਜਗ੍ਹਾ) ਤਲਾਬ ਦਾ ਸਰਵੇਖਣ ਕਰਨ ਵਾਲਿਆਂ ਨੇ ਜੇ ਕਿਤੇ ਤੰਜਾਵੁਰ ਦਾ ਬ੍ਰਹਿਦੀਸ਼ਵਰ ਮੰਦਰ ਹੀ ਦੇਖ ਲਿਆ ਹੁੰਦਾ ਤਾਂ ਉਨ੍ਹਾਂ ਸ਼ੈਵਮੱਤ ਦੇ ਸੰਕਲਪ ਨੂੰ ਇੰਝ ਬੌਣਾ ਨਹੀਂ ਕਰ ਸਕਣਾ ਸੀ।

ਜੇ ਬਦਲਾਖੋਰ ਹਿੰਦੂ ਗਿਆਨਵਾਪੀ ਨੂੰ ਢਾਹ ਦਿੰਦਾ ਹੈ ਜਾਂ ਸ਼ਾਹੀ ਈਦਗਾਹ 'ਤੇ ਕਬਜ਼ਾ ਕਰ ਲੈਂਦਾ ਹੈ ਤਾਂ ਉਹ ਮਾਰਧਾੜ ਕਰਨ ਵਾਲੇ ਹਮਲਾਵਰਾਂ ਦੀ ਆਪਣੀ ਯਾਦਾਸ਼ਤ ਤੋਂ ਵੱਖਰਾ ਕਿੰਝ ਹੋਵੇਗਾ? ਜਾਂ ਫਿਰ ਉਹ ਹਿੰਦੂਮੱਤ ਨੂੰ ਬਦਲ ਕੇ ਬੁੱਤ ਭੰਜਕ ਫਰਜ਼ੀ ਦੁਸ਼ਮਣਾਂ ਦੇ ਹੀ ਸਾਂਚੇ ਵਿਚ ਢਾਲਣ ਦਾ ਇਰਾਦਾ ਰੱਖਦਾ ਹੈ?

ਇਸ ਪਿੱਛੇ ਮਨਸੂਬਾ ਭਾਵੇਂ ਕੋਈ ਵੀ ਹੋਵੇ ਪਰ ਰਾਸ਼ਟਰ ਦੇ ਤੌਰ 'ਤੇ ਭਾਰਤ ਲਈ ਇਹ ਗੱਲ ਸੋਭਾ ਨਹੀਂ ਦਿੰਦੀ ਕਿ ਇਹ ਕਿਤੇ ਸ਼ਿਵ ਮੰਦਰ ਦੇ ਟੁਕੜੇ ਅਤੇ ਕਿਤੇ ਕ੍ਰਿਸ਼ਨ ਭੂਮੀ ਦੇ ਨਿਸ਼ਾਨ ਲੱਭਣ ਲਈ ਆਪਣੀਆਂ ਅਦਾਲਤਾਂ ਤੋਂ ਮੱਧਕਾਲੀ ਮਸਜਿਦਾਂ ਦੇ ਸਰਵੇਖਣ ਦੇ ਹੁਕਮ ਜਾਰੀ ਕਰਵਾਏ। ਸਾਨੂੰ ਮਹਿੰਗਾਈ 'ਤੇ ਕਾਬੂ ਪਾਉਣ, ਰੁਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਆਪਣੀਆਂ ਸਰਹੱਦਾਂ ਨੂੰ ਮਹਿਫ਼ੂਜ਼ ਕਰਨ ਜਿਹੇ ਅਹਿਮ ਮੁੱਦਿਆਂ ਨਾਲ ਸਿੱਝਣ ਦੀ ਲੋੜ ਹੈ। ਪਿਛਲੇ ਹਫ਼ਤੇ 'ਦਿ ਇਕੋਨੋਮਿਸਟ' ਮੈਗਜ਼ੀਨ ਦੀ ਕਵਰ ਸਟੋਰੀ ਸਾਫ਼ ਕਹਿ ਰਹੀ ਹੈ: ਕੀ ਭਾਰਤ ਲਈ ਇਸ ਮੌਕੇ ਨੂੰ ਮੋਦੀ ਬਰਬਾਦ ਕਰ ਦੇਵੇਗਾ?

* ਲੇਖਕ 'ਦਿ ਟ੍ਰਿਬਿਊਨ' ਦਾ ਐਡੀਟਰ-ਇਨ-ਚੀਫ ਹੈ।

## ਗਿਰਝਾਂ ਤੋਂ ਬਚੋ !

ਆਉਣੀ ਸ਼ਾਂਤੀ ਨਹੀਂ ਪੰਜਾਬ ਅੰਦਰ
ਨਸ਼ਾ-ਖੋਰੀ ਨੂੰ ਜਦ ਤਕ ਨ੍ਹੀ ਠੱਲ੍ਹ ਹੁੰਦਾ।

ਕਰਕੇ ਕੰਮ ਫਿਰ ਆਪੇ ਪ੍ਰਚਾਰ ਕਰਨਾਂ
ਏਦਾਂ ਮਨ ਨਹੀਂ ਲੋਕਾਂ ਦਾ ਮੱਲ ਹੁੰਦਾ।

ਪੰਜ ਸਾਲ ਦਾ ਦਿੰਦੇ ਨੇ ਲੋਕ ਫਤਵਾ
ਮਿਲਦਾ ਦਿਨਾਂ ਵਿੱਚ ਕਦੇ ਨ੍ਹੀ ਫਲ ਹੁੰਦਾ।

ਕੰਡੇ ਮਿੱਧ ਖਿਲਾਰੇ ਹੋਏ ਬੁਰਛਿਆਂ ਦੇ
ਨਵੇਂ ਰਾਹਾਂ 'ਤੇ ਸੌਖਾ ਨਹੀਂ ਚੱਲ ਹੁੰਦਾ।

ਉਹ ਫਿਰ ਕਿਸੇ ਵੀ ਹੱਦ ਤੱਕ ਚਲੇ ਜਾਂਦੇ
ਸੱਤਾ ਖੁੱਸਣ ਦਾ ਜਿਨ੍ਹਾਂ ਨੂੰ 'ਸੱਲ' ਹੁੰਦਾ।

ਗਿਰਝਾਂ ਕਹਿੰਦੀਆਂ ਗੱਦੀ 'ਤੇ ਹੱਕ ਸਾਡਾ
ਕੋਈ 'ਦੂਜਾ' ਨਹੀਂ ਉਨ੍ਹਾਂ ਤੋਂ ਝੱਲ ਹੁੰਦਾ !



-ਤਰਲੋਚਨ ਸਿੰਘ
'ਦੁਪਾਲ ਪੁਰ'
001-408-915-1268

# ਪਰਵਾਸ ਨਾਲ ਜੁੜੇ ਸਰੋਕਾਰ

## ਮਲਵਿੰਦਰ

ਬੀਤੇ ਵਰ੍ਹੇ ਸਭ ਤੋਂ ਵੱਧ ਲੋਕ ਭਾਰਤ ਤੋਂ ਪਰਵਾਸ ਕਰ ਕੇ ਕੈਨੇਡਾ ਵਿਚ ਆਏ ਸਨ। ਯਕੀਨਨ ਇਨ੍ਹਾਂ ਵਿਚ ਬਹੁ-ਗਿਣਤੀ ਵਿਦਿਆਰਥੀ ਵੀਜ਼ੇ 'ਤੇ ਆਏ ਬੱਚਿਆਂ ਦੀ ਹੈ। ਆਪਣੇ ਮਾਪਿਆਂ ਤੋਂ ਦੂਰ ਆਏ ਇਨ੍ਹਾਂ ਵਿਦਿਆਰਥੀਆਂ ਦੇ ਬਹੁਤ ਸਾਰੇ ਸੁਪਨੇ ਹਨ। ਇੱਥੇ ਆਉਣ ਨਾਲ ਉਨ੍ਹਾਂ ਦੇ ਪਰਿਵਾਰਾਂ ਦੀ ਬਣਤਰ ਬਦਲ ਜਾਂਦੀ ਹੈ। ਪਰਿਵਾਰ ਦੋ ਦੇਸ਼ਾਂ ਅਤੇ ਦੋ ਘਰਾਂ ਵਿਚ ਵੰਡਿਆ ਜਾਂਦਾ ਹੈ। ਕਈ ਹਾਲਤਾਂ ਵਿਚ ਬਜ਼ੁਰਗਾਂ ਨੂੰ ਆਪਣੇ ਰਹਿਣ-ਸਹਿਣ ਅਤੇ ਭਾਈਚਾਰਕ ਸਾਂਝ ਦਾ ਤਿਆਗ ਕਰਨਾ ਪੈਂਦਾ ਹੈ ਪਰ ਅਜਿਹੇ ਵਿਦਿਆਰਥੀਆਂ ਦੀ ਆਬਾਦੀ ਵਧਣ ਨਾਲ ਹੁਣ ਇਹ ਇਕੱਲੇ-ਦੁਕੱਲੇ ਨਹੀਂ ਰਹੇ ਸਗੋਂ ਭੀੜਾਂ ਬਣ ਗਏ ਹਨ। ਭੀੜਾਂ ਦੀ ਆਪਣੀ ਮਾਨਸਿਕਤਾ ਅਤੇ ਵਿਵਹਾਰ ਹੁੰਦਾ ਹੈ। ਇਸ ਵਿਵਹਾਰ ਵਿਚ ਬਹੁਤ ਸਾਰਾ ਅਜਿਹਾ ਵੀ ਸ਼ਾਮਲ ਹੋ ਜਾਂਦਾ ਹੈ ਜੋ ਸਿਸਟਮ ਦੇ ਹਾਣ ਦਾ ਨਹੀਂ ਹੁੰਦਾ। ਇਹ ਵਿਵਹਾਰ ਦਹਾਕੇ ਪਹਿਲਾਂ ਆ ਵਸੇ ਹਮ-ਵਤਨੀਆਂ ਦੀ ਸਮਾਜਿਕਤਾ ਨੂੰ ਵੀ ਠੇਸ ਪੁਚਾਉਂਦਾ ਹੈ। ਨਤੀਜੇ ਵਜੋਂ ਉਨ੍ਹਾਂ ਸਥਾਈ ਵਸੋਂ ਵਾਲਿਆਂ ਦਾ ਇਨ੍ਹਾਂ ਨਵੇਂ ਆਏ ਬੱਚਿਆਂ ਨਾਲ ਰਿਸ਼ਤਾ ਮੋਹ ਵਾਲਾ ਨਹੀਂ ਰਹਿੰਦਾ।

ਕੁਝ ਵਰ੍ਹੇ ਪਹਿਲਾਂ ਇਨ੍ਹਾਂ ਨੂੰ ਆਸਰਾ ਦੇਣ ਵਾਲੇ, ਘਰ ਰੱਖ ਕੇ ਰੋਟੀ ਖੁਆਉਣ ਵਾਲੇ ਹੁਣ ਉਲਾਮੇ ਦਿੰਦੇ ਹਨ, ਸ਼ਿਕਾਇਤਾਂ ਕਰਦੇ ਹਨ। ਇੱਥੋਂ ਦੇ ਸਿਸਟਮ ਨਾਲ ਇਕਸੁਰ ਹੋਏ ਪੁਰਾਣੇ ਲੋਕ ਮਹਿਸੂਸ ਕਰਦੇ ਹਨ ਕਿ ਇਹ ਨਵੀਂ ਆਮਦ ਸਿਸਟਮ ਵਿਚ ਵਿਗਾੜ ਪੈਦਾ ਕਰ ਰਹੀ ਹੈ। ਜਿਸ ਸੁਥਰੇ ਸਿਸਟਮ ਦੀ ਖਿੱਚ ਨੇ ਉਨ੍ਹਾਂ ਨੂੰ ਆਪਣੀ ਭੋਇੰ ਛੱਡਣ ਲਈ ਲਈ ਮਜਬੂਰ ਕੀਤਾ ਸੀ ਜਾਂ ਪ੍ਰੇਰਿਆ ਸੀ, ਉਸ ਦੀ ਨਿਰਸ਼ਲਤਾ ਵਿਚ ਕੁਝ ਲੋਕਾਂ ਦਾ ਵਿਵਹਾਰ ਅਤੇ ਪੂੰਜੀ ਕਮਾਉਣ ਦਾ ਲੋਭ ਦੂਸ਼ਿਤ ਵਾਤਾਵਰਨ ਪੈਦਾ ਕਰ ਰਿਹਾ ਹੈ। ਡਰੱਗਜ਼ ਵਰਗਾ ਕਾਰੋਬਾਰ ਜਿਸ ਤੋਂ ਪੰਜਾਬ ਬੁਰੀ ਤਰ੍ਹਾਂ ਪੀੜਤ ਹੈ, ਦੀ ਦਸਤਕ ਜਦ ਸੱਤ ਸਮੁੰਦਰ ਪਾਰ ਇਸ ਧਰਤੀ ਉੱਪਰ ਸੁਣਦੀ ਹੈ ਤਾਂ ਸੁਪਨੇ ਵਿਲਕਦੇ ਵੀ ਹਨ ਅਤੇ ਟੁੱਟਦੇ ਵੀ ਹਨ।

ਡਰੱਗਜ਼ ਦੇ ਇਸ ਘਿਨਾਉਣੇ ਵਰਤਾਰੇ ਦੀ ਪਹੁੰਚ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਤਕ ਵੀ ਹੋ ਗਈ ਹੈ। ਜਦੋਂ ਕੋਈ ਪਰਿਵਾਰ ਆਪਣੀ ਚੰਗੀ-ਭਲੀ ਜ਼ਿੰਦਗੀ ਅਤੇ ਅਹੁਦੇ ਤਿਆਗ ਕੇ ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਦੀ ਖ਼ਾਤਰ ਇਸ ਵਤਨ ਵਿਚ ਪਨਾਹ ਲੈਂਦਾ ਹੈ, ਉਸ ਪਰਿਵਾਰ ਦੇ ਬੱਚੇ ਜੇਕਰ ਇਸ ਅਲਾਮਤ ਦਾ ਸ਼ਿਕਾਰ ਹੋ ਜਾਣ ਤਾਂ ਮਾਪਿਆਂ ਦੀ ਮਾਨਸਿਕਤਾ ਅਤੇ ਪੀੜਾ ਤੁਸੀਂ ਸਮਝ ਹੀ ਸਕਦੇ ਹੋ। ਜਿਨ੍ਹਾਂ ਲੋਕਾਂ ਨੇ ਆਪਣੇ ਘਰ ਇਨ੍ਹਾਂ ਵਿਦਿਆਰਥੀਆਂ ਨੂੰ ਕਿਰਾਏ 'ਤੇ ਦਿੱਤੇ ਹਨ, ਉਨ੍ਹਾਂ ਦੀ ਇਹ ਸ਼ਿਕਾਇਤ ਕਿ ਜੀ ਗੰਦ ਬੜਾ ਪਾਉਂਦੇ ਹਨ, ਸ਼ਰਮਸਾਰ ਕਰਦੀ ਹੈ। ਪੰਜਾਬੀ ਸੁਭਾਅ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਦਾ ਦੁਨੀਆਂ ਵਿਚ ਬੋਲਬਾਲਾ ਹੈ ਪਰ ਇਸੇ ਸੁਭਾਅ ਵਿਚਲੀਆਂ ਖਰਮਸਤੀਆਂ, ਆਪਹੁਦਰਾਪਣ, ਫੁਕਰਾਪਣ ਅਤੇ ਹੁੱਲੜਬਾਜ਼ੀ ਸੰਵੇਦਨਸ਼ੀਲ ਬੰਦੇ ਨੂੰ ਪਰੇਸ਼ਾਨ ਕਰਨ ਲਈ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਸਮਾਜ ਵਿਚ ਤੁਹਾਡਾ ਰੁਤਬਾ ਅਹੁਦੇ ਕਰਕੇ ਵੀ ਹੁੰਦਾ ਹੈ ਅਤੇ ਤੁਹਾਡੇ ਰਹਿਣ-ਸਹਿਣ ਅਤੇ ਵਿਵਹਾਰ ਕਰਕੇ ਵੀ। ਆਪਣੀ ਸਮਾਜਿਕਤਾ ਨੂੰ ਸਤਿਕਾਰਤ ਮੁਹਾਂਦਰਾ ਦੇਣ ਲਈ ਵਕਤ ਲੱਗਦਾ ਹੈ ਪਰ ਇਸ ਵੱਕਾਰ ਨੂੰ ਮਿੱਟੀ ਵਿਚ ਮਿਲਾਉਣ ਲਈ ਕੁਝ ਕੁ ਲੋਕਾਂ ਦੀਆਂ ਬੇਤਰਤੀਬ ਹਰਕਤਾਂ ਬਹੁਤ ਹੁੰਦੀਆਂ ਹਨ। ਆਪਣੇ ਦੇਸ਼ ਦੀ ਬੁਰਾਈ ਅਸੀਂ ਜਿਨ੍ਹਾਂ ਗੱਲਾਂ ਕਰ ਕੇ ਕਰਦੇ ਹਾਂ, ਉਨ੍ਹਾਂ ਗੱਲਾਂ ਦੇ ਵਿਗਸਣ ਦਾ ਮਾਹੌਲ ਜਦ ਇੱਥੇ ਬਣਾਵਾਂਗੇ ਤਾਂ ਸਮਾਂ ਸਾਨੂੰ ਕਦੇ ਮਾਫ਼ ਨਹੀਂ ਕਰੇਗਾ।

ਸਿਆਣੇ ਲੋਕ ਆਪਣੇ ਦੇਸ਼ ਦੀਆਂ ਬੁਰਾਈਆਂ ਨੂੰ ਉੱਥੇ ਹੀ ਦਫ਼ਨਾ ਕੇ ਪਰਵਾਸ ਕਰਦੇ ਹਨ। ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਆਪਣੇ ਪਿਆਰੇ ਵਤਨ ਦੀਆਂ ਚੰਗਿਆਈਆਂ ਨੂੰ ਪੱਲੇ ਬੰਨ੍ਹ ਕੇ ਦੂਜੇ ਮੁਲਕ ਵਿਚ ਜਾਣ। ਇਸ ਤਰ੍ਹਾਂ ਉਨ੍ਹਾਂ ਦੇ ਅਮੀਰ ਵਿਰਸੇ ਦੀਆਂ ਧੁੰਮਾਂ ਸੱਤ ਸਮੁੰਦਰ ਪਾਰ ਵੀ ਪੈਂਦੀਆਂ ਹਨ।



ਕੈਨੇਡਾ ਆ ਵਸੇ ਪੰਜਾਬੀਆਂ ਦਾ ਇਸ ਦੀ ਆਰਥਿਕਤਾ ਵਿਚ ਬਹੁਤ ਵੱਡਾ ਯੋਗਦਾਨ ਹੈ। ਵੇਅਰਹਾਊਸ ਵਿਚ ਮਜ਼ਦੂਰੀ ਕਰਨ ਤੋਂ ਇਲਾਵਾ ਆਮਦਨ ਉੱਪਰ ਟੈਕਸ ਦੇਣਾ, ਖ਼ਰੀਦੋ-ਫ਼ਰੋਖਤ ਕਰਨੀ, ਰਿਹਾਇਸ਼ੀ ਘਰਾਂ ਦਾ ਕਾਰੋਬਾਰ ਅਤੇ ਟਰਾਂਸਪੋਰਟ ਰਾਹੀਂ ਦੇਸ਼ ਦੀ ਆਰਥਿਕਤਾ ਵਿਚ ਪਰਵਾਸੀ ਆਪਣਾ ਹਿੱਸਾ ਪਾ ਰਹੇ ਹਨ। ਦੇਸ਼ ਦੀ ਰਾਜਨੀਤੀ ਵਿਚ ਵੀ ਇਨ੍ਹਾਂ ਪਰਵਾਸੀਆਂ ਦਾ ਯੋਗਦਾਨ ਜ਼ਿਕਰ-ਗੋਚਰਾ ਹੈ। ਸਮਾਜਿਕ ਅਤੇ ਸਾਹਿਤਕ, ਕਲਾਤਮਿਕ, ਕਾਰਜਾਂ ਵਿਚ ਰੁੱਝੇ ਲੋਕ ਵੀ ਆਪਣੇ ਭਾਈਚਾਰੇ ਦਾ ਮਾਣ ਵਧਾ ਰਹੇ ਹਨ। ਟਰਾਂਸਪੋਰਟ ਸਮੇਤ ਬਹੁਤ ਸਾਰੇ ਕਾਰੋਬਾਰਾਂ ਵਿਚ ਇਨ੍ਹਾਂ ਦੀ ਸਰਦਾਰੀ ਹੈ। ਇਸ ਸਰਦਾਰੀ ਨੂੰ ਬਣਾਈ ਰੱਖਣ ਲਈ ਬਾਲਗ ਪਰਵਾਸੀਆਂ ਨੂੰ ਸਿੱਖਿਅਤ ਕਰਨ ਦੀ ਲੋੜ ਹੈ।

ਇਸ ਨਵੀਂ ਆਮਦ ਨੂੰ ਜੌਬ ਲੱਭਣ, ਰਹਿਣ ਲਈ ਰੈਂਟ ਅਤੇ ਖਾਣ-ਪੀਣ ਦਾ ਪ੍ਰਬੰਧ ਕਰਨ ਵਿਚ ਮੁਸ਼ਕਲਾਂ ਵੀ ਆ ਰਹੀਆਂ ਹਨ। ਇੱਥੇ ਜ਼ਿੰਦਗੀ ਦਾ ਆਰੰਭ ਚੁਣੌਤੀ ਭਰਿਆ ਹੈ ਪਰ ਜਿਵੇਂ-ਜਿਵੇਂ ਤੁਸੀਂ ਇੱਥੋਂ ਦੇ ਲੋਕਾਂ, ਭਾਸ਼ਾ, ਅਨੁਸ਼ਾਸਨ ਅਤੇ ਸੱਭਿਆਚਾਰ ਬਾਰੇ ਜਾਣੂ ਹੁੰਦੇ ਹੋ, ਜੀਵਨ ਸੁਖਾਲਾ ਹੁੰਦਾ ਜਾਂਦਾ ਹੈ। ਲੋੜ ਆਪਣੀਆਂ ਕੁਝ ਕੁ ਅਮਾਨਵੀ, ਦੂਸ਼ਿਤ, ਰੌਲੇ ਅਤੇ ਝਗੜੇ ਵਰਗੀਆਂ ਆਦਤਾਂ ਨੂੰ ਤਿਆਗਣ ਦੀ ਹੈ। ਇਹ ਆਦਤਾਂ ਹਰ ਨਿਜ਼ਾਮ ਅੰਦਰ ਸਮੱਸਿਆਵਾਂ ਪੈਦਾ ਕਰਦੀਆਂ ਹਨ। ਲੋੜ ਇੱਥੋਂ ਦੇ ਸਹਿਜ ਨੂੰ ਅਪਨਾਉਣ ਦੀ ਹੈ। ਲੋੜ ਇੱਥੋਂ ਦੀ ਇਮਾਨਦਾਰਾਨਾ ਸੋਚ ਨੂੰ ਅਪਨਾਉਣ ਦੀ ਹੈ।

### ਮੁਸ਼ਕਿਲਾਂ ਦੇ ਦੌਰ ਵਿੱਚ ਜੇਕਰ ਨਹੀਂ ਮੈ ਡੋਲਿਆ, ਹੌਸਲਾ, ਜ਼ਿੱਦ ਵੀ ਸੀ, ਤੇਰੀ ਕਲਪਣਾ ਵੀ ਨਾਲ ਸੀ।

# ਗਰੀਬੀ 'ਚ ਦੋ ਰੰਗੇ ਬੂਟ ਪਾਉਣ ਵਾਲਾ ਵਿਸ਼ਵ ਦੇ ਨੌਜਵਾਨਾਂ ਲਈ ਬਣਿਆ ਪ੍ਰੇਰਣਾ ਸਰੋਤ

## ਫਿਟਨੈੱਸ ਮਿਸਟਰ ਵਰਲਡ, ਜੱਜ ਤੇ ਬਿਜਨੈੱਸਮੈਨ ਦਾ ਨਾਮ ਹੈ ਕਮਲਦੀਪ ਕਾਹਮਾ

ਜ਼ਿੰਦਗੀ ਵਿੱਚ ਮੁਸ਼ਕਿਲਾਂ ਭਾਵੇਂ ਜਿੰਨੀਆਂ ਵੀ ਆਉਣ,
ਪਰ ਆਪਣੇ ਨਿਸ਼ਾਨੇ 'ਤੇ ਕੇਂਦਰਿਤ ਰਹੋ
ਤੇ ਆਉਣ ਵਾਲੀਆਂ ਮੁਸ਼ਕਿਲਾਂ ਨੂੰ,
ਮੌਕਿਆਂ ਵਿੱਚ ਬਦਲਣ ਦੀ ਆਦਤ ਪਾਓ,
ਫਿਰ ਇਹ ਚੁਣੌਤੀਆਂ,
ਤੁਹਾਡੇ ਲਈ ਅਵਸਰ ਸਾਬਿਤ ਹੋਣਗੀਆਂ।
(ਲੇਖਕ: ਸ਼ਿਵ ਖੇੜਾ)



ਸੰਤੋਖ ਸਿੰਘ ਜੱਸੀ
91-70876-19800

ਅੱਜ ਦੀ ਨੌਜਵਾਨ ਪੀੜ੍ਹੀ ਆਪਣੇ ਆਪ ਨੂੰ ਸੁੰਦਰ, ਸੁਡੋਲ, ਖੂਬਸੂਰਤ ਤੇ ਫਿੱਟ ਰੱਖਣ ਲਈ ਜਿੰਦਗੀ ਦਾ ਸਟਾਇਲ ਬਣਾ ਚੁੱਕੀ ਹੈ। ਵਿਦੇਸ਼ 'ਚ ਵਸਦੇ ਲੋਕ ਜਿਆਦਾਤਰ ਖੁਸ਼ਹਾਲ ਸਨ ਤੇ ਜਿੰਦਗੀ ਰਿਸ਼ਟ-ਪੁਸ਼ਟ ਖੁਸ਼, ਪ੍ਰਸੰਨ ਤੇ ਫਿੱਟ ਰਹਿ ਕੇ ਗੁਜਾਰਦੇ ਸਨ। ਦੂਜੇ ਪਾਸੇ ਸਾਡਾ ਦੇਸ਼ ਗਰੀਬ ਸੀ, ਇੱਥੇ ਖੁਸ਼-ਪ੍ਰਸੰਨ ਰਹਿਣਾ ਹਜੇ ਦੂਰ ਦੀ ਗੱਲ ਸੀ, ਪਰ ਜਿਵੇਂ-ਜਿਵੇਂ ਸਮੇਂ, ਹਾਲਾਤਾਂ ਨੇ ਕਰਵਟ ਬਦਲੀ ਭਾਰਤ ਸਮੇਤ ਬਹੁਤੀ ਦੁਨੀਆਂ ਆਪਣੇ-ਆਪ ਨੂੰ ਸੁੰਦਰ ਦਿਖਣ ਤੇ ਪ੍ਰਭਾਵਿਤ ਕਰਨ 'ਚ ਲੱਗੀ ਗਈ।

ਕਈ ਵਾਰ ਗੱਲਾਂ ਮੰਨਣੀਆਂ ਔਖੀਆਂ ਜਾਂ ਅਸੰਭਵ ਲੱਗਦੀਆਂ ਹਨ, ਪਰ ਪ੍ਰਸਿੱਧ ਪੰਜਾਬੀ ਸ਼ਾਇਰ ਦੀਆਂ ਲਾਇਨਾਂ "ਕੀਤੀਆਂ ਮਿਹਨਤਾਂ ਵਾਰਿਸਾ ਦੁੱਖ ਝਾਗੇ ਰਾਤਾਂ ਜਾਂਦੀਆ ਨਹੀਂ ਨਚੱਲੀਆਂ ਨੀ" ਨੇ ਸਾਬਿਤ ਕੀਤਾ ਹੈ ਕਿ ਅਸੰਭਵ ਕਦੇ ਸੰਭਵ ਵੀ ਹੋ ਸਕਦਾ ਹੈ। ਭਾਰਤ ਵਿੱਚ ਮਨੁੱਖੀ ਸੰਵਿਧਾਨਕ ਹੱਕ ਦਿਵਾਉਣ ਵਾਲੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਇੱਥੇ ਉਦਹਾਰਣ ਬੜੀ ਮੁਹੱਤਵਪੂਰਨ, ਇਤਿਹਾਸਕ ਤੇ ਤਰਕਮਈ ਹੈ ਕਿ ਇੱਕ ਵਾਰ ਅੱਧੀ ਰਾਤ ਨੂੰ ਦੋ ਅੰਗਰੇਜ ਪੱਤਰਕਾਰਾਂ (ਗਾਰਡੀਅਨ ਤੇ ਟਾਈਮਜ ਆਫ ਅਮਰੀਕਾ) ਨੇ ਪੁੱਛਿਆ ਕਿ ਦੂਜੇ ਸਮਾਜ ਦੇ ਆਗੂ ਸੁੱਤੇ ਪਏ ਹਨ ਤੇ ਤੁਸੀਂ ਅੱਧੀ ਰਾਤ ਨੂੰ ਵੀ ਜਾਗ ਰਹੇ ਹੋ ਤਾਂ ਬਾਬਾ ਸਾਹਿਬ ਨੇ ਕਿਹਾ ਕਿ "ਜੈਂਟਲਮੈਨ ਉਨ੍ਹਾਂ ਲੋਕਾਂ ਦੀ ਕੌਮ ਜਾਗਦੀ ਹੈ, ਪਰ ਮੇਰਾ ਸਮਾਜ ਸੁੱਤਾ ਪਿਆ ਹੈ, ਇਸ ਲਈ ਮੈਂ ਖੁਦ ਜਾਗ ਰਿਹਾ ਹਾਂ।"

ਅਜਿਹੀਆਂ ਉਦਾਹਰਣਾ ਸਾਨੂੰ ਮਿਹਨਤ, ਜਨੂੰਨੀ ਭਾਵਨਾ, ਸਬਰ, ਸੰਤੋਖ ਤੇ ਖੋਜ ਬਿਰਤੀ, ਨਿਰੰਤਰ ਮਿਹਨਤ ਕਰਨ ਲਈ ਮਾਰਗ ਦਰਸ਼ਕ ਕਰਦੀਆਂ ਹਨ। ਜਦੋਂ ਤੁਹਾਡੇ ਅੰਦਰ ਕੁੱਝ ਕਰ ਗੁਜ਼ਰਨ ਦਾ ਜਜ਼ਬਾ, ਵਲਵਲਾ, ਚਾਅ ਹੋਵੇ ਤਾਂ ਅਜਿਹੀ ਹੀ ਦਰਦਮਈ ਦਾਸਤਾਨ ਹੈ ਕਮਲਦੀਪ ਕਾਹਮਾ ਦੀ। ਅੱਜ ਭਾਵੇਂ ਕਮਲਦੀਪ ਦੁਨੀਆਂ ਦੀ ਅੱਖ ਦਾ ਤਾਰਾ ਹੀ ਨਹੀਂ, ਸਗੋਂ ਸਿਤਾਰਿਆ ਵਾਂਗ ਚਮਕ ਰਿਹਾ ਹੈ, ਅੱਜ ਵੀ ਜਦੋਂ ਇਹ ਜਦੋਂ ਵਿਸ਼ਵ ਲਈ ਪ੍ਰੇਰਨਾਦਾਇਕ ਹੈ।ਉੱਥੇ ਉਸ ਦੀ ਹਰ ਵੀਡੀਓ ਚ ਜਦੋਂ ਭੈਣੋ, ਭਰਾਵੋ, ਦੋਸਤੋਂ ਤੇ ਬਜੁਰਗੋਂ ਸੁਣਨ ਨੂੰ ਮਿਲਦਾ ਹੈ ਤਾਂ ਪੰਜਾਬ ਦੇ ਇਸ ਸਪੁੱਤ ਦਾ ਆਪਣੀ ਮਿੱਟੀ ਨਾਲ ਜੁੜਿਆ ਹੋਣ ਦਾ ਪਤਾ ਲੱਗਦਾ ਹੈ। ਇੱਕ ਸਮੇਂ 44 ਕਿਲੋਗ੍ਰਾਮ ਮਾਮੂਲੀ ਭਾਰ ਵਾਲੇ ਨੌਜਵਾਨ ਦਾ ਵੀ ਆਪਣੇ ਆਪ ਨੂੰ ਫਿੱਟ ਰੱਖਣ ਲਈ ਅਭਿਆਸ ਕਰਨ ਲਈ 8 ਕਿਲੋਮੀਟਰ ਤੜਕੇ ਸਾਢੇ 3-4 ਵਜੇ ਕਦੇ ਸਾਇਕਲ, ਕਦੇ ਸਕੂਟਰ ਤੇ ਕਦੇ ਪੈਦਲ ਹੀ ਚੱਲ ਪੈਣਾ, ਸੱਚਮੁੱਚ ਇੱਕ ਪ੍ਰੇਰਣਾਦਾਇਕ ਸਫਲਤਾ ਦੀ ਕਹਾਣੀ ਹੈ। ਇਸ ਤੋਂ ਪਹਿਲਾਂ ਕਿ ਕਮਲਦੀਪ ਕਾਹਮਾ ਦੇ ਸੰਘਰਸ਼ ਨੂੰ ਛੂਹਿਆ ਜਾਵੇ। ਯਾਦ ਕਰੋ, ਪੜ੍ਹੋ, ਜਾਣੋ, ਪਹਿਚਾਣੋ, ਤੁਸੀਂ ਵੀ ਅੱਜ ਭਲਕੇ ਤੇ ਕੁੱਝ ਮਹੀਨੇ ਤੇ ਸਾਲਾਂ ਮਗਰੋਂ ਕਰ ਸਕਦੇ ਹੋ, ਪਰ ਤੁਹਾਨੂੰ ਧਿਆਨ ਆਪਣੇ ਮਿੱਥੇ ਹੋਏ ਨਿਸ਼ਾਨੇ 'ਤੇ ਕੇਂਦਰਿਤ ਕਰਨਾ ਹੋਵੇਗਾ। ਦੁਨੀਆਂ ਤੁਹਾਡਾ ਬਾਹਵਾਂ ਖੁੱਲ੍ਹੀਆਂ ਨਾਲ ਸਵਾਗਤ ਹੀ ਨਹੀਂ ਕਰੇਗੀ, ਸਗੋਂ ਕਲਾਵੇ 'ਚ ਵੀ ਲਵੇਗੀ, ਪਰ ਤਹਾਨੂੰ "ਸਾਬਤੇ ਕਦਮਾਂ" ਨਾਲ ਅੱਗੇ ਵਧਣ ਦਾ ਦਿਲੋ ਸ਼ੌਂਕ ਹੋਣਾ ਚਾਹੀਦਾ ਹੈ। ਅਮਰੀਕਾ 'ਚ ਇੱਕ ਸਮੇਂ ਸਭ ਤੋਂ ਵੱਧ ਹੋਟਲ/ ਰੈਸਟੋਰੈਂਟ ਉਸ ਸ਼ਖਸ ਦੇ ਸਨ, ਜਿਹੜਾ ਕਦੇ ਢਾਬੇ 'ਤੇ ਕੰਮ ਕਰਦਾ ਸੀ।

ਇੱਕ ਪੰਜਾਬੀ ਗੀਤ ਬੜਾ ਚੱਲਿਆ ਭਾਵੇਂ ਗੀਤਕਾਰ 'ਆਰ ਨੇਤ' ਨੇ ਆਪਣੀ ਜਿੰਦਗੀ ਦੇ ਦਰਦ 'ਤੇ ਲਿਖਿਆ ਸੀ, ਪਰ ਲਾਹਾ ਲੈਣ 'ਚ ਭਗਵੰਤ ਮਾਨ ਨੂੰ ਮੁੱਖ ਮੰਤਰੀ ਭਗਵੰਤ ਮਾਨ ਤੱਕ ਬਣਾਉਣ ਵਿੱਚ ਆਪਣਾ ਯੋਗਦਾਨ ਪਾ ਗਿਆ।

'ਤੇਰੇ ਯਾਰ ਨੂੰ ਦੱਬਣ ਨੂੰ ਫਿਰਦੇ ਸੀ, ਪਰ ਦੱਬਦਾ ਕਿੱਥੇ ਆ।'

ਇਹ ਗੀਤ ਬਿਲਕੁੱਲ ਕਮਲਜੀਤ ਕਾਹਮਾ 'ਤੇ ਦਰਦ ਤੋਂ ਸਫਲਤਾ ਦੀਆਂ ਸਿਖਰਲੀਆਂ ਪੌੜ੍ਹੀਆਂ 'ਤੇ ਚੜ੍ਹਨ ਦੀ ਕਹਾਣੀਆਂ ਨੂੰ ਵੀ ਇੱਕ ਤਰ੍ਹਾਂ ਪੇਸ਼ ਕਰਦਾ ਹੈ। ਆਮ ਕਿਹਾ ਜਾਂਦਾ ਹੈ ਕਿ...ਮੰਨੀਏ ਤਾਂ ਜੇ ਕੋਈ ਹੱਥ ਤੇ ਸਰ੍ਹੋਂ ਜਮਾ ਕੇ ਦਿਖਾਵੇ। ਭਾਵੇਂ ਇਹ ਸਰ੍ਹੋਂ ਵਾਲੀ ਗੱਲ ਉਂਝ ਤੇ ਹਕੀਕੀ ਤੌਰ 'ਤੇ ਸੰਭਵ ਨਹੀਂ ਹੋ ਸਕਦੀ, ਪਰ ਇਹ ਵਾਕ ਇਸ ਲਈ ਵਰਤੋਂ 'ਚ ਚੱਲਿਆ ਆ ਰਿਹਾ ਹੈ ਕਿ ਅਸੀਂ ਤਾਂ ਮੰਨਾਂਗੇ ਕਿ ਤੂੰ ਕੁੱਝ ਵੱਖਰਾ ਕਰਕੇ ਦਿਖਾ। ਸੱਚ ਜਾਣਿਓ ਕਮਲਦੀਪ ਕਾਹਮਾ ਨੇ ਹੱਥਾਂ 'ਤੇ ਸਰ੍ਹੋਂ ਜਮਾ ਕੇ ਰੱਖ ਦਿੱਤੀ।

ਕਮਲਦੀਪ ਕਾਹਮਾ ਦੇ ਉਸਤਾਦ ਗੁਰਿੰਦਰਜੀਤ ਸਿੰਘ ਬਾਂਸਲ (ਗੋਲਡ ਸਟਾਰ) ਨੇ ਆਪਣੇ ਸ਼ਾਗਿਰਦ ਦੇ ਮੁੱਢਲੇ ਸੰਘਰਸ਼ ਬਾਰੇ ਬਿਆਨ ਕਰਦਿਆਂ ਕਿਹਾ ਕਿ ਸਾਲ 1990 ਦੇ ਕਰੀਬ ਇਹ ਮਲੂਕੜਾ ਜਿਹਾ ਨੌਜਵਾਨ ਸਿੱਖ ਨੈਸ਼ਨਲ ਕਾਲਜ ਬੰਗਾ ਦਾ ਵਿਦਿਆਰਥੀ ਸੀ ਤੇ ਇਸ ਅੰਦਰ ਕੁੱਝ ਕਰ ਗੁਜ਼ਰਨ ਦੇ ਗੁਣ ਸਨ। ਜਿਸ ਨੂੰ ਨਿਖਾਰਨ ਲਈ ਉਹਨਾਂ ਹਰ ਸੰਭਵ ਯਤਨ ਕੀਤਾ ਅਤੇ ਉਸ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਹਰ ਹਰਬਾ ਵਰਤਿਆ। ਸੰਨ 1999 ਵਿੱਚ ਗੋਲਡ ਸਟਾਰ ਜਿੰਮ ਵਿੱਚ ਮਿਹਨਤ ਸ਼ੁਰੂ ਕੀਤੀ, ਜਿਸ ਤੋਂ ਬਾਅਦ ਕਮਲਦੀਪ ਨੇ ਪਿੱਛੇ ਮੁੜ ਕੇ ਨਾ ਦੇਖਿਆ।ਜਿਸ ਸਦਕਾ ਸੰਨ 2001 ਵਿੱਚ ਉਹ ਮਿਸਟਰ ਜੂਨੀਅਰ, ਮਿਸਟਰ ਨਵਾਸ਼ਹਿਰ ਬਣਿਆ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਚਾਂਦੀ ਦਾ ਤਗਮਾ ਹਾਸਲ ਕੀਤਾ। 2002 ਵਿੱਚ ਸੀਨੀਅਰ ਮਿਸਟਰ ਨਵਾਸ਼ਹਿਰ ਬਣਿਆ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਸੋਨੇ ਦਾ ਤਗਮਾ ਹਾਸਲ ਕੀਤਾ। 2003 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਸੋਨੇ ਦਾ ਤਗਮਾ ਹਾਸਲ ਕੀਤਾ। 9 ਮਾਰਚ 1980 ਨੂੰ ਪਿੰਡ ਕਾਹਮਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਵਿੱਚ ਜਨਮੇ ਕਮਲਦੀਪ ਦਾ ਸੰਘਰਸ਼ ਪਿੰਡ ਕਾਹਮਾ ਦੇ ਸਰਕਾਰੀ ਸਕੂਲ ਤੋਂ ਸਿੱਖ ਨੈਸ਼ਨਲ ਕਾਲਜ ਬੰਗਾ ਅਤੇ ਗੋਲਡ ਸਟਾਰ ਜਿੰਮ ਬੰਗਾ ਤੋਂ ਸਿੱਖੇ ਫਿਟਨੈੱਸ ਦੀਆਂ ਤਕਨੀਕਾਂ ਸਮੇਂ ਦਰਮਿਆਨ ਉਸ ਦੀ ਸ਼ਾਦੀ ਸੰਨ 2006 ਵਿੱਚ ਮੈਡਮ ਕੁਲਦੀਪ ਕੌਰ ਨਾਲ ਹੋਈ ਅਤੇ ਉਹ ਉਚੇਰੀ ਪੜ੍ਹਾਈ ਕਰਨ ਵਾਸਤੇ ਅਸਟ੍ਰੇਲੀਆ ਚਲਾ ਗਿਆ। (ਚੱਲ ਮਨ ਚੁੱਕ ਅਟੈਚੀਕੇਸ, ਚੱਲ ਦੇਸੋਂ ਪਰੇਦਸ ਨੂੰ ਚਲੀਏ ਫਿਰ ਪਰਦੇਸੋ ਦੇਸ-ਸੁਰਜੀਤ ਪਾਤਰ )ਸੱਤ ਸਮੁੰਦਰ ਪਾਰ ਜਾ ਕੇ ਵੀ ਉਸ ਨੇ ਮਿਹਨਤ ਦਾ ਪੱਲਾ ਨਾ ਛੱਡਿਆ ਸਗੋਂ 2012 ਵਿੱਚ ਮਿਸਟਰ ਵਿਕਟੋਰੀਆ ਅਤੇ ਰਨਰ-ਅਪ ਮਿਸਟਰ ਅਸਟ੍ਰੇਲੀਆਂ ਬਣਿਆ। 2015 ਵਿੱਚ ਮਿਸਟਰ ਅਸ-ਟ੍ਰੇਲੀਆਂ, ਮਿਸਟਰ ਇੰਟਰਨੈਸ਼ਨਲ, ਮਿਸਟਰ ਸਾਊਥਰਨ ਹੈ-ਮਿਸ਼ੈਰੇ ਬਣਿਆ ਅਤੇ ਰਨਰ-ਅੱਪ ਮਿਸਟਰ ਵਰਲਡ ਰਿਹਾ। ਜਿਸ ਦਾ ਹੁਣ ਵਿਸ਼ਵ ਪੱਧਰ 'ਤੇ ਇੱਕ ਨਿਵੇਕਲਾ ਸਥਾਨ ਬਣ ਚੁੱਕਾ ਹੈ। ਉਸ ਨੂੰ ਕਮਲਜੀਤ ਕਾਹਮਾ ਦੇ ਸੰਘਰਸ਼, ਮਿਹਨਤ, ਸਿਰੜ, ਲਿਆਕਤ ਤੇ ਪ੍ਰਾਪਤੀਆਂ 'ਤੇ ਨਾਜ ਹੈ। ਬਾਂਸਲ ਨੇ ਨੌ-ਜਵਾਨਾਂ ਨੂੰ ਸੁਨੇਹਾ ਦਿੰਦੇ ਹੋਏ ਕਿਹਾ ਕਿ ਜਿੰਦਗੀ ਵਿੱਚ ਕਮਲਦੀਪ ਇੱਕ ਰੋਲ ਮਾਡਲ ਬਣ ਗਿਆ ਹੈ। ਜਿਸ ਤੋਂ, ਜਿਸ ਦੀ ਮਿਹਨਤ ਤੋਂ ਅਤੇ ਸਮੱਸਿਆਵਾਂ 'ਚ ਘਿਰੇ ਹੋਏ ਸਮਾਜ 'ਚੋਂ ਕਿਵੇਂ ਅੱਗੇ ਵੱਧਣ ਲਈ ਪ੍ਰੇਰਿਤ ਹੋਣ ਦੀ ਲੋੜ ਹੈ।

ਦੋ ਰੰਗੇ ਬੂਟ ਪਾਉਣ ਦੇ ਕਾਰਨ ਵਾਰੇ ਕਮਲਦੀਪ ਕਾਹਮਾ ਦਾ ਕਹਿਣਾ ਹੈ ਕਿ ਸਾਲ 1995 ਵਿੱਚ ਮੈਂ ਚੰਡੀਗੜ੍ਹ ਦੋਸਤ ਦੇ ਵਿਆਹ ਦੀ ਪਾਰਟੀ ਚ ਸ਼ਾਮਲ ਹੋਣ ਜਾਣਾ ਸੀ ਤਾਂ ਰਸਤੇ ਚ ਮੇਰਾ ਖੱਬੇ ਪਾਸੇ ਦਾ ਇੱਕ ਬੂਟ ਫਟ ਗਿਆ ਤੇ ਮੈਂ ਮੋਚੀ ਕੋਲ ਗਿਆ ਤਾਂ ਮੋਚੀ ਨੇ ਮੈਨੂੰ ਦੂਜੇ ਰੰਗ ਦਾ ਬੂਟ ਦੇ ਦਿੱਤਾ। ਮੈਂ ਰੰਗ-ਬਰੰਗੇ ਬੂਟ ਪਾ ਕੇ ਵਿਆਹ ਦੀ ਪਾਰਟੀ 'ਚ ਸ਼ਾਮਿਲ ਹੋ ਗਿਆ। ਜਿੱਥੇ ਮੇਰੇ ਦੋ ਰੰਗੇ ਬੂਟ ਹੋਣ ਕਾਰਨ ਮੈਨੂੰ ਮੇਰੇ ਦੋਸਤ ਨੇ ਵਿਆਹ ਦੀ ਪਾਰਟੀ 'ਚੋਂ ਵੀ ਕੱਢਿਆ ਤੇ ਮੇਰੀ ਮਾਰ ਕੁਟਾਈ ਵੀ ਕੀਤੀ। ਮੇਰੇ ਦੋਸਤ ਦੀ ਇਸ ਗੱਲ ਨੇ ਮੈਨੂੰ ਧੁਰ ਅੰਦਰੋਂ ਹਿਲਾ ਦਿੱਤਾ। ਫਿਰ ਜਦੋਂ ਮੈਂ ਅਸਟ੍ਰੇਲੀਆ ਆਇਆ, ਮੇਰਾ ਕੰਮ ਸੈੱਟ ਹੋਇਆ, ਮੈਂ ਇੰਟਰਨੈਸ਼ਨ ਬਾੱਡੀ ਬਿਲਡਿੰਗ ਦੇ ਜੱਜ ਵਜੋਂ ਚੁਣਿਆ ਗਿਆ।

ਉਸ ਉਪਰੰਤ ਮੈਂ ਆਪਣੇ ਬੀਤੇ ਮਾੜੇ ਸਮੇਂ ਨੂੰ ਯਾਦ ਰੱਖਣ ਲਈ ਅੱਜ ਵੀ ਦੋ ਰੰਗ ਦੇ ਬੂਟ ਪਾਉਦਾ ਹਾਂ। ਇਹ ਮੇਰਾ ਕੋਈ ਫੈਸ਼ਨ ਜਾਂ ਹਮਦਰਦੀ ਲੈਣ ਦਾ ਬਹਾਨਾ ਨਹੀਂ ਹੈ, ਸਗੋਂ ਕਿਹਾ ਜਾਂਦਾ ਹੈ ਕਿ ਆਪਣਾ ਪੁਰਾਣਾ ਸਮਾਂ ਨਹੀਂ ਭੁੱਲਣਾ ਚਾਹੀਦਾ।

ਕਮਲਦੀਪ ਕਾਹਮਾ ਨੇ ਫੋਨ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਜਿੰਦਗੀ ਇੱਕ ਸੰਘਰਸ਼, ਇੱਕ ਲੜਾਈ ਹੈ ਅਤੇ ਜਿਹੜੀ ਸਾਡੇ ਆਪਣੇ ਆਪ ਨਾਲ ਹੈ।ਜੇਰਾ ਕਰਕੇ ਕਦਮ ਪੁੱਟ ਲੈਣ ਵਾਲਾ ਮਨੁੱਖ ਆਖਰ ਮੰਜਲ ਤੇ ਪੁੱਜ ਹੀ ਜਾਂਦਾ ਹੈ।ਜਿੰਦਗੀ 'ਚ ਬੜੇ ਮੋੜ ਆਉਂਦੇ ਹਨ, ਜਿਸ ਵੀ ਫੀਲਡ ਵਿੱਚ ਤੁਹਾਡੀ ਦਿਲਚਸਪੀ ਹੈ, ਸ਼ੌਂਕ ਹੈ, ਦੇਰ ਸਵੇਰ ਕਾਮਯਾਬੀ ਮਿਲ ਸਕਦੀ ਹੈ, ਪਰ ਤੁਸੀਂ ਫੀਲਡ ਨਾ ਬਦਲੋ, ਮੰਜਿਲ ਇੱਕ ਦਿਨ ਜਰੂਰ ਮਿਲੇਗੀ।ਮੇਰਾ ਇਹ ਜਿੰਦਗੀ ਦਾ ਨਿਚੌੜ ਹੈ।

ਮਾਤਾ ਸ਼੍ਰੀਮਤੀ ਮਹਿੰਦਰ ਕੌਰ ਅਤੇ ਮਹਿਰੂਮ ਪਿਤਾ ਸ਼੍ਰੀ ਕਰਨੈਲ ਸਿੰਘ ਦਾ ਜਾਇਆ ਅਤੇ ਕਮਲਦੀਪ ਕਾਹਮਾ ਦੇ ਦੋ ਬੱਚੇ ਲੜਕੀ ਰੋਜਮਾਇਨ ਕੌਰ ਅਤੇ ਲੜਕਾ ਸਿਕੰਦਰ ਸਿੰਘ ਅਤੇ ਕਮਲਦੀਪ ਕਾਹਮਾ ਖੁਦ ਤਿੰਨ ਭਰਾ ਹਨ। ਕਾਮਯਾਬੀਆਂ ਦੇ ਝੰਡੇ ਗੱਡਦੇ ਹੋਏ ਨੇ ਅਤੇ ਨਵੇਂ-ਨਵੇਂ ਤਜ਼ਰਬੇ ਕਰਦੇ ਹੋਏ ਨੇ ਅੱਜ ਅਸਟ੍ਰੇਲੀਆ, ਨਿਊਜ਼ੀਲੈਂਡ, ਕੈਨੇਡਾ ਦੇ ਵੱਡੇ ਸ਼ਹਿਰਾਂ ਐਡਮੈਂਟਨ, ਬਰਿੰਮਪਟਨ, ਕੈਲਗਰੀ ਅਤੇ ਹੋਰ ਸ਼ਹਿਰਾ ਵਿੱਚ ਫਿਟਨੈਸ ਸੈਂਟਰ ਤੇ ਫੂਡ ਸਪਲੀਮੈਂਟ ਸਟੋਰ ਬਿਜਨੈੱਸ ਸ਼ੁਰੂ ਕੀਾ, ਅੱਜ ਕਮਲਦੀਪ ਦਾ ਆੱਨ ਲਾਇਨ ਬਿਜਨੈੱਸ ਵਧ ਫੁੱਲ ਰਿਹਾ ਹੈ। ਅੱਜ ਦੁਨੀਆਂ ਦੀਆਂ ਉੱਚਤਮ ਤਕਨੀਕਾਂ ਵਾਲੀਆਂ ਮਸ਼ੀਨਾਂ ਦਾ ਖੁਦ ਮਾਲਕ ਹੈ। ਕਾਹਮਾ ਦੀ ਮਿਹਨਤ ਤੇ ਤਜਰਬੇ ਨੇ ਹਜਾਰਾਂ ਨੌਜਵਾਨਾਂ ਦੇ ਜਿੱਥੇ ਸ਼ੌਂਕ ਨੂੰ ਪੂਰਾ ਕੀਤਾ, ਉੱਥੇ ਉਸਦੇ ਚੰਡੇ ਹੋਏ ਸ਼ਾਗਿਰਦਾਂ ਨੇ ਵੀ ਖੂਬ ਨਾਮ ਕਮਾਇਆ। ਕਮਲਦੀਪ ਸਿਰਫ ਲੜਕਿਆਂ ਲਈ ਹੀ ਜਿੰਮ ਨਹੀਂ ਚਲਾਉਂਦਾ, ਸਗੋਂ ਹੁਣ ਲੜਕੀਆਂ ਵੀ ਬਿਨ੍ਹਾਂ ਕਿਸੇ ਭੇਦਭਾਵ ਇਸ ਫੀਲਡ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲੱਗੀਆਂ ਹਨ।

ਕਈ ਵਾਰ ਦੋਸਤ, ਮਿੱਤਰ ਤੇ ਦੁਨੀਆਂ ਨੂੰ ਜਾਨਣ, ਸਮਝਣ ਦੀ ਸੋਝੀ ਰੱਖਣ ਵਾਲਿਆਂ ਨੇ ਦੱਸਿਆ ਕਿ ਕਮਲਦੀਪ ਨੇ ਇੰਨੀ ਮਿਹਨਤ ਤੇ ਬਿਜਨੈੱਸ 'ਚ ਕਾਮਯਾਬੀ ਦੀ ਪ੍ਰਾਪਤੀ ਲਈ ਦਿਨ-ਰਾਤ ਇੱਕ ਕੀਤੀ। ਅੱਜ ਅਸਟ੍ਰੇਲੀਆ 'ਚ ਸਭ ਤੋਂ ਮਹਿੰਗੀਆਂ ਕਾਰਾਂ ਕਮਲਦੀਪ ਕੋਲ ਹਨ। ਜਿਸ ਵਿੱਚ ਸਭ ਤੋਂ ਮਹਿੰਗੀਆਂ ਕਾਰਾਂ ਵਿੱਚੋਂ ਇੱਕ ਲੈਂਬਰਗਿੰਨੀ ਦਾ ਮਾਲਕ ਵੀ ਕਮਲਦੀਪ ਹੈ। 20 ਕੁ ਸਾਲ ਪਹਿਲਾ ਇੱਕ ਗੀਤ ਸੁਣਿਆ ਸੀ, ਕਿ 'ਲਿਖ ਚਿੱਠੀਆਂ ਕਿਧਰ ਨੂੰ ਪਾਂਵਾ ਅਡਰੈਸ ਤੇਰਾ ਗੁੰਮ ਹੋ ਗਿਆ।ਇੱਥੇ ਵਰਨਣ ਯੋਗ ਹੈ ਕਿ ਪਿੰਡ ਕਾਹਮਾ ਸਮਾਜ ਸੇਵੀ, ਖੇਡਾਂ ਤੇ ਨਵੇਕਲੇ ਕਾਰਜਾਂ ਕਾਰਨ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਖਾਸ ਪਿੰਡ ਬਣ ਗਿਆ ਹੈ। ਉੱਥੇ ਕਮਲਦੀਪ ਨੇ ਆਪਣੇ ਨਾਮ ਨਾਲ ਗੋਤ ਜਾਂ ਤਖ਼ੱਲਸ ਨਾ ਲਾ ਕੇ ਸਗੋਂ ਆਪਣੇ ਨਾਲ ਨਾਲ ਆਪਣੇ ਪਿੰਡ ਦਾ ਨਾਮ ਜੋੜ ਕੇ ਪਿੰਡ ਪ੍ਰਤੀ ਵਫਾਦਾਰੀ ਨਿਭਾ ਕੇ ਪਿੰਡ ਨੂੰ ਅੰਤਰ-ਰਾਸ਼ਟਰੀ ਪੱਧਰ ਤੇ ਪ੍ਰਸਿੱਧੀ ਦਵਾਈ ਹੈ।ਪਿੰਡ ਦੀ ਮਹਿਲਾ ਸਰਪੰਚ ਸ਼੍ਰੀਮਤੀ ਪਰਮਿੰਦਰ ਕੌਰ ਕਾਹਮਾ ਤੇ ਸਮੁੱਚੀ ਟੀਮ ਤੇ ਪਿੰਡ ਵਾਸੀ ਕਮਲਦੀਪ ਦੀਆਂ ਪ੍ਰਾਪਤੀਆਂ ਤੇ ਫਖ਼ਰ ਮਹਿਸੂਸ ਕਰਦੇ ਹਨ। ਉਹਨਾ ਕਿਹਾ ਕਿ ਕਮਲ ਨੇ ਭਾਰਤ ਦੇ ਮਸ਼ਹੂਰ ਅਭਿਨੇਤਾ ਜੌਨ ਇਬਰਾਹਿਮ ਅਤੇ ਸਲਮਾਨ ਖਾਨ ਅਤੇ ਵਿਸ਼ਵ ਦੀਆਂ ਵੱਖ-ਵੱਖ ਖੇਤਰ ਦੀਆਂ ਸੁਪ੍ਰਸਿੱਧ ਹਸਤੀਆਂ ਨੂੰ ਵੀ ਫਿਟ ਰਹਿਣ ਦੀ ਕੌਚਿੰਗ ਦਿੱਤੀ ਹੈ। ਕਮਲਦੀਪ ਕਾਹਮਾ ਨੂੰ ਅੱਤ ਦੀ ਗਰੀਬੀ, ਮਾੜੇ ਹਾਲਾਂ, ਸਾਥੀਆਂ ਦਾ ਸਾਥ ਛੱਡ ਜਾਣਾ, ਘਿਰਣਾ ਤੇ ਅਪਮਾਨ ਸਹਿਣਾ ਹੀ ਉਸ ਨੂੰ ਸੱਤਵੇਂ ਅਸਮਾਨ ਤੱਕ ਲੈ ਪੁੱ-ਜਆ। ਸੱਚਮੁੱਚ ਕਾਹਮਾ ਦੀ ਮਿਹਨਤ ਨੂੰ ਸਲਾਮ ਹੈ। ਇੱਥੇ ਪੰਜਾਬੀ ਦੇ ਪ੍ਰਸਿੱਧ ਸੂਫ਼ੀ ਗਾਇਕ ਸਤਿੰਦਰ ਸਰਤਾਜ ਦੇ ਉਸ ਗੀਤ ਦੀਆਂ ਲਾਇਨਾਂ ਵਿਸ਼ੇਸ਼ ਵਰਣਨ ਰੱਖਦੀਆਂ ਹਨ ਕਿ

"ਜਿਹਨੀਂ ਹੱਥੀਂ ਮੰਗੀਆਂ ਦੁਆਵਾਂ ;
ਓਹੀ ਹੱਥ ਅੱਜ ਸੁੱਖ ਨਾਲ ਦਾਨ ਦੇਣ ਵਾਲੇ ਕਰਤੇ,
ਹੋਰਾਂ ਦੀ ਹਮਾਇਤ ਜਦੋਂ ਕਰਨ ਲੱਗੋਂ ਤਾਂ
ਉਦੋਂ ਸਮਝੋ ਕਿ ਦਾਤਾ ਨੇ ਸੁਖਾਲ਼ੇ ਕਰਤੇ।"

ਅਖੀਰ ਵਿੱਚ ਕਮਲਦੀਪ ਲਈ ਸਲਾਹ, ਸੁਝਾਅ ਹੈ ਕਿ ਉਹ ਹੋਰ ਬੁਲੰਦੀਆਂ ਨੂੰ ਛੂਹਵੇ, ਉੱਥੇ ਆਪਣੇ ਵਤਨ, ਆਪਣੇ ਜਿਲ੍ਹੇ, ਆਪਣੇ ਪ੍ਰਤੀ ਬਣਦੀਆ ਨੈਤਿਕ ਜਿੰਮੇਵਾਰੀਆ ਲਈ ਖੁਲਦਿਲੀ ਦਖਾਵੇ, ਖਾਮੋਸ਼ ਫਿਲਮਾਂ ਦੇ ਸੁਪਰਸਟਾਰ ਕਮੇਡੀਅਨ ਚਾਰਲੀ ਚਾਪਲਿਨ ਦੀਆਂ ਇੱਥੇ ਲਾਇਨਾ ਜਿਕਰ ਯੋਗ ਹਨ ਕਿ ' ਇਸ ਦੁਨੀਆ ਵਿੱਚ ਕੁਝ ਵੀ ਸਥਾਈ ਨਹੀ ਹੈ, ਸਾਡੀਆਂਮੁਸ਼ਕਿਲਾਂ ਵੀ ਨਹੀ।

ਕਾਸ਼! ਕੁਦਰਤ ਕਰੇ ਘਰ-ਘਰ ਕਮਲਦੀਪ ਕਾਹਮਾ ਵਰਗੇ ਸਪੁੱਤ ਪੈਦਾ ਹੋਣ।



**ਜ਼ਿੰਦਾਦਿਲੀ ਦਾ ਦਮ**
ਨੌਜਵਾਨਾ ਦੀ ਮਦਦ ਕਰੋ। ਛੋਟੇ ਲੋਕਾਂ ਦੀ ਮਦਦ ਕਰੋ, ਕਿਉਂਕਿ ਛੋਟੇ ਲੋਕ ਵੱਡੇ ਹੋਣਗੇ। ਨੌਜਵਾਨਾ ਦੇ ਦਿਮਾਗ 'ਚ ਉਹ ਬੀਜ ਹੋਵੇਗਾ, ਜੋ ਤੁਸੀ ਉਹਨਾ 'ਚ ਬੀਜੋਗੇ ਤੇ ਜਦੋਂ ਉਹ ਵੱਡੇ ਹੋਣਗੇ, ਉਹ ਦੁਨੀਆਂ ਬਦਲ ਦੇਣਗੇ।



**ਹੀਰੇ ਨੂੰ ਤਰਾਸ਼ਨ ਵਾਲਾ ਉਸਤਾਦ**
ਕਮਲਦੀਪ ਕਾਹਮਾ ਆਪਣੇ ਉਸਤਾਦ
ਜਨਾਬ ਗੁਰਿੰਦਰਜੀਤ ਸਿੰਘ ਬਾਂਸਲ (ਗੋਲਡ ਸਟਾਰ) ਨਾਲ



**ਇੱਕ ਰੋਟੀ ਘੱਟ ਖਾ ਲਿਓ, ਬੱਚੇ ਆਪਣੇ ਜਰੂਰ ਪੜ੍ਹਾਇਓ**
ਅਮਰੀਕਾ ਦੇ ਪ੍ਰਸਿੱਧ ਖੂਬਸੂਰਤ ਫਲੋਰਿਡਾ ਰਾਜ 'ਚ ਫਿਟਨਸ ਦੇ ਵਿਸ਼ਵ ਮੁਕਾਬਲੇ 'ਚ ਦਸਤਾਰ ਸਜਾ ਕੇ ਜੱਜਮੈਂਟ ਦੇਣ ਸਮੇਂ ਦਾ ਇੱਕ ਦ੍ਰਿਸ਼



ਬਾਲੀਵੁੱਡ ਦੇ ਸੁਪਰਸਟਾਰ ਅਭਿਨੇਤਾ ਜੌਨ ਇਬਰਾਹਿਮ
ਕਮਲਦੀਪ ਕਾਹਮਾ ਦੇ ਪਰਿਵਾਰ ਨਾਲ ਖੁਸ਼ਮੁਦਰਾ 'ਚ

# ਦੋ ਆਵਾਜਾਂ 'ਚ ਗਾਉਣ ਵਾਲੀ ਗਾਇਕਾ ਮਨਦੀਪ ਮਨੀ ਮਾਲਵਾ

## ਮਿਸ਼ਨਰੀ ਗਾਇਕਾ ਨੂੰ ਅਲਟੋ K10 ਕਾਰ ਭੇਂਟ



ਸੰਤੋਖ ਸਿੰਘ ਜੱਸੀ
91-70876-19800

### ਕਾਰਾਂ ਭੇਂਟ ਕਰਨ ਦਾ ਇਤਿਹਾਸ ਤੇ ਵਰਤਮਾਨ

ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਭੌਰਾ, ਜਿੱਥੋਂ ਦਾ ਜੰਮਪਲ ਤੇ ਵਿਸ਼ਵ ਭਰ 'ਚ ਕਲਮ ਦੇ ਦਮ ਤੇ 190 ਵਾਰ ਏਅਪਰੋਟਾ ਤੇ ਆਉਣ-ਜਾਦ ਵਾਲੇ ਨਾਮਵਰ ਕਲਮਨਵੀਸ ਸ੍ਰੀ ਐੱਸ. ਅਸ਼ੋਕ ਭੌਰਾ ਨੂੰ 1990 ਦੇ ਕਰੀਬ ਗਾਇਕਾਂ ਦੇ ਬਾਬਾ ਬੋਹੜ ਕਹਿ ਜਾਣ ਵਾਲੇ ਜਗਦੇਵ ਸਿੰਘ ਜੱਸੋਵਾਲ, ਲੋਕ ਗਾਇਕ ਹਰਭਜਨ ਮਾਨ, ਮਰਿਹੂਮ ਗਾਇਕਾ ਪਰਮਿੰਦਰ ਸੰਧੂ ਤੇ ਹੋਰ ਗਾਇਕਾਂ ਨੇ ਸਾਂਝੇ ਤੌਰ ਤੇ ਮਾਰੂਤੀ 800 ਭੇਂਟ ਕੀਤੀ ਸੀ। ਦੂਜੀ ਕਾਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ 'ਚ ਮਿਸ਼ਨਰੀ ਗਾਇਕ ਤੇ ਪਿੰਡ ਗੜ੍ਹੀ ਅਜੀਤ ਸਿੰਘ ਦੇ ਜੰਮਪਲ ਸ੍ਰੀ ਰੂਪ ਲਾਲ ਧੀਰ ਨੂੰ ਉਸਦੇ ਚਰਚਾ ਆਏ ਗੀਤ 'ਹਮਰ ਗੱਡੀ ਵਿੱਚ ਆਉਂਦਾ ਨੀ ਪੁੱਤ ਚਮਾਰਾਂ ਦਾ'... ਆਦਿ ਨਾਲ ਸੁਪਰ-ਡੁਪਰ ਅਤੇ ਪਿਛਲੇ 25 ਸਾਲਾਂ ਤੋਂ ਗਾਇਕੀ 'ਚ ਸਥਾਪਤ ਹੋਣ ਕਰਕੇ ਕਸਬਾ ਔੜ ਵਿਖੇ ਉਸ ਵੇਲੇ ਦੇ ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਕਰੀਮਪੁਰੀ ਨੇ ਅਲਟੋ ਗੱਡੀ ਭੇਂਟ ਕੀਤੀ ਸੀ।ਹੁਣ ਦੋ ਅਵਾਜਾ ਚ ਗਾਉਣ ਵਾਲੀ ਗਾਇਕਾ ਮਨਜਿੰਦਰ ਮਨੀ ਮਾਲਵਾ ਨੂੰ ਅਨਮੋਲ ਪੈਲਸ ਬੰਗਾ ਵਿਖੇ ਤਮਾਮ ਮਿਸ਼ਨਰੀ ਗਾਇਕਾ, ਲੇਖਕਾਂ, ਬੁੱਧੀਜੀਵੀਆਂ ਦੀ ਹਾਜਰੀ ਵਿੱਚ ਅਲਟੋ K10 ਕਾਰ ਭੇਂਟ ਕੀਤੀ ਗਈ।ਇਹ ਨਵੇਕਲੇ ਯਤਨ ਪੰਜਾਬੀ ਗਾਇਕੀ ਲਈ ਸ਼ੁੱਭ ਸ਼ਗਨ ਹਨ। ਕਾਂਸ਼! ਸਮਾਝ ਦੇ ਖੁਸ਼ਹਾਲ ਲੋਕ ਜਿਹੜੇ ਮਿਸ਼ਨਰੀ ਸਮਝਦੇ ਹਨ, ਉਹ ਲੇਖਕਾਂ, ਕਵੀਆਂ, ਸ਼ਾਇਰਾ ਅਤੇ ਲੋੜਵੰਦਾ ਦੀ ਮਦੱਦ ਲਈ ਅੱਗੇ ਆਉਣ।

ਦੋ ਕੁ ਦਹਾਕੇ ਪਹਿਲਾਂ ਜਲੰਧਰ ਦੂਰਦਰਸ਼ਨ ਤੇ ਮਿਲਨ ਸਿੰਘ ਨਾਮ ਦੀ ਗਾਇਕਾ ਨੇ ਇਸਤਰੀ ਤੇ ਪੁਰਸ਼ ਭਾਵ ਦੋ ਆਵਾਜਾ 'ਚ ਗਾਇਆ ਸੀ।' ਹਾਣੀਆਂ ਤੂੰ ਕਰ ਲੈ ਪਿਆਰ ਜਿਨ੍ਹਾ ਤੇਰਾ ਜੀਅ ਕਰਦਾ' ਗਾ ਕੇ ਸਭ ਨੂੰ ਪ੍ਰਭਾਵਿਤ ਕੀਤਾ ਤੇ ਗਾਇਕੀ ਚ ਇੱਕ ਨਵੇਕਲਾ ਮੁਕਾਮ ਹਾਸਲ ਕੀਤਾ । ਹੁਣ ਪੰਜਾਬ ਦੇ ਮਾਲਵਾ ਖੇਤਰ ਦੀਂ ਮਨਦੀਪ ਮਨੀ ਮਾਲਵਾ ਨੇ ਅਰਸੇ ਬਾਅਦ ਦੋ ਆਵਜਾ 'ਚ ਗਾ ਕੇ ਸਭ ਸਰੋਤਿਆ ਸੰਗੀਤ ਪ੍ਰੇਮੀਆਂ ਤੇ ਗੀਤਕਾਰਾਂ ਦਾ ਧਿਆਨ ਖਿੱਚਿਆ।

35 ਕੁ ਸਾਲ ਪਹਿਲਾ ਪਿਤਾ ਬਲਵਿੰਦਰ ਸਿੰਘ ਤੇ ਮਾਤਾ ਮਹਿੰਦਰ ਕੌਰ ਦੇ ਘਰ ਪਿੰਡ ਸਾਹੋਕੇ ਜਿਲ੍ਹਾ ਮੋਗਾ ਚ ਜਨਮੀ ਮਨੀ ਨੂੰ ਗਾਇਕੀ ਦਾ ਸ਼ੌਂਕ ਸਕੂਲ ਸਮੇਂ 7-8ਵੀ ਜਮਾਤ ਤੋਂ ਹੀ ਪੈ ਗਿਆ।ਜੋ ਹੁਣ ਤੱਕ ਨਿਰੰਤਰ ਜਾਰੀ ਹੈ।ਦੋ ਆਵਾਜਾ ਚ ਗਾਉਣ ਬਾਰੇ ਉਹਨਾ ਦੱਸਿਆ ਕਿ ਇਹ ਕੁਦਰਤ/ ਅਕਾਲ ਪੁਰਖ ਦੀ ਬਖਸ਼ਿਸ਼ ਹੈ।ਮੈ ਦੋ ਆਵਾਜਾ ਬਾਰੇ ਲਗਾਤਰ ਮਿਹਨਤ ਤੇ ਅਭਿਆਸ ਕਰਦੀ ਹਾਂ।ਮਨੀ ਨੇ ਕਿਹਾ ਕਿ ਗਾਇਕੀ ਦੇ ਸ਼ੌਂਕ ਰਾਹੀਂ ਬਾਬਾ ਸਾਹਿਬ ਤੇ ਮਹਾਨ ਮਹਾਂਪੁਰਸ਼ਾ ਦੇ ਮਿਸ਼ਨ ਨੂੰ ਗੀਤਾਂ ਰਾਹੀਂ ਘਰ-ਘਰ ਪਹੁੰਚਾਉਣਾ ਉਹਨਾਂ ਦੀ ਜਿੰਦਗੀ ਦਾ ਉਦੇਸ਼ ਹੈ।ਸਮਾਜ ਲਈ ਲੋਕਾਂ ਨੂੰ ਲਾਮਬੰਦ ਤੇ ਸੇਵਾ ਕਰਨ ਨੂੰ ਉਹ ਹਮੇਸ਼ਾ ਤਤਪਰ ਹਨ।

ਦੋ ਆਵਾਜਾ 'ਚ ਗਾਉਣ ਵਾਲੀ ਪਹਿਲੀ ਗਾਇਕਾ ਮਨਦੀਪ ਮਨੀ ਮਾਲਵਾ ਇੱਕ ਮੰਚ ਤੇ ਜੋਸ਼ੀਲੇ ਅੰਦਾਜ ਵਿੱਚ ਸੰਬੋਧਨ ਕਰਦੀ ਹੋਈ।

ਉਹਨਾ ਪਾਸ ਸਾਧਨਾ ਦੀ ਘਾਟ ਨੂੰ ਦੂਰ ਕਰਨ ਲਈ ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਦੇ ਪ੍ਰਧਾਨ ਸ੍ਰੀ ਰੂਪ ਲਾਲ ਧੀਰ ਤੇ ਸਮੁੱਚੀ ਟੀਮ ਜਿਨਾ ਵਿੱਚ ਗਾਇਕ ਰਾਜ ਦਦਰਾਲ, ਮਾਸਟਰ ਮੱਖਣ ਬਖਲੌਰ ਤੇ ਪੰਜਾਬ ਚ ਵਸਦੇ ਬਹੁਜਨ ਮਿਸ਼ਨ ਨਾਲ ਜੁੜੇ ਕਲਾਕਾਰ ਤੇ ਦਾਨੀ ਸੱਜਣਾ ਦੇ ਨਿੱਘੇ ਆਰਥਿਕ ਯੋਗ ਸਹਿਯੋਗ ਨਾਲ ਉਹਨਾ ਨੂੰ ਅਲਟੋ ਂ10 ਕਾਰ ਭੇਂਟ ਕੀਤੀ।ਇਸ ਲੜਕੀ ਦੀ ਗਾਇਕੀ, ਮਿਸ਼ਨਰੀ ਤੇ ਸਮਰਪਿਤ ਭਾਵਨਾ ਨੂੰ ਦੇਖਦੇ ਹੋਏ ਬੰਗਾ ਚ ਅਲਟੋ ਕਾਰ ਭੇਂਟ ਕਰਨ ਲਈ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਜ਼ਸਵੀਰ ਸਿੰਘ ਗੜ੍ਹੀ, ਡਾ. ਸੁਖਵਿੰਦਰ ਕੁਮਾਰ ਸੁਖੀ ਵਿਧਾਇਕ ਬੰਗਾ, ਡਾ. ਨਛੱਤਰ ਪਾਲ ਵਿਧਾਇਕ ਨਵਾਸ਼ਹਿਰ ਨੇ ਸੰਸਥਾ ਦੀ ਸ਼ਲਾਘਾ ਕੀਤੀ ਤੇ ਮਨੀ ਨੂੰ ਕਾਰ ਨਾਲ 11 ਹਜਾਰ ਰੁਪਏ ਦੀ ਰਾਸ਼ੀ ਵੀ ਭੇਂਟ ਕੀਤੀ ਤੇ ਘਰ ਲਈ ਹਰ ਮਦੱਦ ਦਾ ਭਰੋਸਾ ਦਿੱਤਾ।ਇਸ ਮੌਕੇ ਗਾਇਕਾ ਮਨੀ ਮਾਲਵਾ ਨੇ ਆਪਣੇ ਵਿਚਾਰਾ 'ਚ ਕਿਹਾ ਕਿ ਉਹ ਪਾਰਟੀ ਸੰਸਥਾ ਤੇ ਐੱਨ.ਆਰ.ਆਈ. ਵੀਰਾਂ ਦਾ ਧੰਨਵਾਦ ਕੀਤਾ।ਉਹਨਾ ਇਸ ਮੌਕੇ ਦੋ ਆਵਾਜਾ 'ਚ ਇੱਕ ਗੀਤ ਰਾਹੀਂ ਵੀ ਬਾਬਾ ਸਾਹਿਬ ਨੂੰ ਚੇਤੇ ਕੀਤਾ।

ਲੜਕੀ: ਬਾਬਾ ਸਾਹਿਬ ਨੂੰ ਭੁੱਲ ਗਿਆ ਲੈਕੇ ਝੂਟੇ ਕਾਰਾਂ ਦੇ
ਲੜਕਾਂ: ਤੁਸੀ ਕਿਉਂ ਨੀ ਕਹਿੰਦੇ ਰਾਜ ਕਰਨ ਦੀ ਸਾਡੀ ਵਾਰੀ ਹੈ। (ਗੀਤਕਾਰ ਕੇਵਲ ਬੁਰਜ ਵਾਲਾ )

ਦੋ ਅਵਾਜਾ ਵਿੱਚ ਗਾਉਣ ਵਾਲੀ ਮਿਸ਼ਨਰੀ ਗਾਇਕਾ ਮਨਦੀਪ ਮਨੀ ਮਾਲਵਾ ਨੂੰ ਬੀ.ਐਸ.ਪੀ. ਪੰਜਾਬ ਦੇ ਪ੍ਰਧਾਨ ਸ. ਜਸਵੀਰ ਸਿੰਘ ਗੜ੍ਹੀ, ਡਾ. ਸੁਖਵਿੰਦਰ ਕੁਮਾਰ ਸੁਖੀ ਅਤੇ ਡਾ. ਨਛੱਤਰ ਪਾਲ ਰਾਹੋਂ ਸਾਂਝੇ ਤੌਰ ਤੇ ਅਲਟੋ ਕਾਰ ਭੇਂਟ ਕਰਨ ਸਮੇਂ। ਇਸ ਮੌਕੇ ਸੰਗੀਤ ਸੰਸਥਾ ਦੇ ਪ੍ਰਧਾਨ ਗਾਇਕ ਰੂਪ ਲਾਲ ਧੀਰ, ਬਲਵਿੰਦਰ ਬਿੱਟੂ, ਰਾਜ ਦਦਰਾਲ, ਉੱਘੇ ਗੀਤਕਾਰ/ਲੇਖਕ ਸੱਤਪਾਲ ਸਾਹਲੋਂ, ਬੀ.ਐਸ.ਪੀ. ਪੰਜਾਬ ਦੇ ਜਨਰਲ ਸਕੱਤਰ ਸ੍ਰੀ ਪ੍ਰਵੀਨ ਬੰਗਾ, ਜੈ ਪਾਲ ਸੁੰਡਾ, ਗਾਇਕਾ ਪ੍ਰੇਮ ਲਤਾ ਅਤੇ ਹੋਰ ਪ੍ਰਮੁਖ ਸ਼ਖਸ਼ੀਅਤਾ ਨਜਰ ਆ ਰਹੀਆਂ ਹਨ। ਗਾ ਕੇ ਸਭ ਨੂੰ ਪ੍ਰਭਾਵਤ ਕੀਤਾ।ਦੋ ਅਵਾਜਾ ਚ ਗਾਉਣ ਵਾਲੀ ਇਸ ਗਾਇਕਾ ਦਾ ਪਿੰਡ ਵਾਸੀਆ ਵੱਲੋ ਵੀ ਭਰਪੁਰ ਸਵਾਗਤ ਕੀਤਾ ਗਿਆ। ਇਸ ਮੌਕੇ ਸੰਗੀਤ ਸੰਸਥਾ ਦੇ ਪ੍ਰਧਾਨ ਨੇ ਕਿਹਾ ਪੰਜਾ ਕਲਾਕਾਰਾਂ ਨੂੰ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਜਾਵੇਗਾ।

ਦੋ ਆਵਾਜਾ 'ਚ ਗਾਉਣ ਵਾਲੀ ਗਾਇਕਾ ਮਨਦੀਪ ਮਨੀ ਮਾਲਵਾ ਨਾਲ ਹੋਈ ਗੱਲਬਾਤ ਦੌਰਾਨ ਉਸਦੇ ਜਜ਼ਬਾਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ ਪੰਜਾਬੀ ਦੀ ਪ੍ਰਸਿੱਧ ਕਵਿਤਰੀ ਸੁਖਵਿੰਦਰ ਅਮ੍ਰਿਤ ਦੀਆਂ ਲਾਇਨਾ ਇੱਥੇ ਪੂਰੀ ਤਰਾਂ ਢੁੱਕਦੀਆਂ ਲੱਗਦੀਆਂ ਹਨ ''ਇਹ ਮਰ-ਮਰ ਕੇ ਜਿਉਣਾ ਛੱਡ ਤੇ ਬਗਾਵਤ ਕਰ ਤੇ ਟੱਕਰ ਲੈ, ਤੇਰੇ ਹਿੱਸੇ ਦੀ ਦੁਨੀਆਂ ਤੇ ਕਿਸੇ ਦਾ ਰਾਜ ਕਿਉਂ ਹੋਵੇ''



ਪੰਜਾਬ 'ਚ ਦੋ ਆਵਾਜਾ 'ਚ ਗਾਉਣ ਵਾਲੀ ਗਾਇਕੀ ਦੀ ਮਾਲਿਕਾ ਦਾ ਇੱਕ ਅੰਦਾਜ





ਗਾਇਕੀ ਦੇ ਨਾਲ-ਨਾਲ ਇੱਕ ਆਗੋ ਵੀ



ਬੇਗਮਪੁਰਾ ਸੰਗੀਤਕ ਸੰਸਥਾਂ ਵੱਲੋਂ ਗਾਇਕਾ ਦਾ ਸਨਮਾਨ

# ਦਲਿਤ ਦੂਲ੍ਹੇ ਨੂੰ ਘੋੜੀ ਤੋਂ ਉਤਾਰਨਾ ਪਿਆ ਮਹਿੰਗਾ ਦੂਲ੍ਹੇ ਨੇ ਜਾਤੀਵਾਦੀ ਗੁੰਡਿਆਂ ਨੂੰ ਮਾਰੀ ਗੋਲੀ



ਹਰਦੀਪ ਸਿੰਘ ਚੁੰਬਰ
91-94636-01616

ਮੀਡੀਆ ਉਹ ਖਬਰਾਂ ਦਾ ਪ੍ਰਚਾਰ ਪਸਾਰ ਬਹੁਤ ਬੁਲੰਦੀ ਨਾਲ ਕਰਦਾ ਆ ਰਿਹਾ ਹੈ ਜਿਹਨਾਂ ਖਬਰਾਂ ਨੂੰ ਪੜ੍ਹਕੇ ਦਲਿਤ ਸਮਾਜ ਦਾ ਸਿਰ ਝੁੱਕਦਾ ਹੋਵੇ ਅਤੇ ਦਲਿਤ ਸਮਾਜ ਦੀਆਂ ਬਹੂ ਬੇਟੀਆਂ ਅਪਮਾਨਤ ਹੁੰਦੀਆਂ ਹੋਣ ਅਤੇ ਦਲਿਤਾਂ ਦੀਆਂ ਬਰਾਤਾਂ ਅਤੇ ਦੂਲ੍ਹੇ ਨੂੰ ਅਪਮਾਨਿਤ ਕੀਤਾ ਗਿਆ ਹੋਵੇ, ਦਲਿਤ ਔਰਤਾ ਨਾਲ ਬਲਾਤਕਾਰ ਅਤੇ ਨੰਗਿਆਂ ਕਰਕੇ ਘੁਮਾਉਂਣ ਦੀਆਂ ਹੋਣ ਜਾ ਦਲਿਤ ਬਸਤੀਆਂ ਨੂੰ ਅੱਗ ਲਗਾ ਦੇਣਾ ਵਰਗੀਆਂ ਖਬਰਾਂਹੋਣ। ਇਹਨਾ ਖਬਰਾਂ ਨੂੰ ਭਾਰਤ ਦਾ ਮਨੂਵਾਦੀ ਮੀਡੀਆ ਆਪਣੇ ਢੰਗ ਨਾਲ ਕਿਸੇ ਵੀ ਤਰਾਂ ਪ੍ਰਚਾਰ ਕਰਨ ਤੋਂ ਨਹੀਂ ਭੁਲਦਾ, ਬਹੁਤ ਬਣਾ ਸਵਾਰ ਕੇ ਲਿਖਦਾ ਹੈ। ਭਾਰਤ ਦੇ ਹਰ ਭਾਸ਼ਾਦੇ ਹਰ ਰਾਜ ਦੇ ਅਖਬਾਰ ਅਜਿਹੀਆਂ ਖਬਰਾਂ ਨਾਲ ਭਰੇ ਪਏ ਰਹਿੰਦੇ ਹਨ।

ਮੀਡੀਆ ਵਾਲੇ ਸਬਦਾਂ ਨੂੰ ਤੋੜ ਮਰੋੜਕੇ ਭਾਵੇ ਕੁੱਝ ਵੀ ਸਫਾਈ ਦਿੰਦੇ ਰਹਿਣ ਜਾ ਕਹਿੰਦੇ ਰਹਿਣ, ਪਰ ਖਬਰ ਦੇ ਪਿੱਛੇ ਦਾ ਅਸਲ ਮਕਸ਼ਦ'' ਦਲਿਤ ਸਮਾਜ ਨੂੰ ਨੀਵਾਂ ਦਿਖਾਉਣ ਦਾ ਅਤੇ ਉਹਨਾਂ ਨੂੰ ਉਹਨਾਂ ਦੀ ਔਕਾਤ ਦਾ ਸ਼ੀਸ਼ਾ ਦਿਖਾਉਣ ਤੋਂ ਇਲਾਵਾ ਅਜਿਹੀ ਖਬਰ ਬਨਾਉਣ ਦੇ ਪਿੱਛੇ ਕੋਈ ਮਕਸ਼ਦ ਨਜ਼ਰ ਨਹੀਂ ਆਉਂਦਾ। ਕਿਉਂਕਿ ਅਜਿਹਾ ਨਹੀਂ ਹੈ ਕਿਭਾਰਤ ਦੀਆਂ ਅਦਾਲਤਾਂ ਉਹਨਾ ਕੇਸ਼ਾਂ ਦਾ ਕਦੇ ਵੀ ਜਾ ਬਿਲਕੁਲ ਵੀ ਇਨਸਾਫ ਨਹੀਂ ਕਰਦੀਆਂ, ਹੁੰਦਾ ਹੈ ਪਰ ਇਨਸਾਫ ਦਾ ਪਰਚਾਰ ਘੱਟ ਹੁੰਦਾ ਹੈ। ਸਰਕਾਰੀ ਤੰਤਰ ਆਪ ਮੰਨਦਾ ਹੈ ਕਿ ਅਜਿਹੇ ਕੇਸ਼ਾ ਵਿੱਚ ਇਨਸਾਫ ਸਿਰਫ 2%ਕੇਸਾਂ ਵਿੱਚ ਹੀ ਲਗਭਗ ਮਿਲ ਪਾਉਂਦਾ ਹੈ, ਬਾਕੀ ਕੇਸ ਅਦਾਲਤਾਂ ਵਿੱਚ ਲਟਕਦੇ ਰਹਿੰਦੇ ਹਨ ਜਾਂ ਕਈ ਹੋਰ ਕਾਰਨਾ ਦੇ ਕਾਰਨ ਆਪਣੀ ਮੌਤ ਆਪ ਹੀ ਹੀ ਮਰ ਜਾਂਦੇ ਹਨ। ਜਿਹੜੇ ਵੀ 2% ਕੇਸਾਂ ਵਿੱਚ ਸਮਾਜਿਕ ਨਿਆਏ ਹੁੰਦਾ ਹੈ ਉਹਨਾਂ ਨੂੰ ਪ੍ਰਚਾਰਨ ਦੀ ਲੋੜ ਹੁੰਦੀ ਹੈ ਤਾਂ ਕਿ ਸਮਾਜ ਸਮਾਜਿਕ ਨਿਆਏ ਵੱਲ ਤੇਜੀ ਨਾਲ ਕਦਮ ਵਧਾਵੇ ਅਤਚੇ ਲੋਕਾਂ ਦਾ ਅਦਾਲਤਾਂ ਉੱਤੇ ਭਰੋਸਾ ਬਣਿਆ ਰਹੇ। ਇਸ ਨਾਲ ਸਮਾਜ ਵਿੱਚ ਸਮਤਾ, ਸਮਾਨਤਾ, ਭਾਈਚਾਰਾ ਸਦਭਾਵਨਾ ਵਧਦੀ ਹੈ।

ਲੇਕਿਨ ਨਾ ਇਨਸਾਫੀ ਦੀਆਂ ਖਬਰਾਂ ਨੂੰ ਅਖਬਾਰਾਂ ਦੀਆਂ ਨੁਕਰਾਂ ਵਿੱਚ ਛੋਟੀ ਜਿਹੀ ਜਗਾ ਦੇਣਾ ਅਤੇ ਉਸ ਖਬਰ ਦੇ ਪੇਸ਼ ਕਰਨ ਦੇ ਢੰਗ ਤੋਂ ਲਗਦਾ ਹੈ ਕਿ ਜਾਣੇ ਅਣਜਾਣੇ ਵਿੱਚ ਮੀਡੀਆ ਦਾ ਮੁੱਖ ਮਕਸ਼ਦ ਦਲਿਤ ਸਮਾਜ ਦਾ ਮਾਨ ਸਨਮਾਨ





ਤੋੜਨਾ, ਡਰ ਪੈਦਾ ਕਰਨਾ ਅਤੇ ਮਾਨਸ਼ਿਕ ਤੌਰ ਉੱਤੇ ਗੁਲਾਮ ਬਣਾਕੇ ਰਖਣ ਦੀ ਅਸਮਾਜਿਕ ਤੱਵਾਂ ਦੀਆਂ ਕੋਸ਼ਿਸ਼ਾ ਨੂੰ ਬਲ ਦੇਣਾ ਦਿਖਆਈ ਦਿੰਦਾ ਹੈ। ਉਧਾਰਨ ਲਈ ਮੀਡੀਆ ਦੇ ਲੋਕਾਂ ਦੁਆਰਾ ਖਬਰ ਬਨਾਉਣ ਦਾ ਢੰਗ ਵੀ ਇਸ ਤਰਾਂ ਲਿਖਦੇ ਹਨ ਕਿ ਦਲਿਤ ਦੂਲ੍ਹੇ ਨੂੰ ਘੋੜੀ ਤੋਂ ਉਤਾਰਿਆਂ ਅਤੇ ਬਰਾਤ ਨੂੰ ਦੌੜਾ ਦੌੜਾ ਕੇ ਕੁੱਟਿਆ, ਉਹਨਾ ਦਾ ਰਾਹ ਬੰਦ ਕਰ ਦਿੱਤਾ, ਇਸ ਤਰਾਂ ਦੀ ਡਰ ਬਣਾਕੇ ਰਖਣ ਦੀ ਕੋਸ਼ਿਸ ਨਜ਼ਰ ਆਉਂਦੀ ਹੈ ਕਿ ਕੋਈ ਹੋਰ ਦਲਿਤ ਘੋੜੀ ਉੱਤੇ ਚੜਕੇ ਬਰਾਤ ਲੈਕੇ ਜਾਣ ਦਾ ਕੋਸ਼ਿਸ ਨਾ ਕਰੇ ਨਹੀਂ ਤਾਂ ਉਹਨਾ ਦਾ ਵੀ ਇਸ ਤਰਾਂ ਦਾ ਇੰਨਜਾਮ ਹੋ ਸਕਦਾ ਹੈ।

ਕੇਵਲ ਦਲਿਤਾਂ ਉਤੇ ਹੋ ਰਹੇ ਜੁਲਮ ਨੂੰ ਦਿਖਾਉਣਾਂ ਅਤੇ ਦੂਜੇ ਪਾਸੇ ਦਲਿਤਾਂ ਦੁਆਰਾ ਅਪਰਾਧੀ ਲੋਕਾਂ ਦੇ ਜੁਲਮ ਜਾ ਟਾਕਰਾ ਕਰਨਾ ਅਤੇ ਬਹਾਦਰੀ ਨਾਲ ਜਵਾਬ ਦੇਣਾ ਮੀਡੀਆ ਦੇ ਕੰਮ ਕਰਨ ਪਿੱਛੇ ਦੀ ਮੰਦ ਭਾਵਨਾ ਨੂੰ ਨੰਗਿਆਂ ਕਰਦਾ ਹੈ।ਹਿੰਦੀ, ਪੰਜਾਬੀ ਅਤੇ ਅੰਗਰੇਜੀ ਦੇ ਕਈ ਅਖਬਾਰਾਂ ਵਿੱਚੋ ਖਬਰ ਲਭਣ ਦੀ ਕੋਸ਼ਿਸ਼ ਕੀਤੀ ਕਿ ਸੈਂਕੜੇ ਖਬਰਾਂ ਵਿੱਚੋਂ ਕਿ ਕੋਈ ਇੱਕ ਖਬਰ ਲਭ ਜਾਵੇ ਜਿਸ ਨਾਲ ਭਾਰਤ ਦੀ ਜਾਤੀਵਾਦੀ ਬਿਮਾਰੀ ਦੇ ਸ਼ਿਕਾਰ ਸਮਾਜ ਦੇ ਨਾਲ ਹੋ ਰਹੇ ਧੱਕੇ ਦਾ ਜਵਾਬ ਦੇਣ ਵਿੱਚ ਹਜਾਰਾਂ ਸਾਲਾ ਦਾ ਦੱਬਿਆ ਸਮਾਜ ਜੁਲਮ ਦੇ ਖਿਲਾਫ ਖੜਾ ਹੋਣ ਜੋਗਾ ਹੋਣ ਲਗਾ ਹੈ। ਮੈਂ ਅੱਜਗਾਜੀਆਬਾਦ ਦੀ ਇਹ ਖਬਰ ਜੋ ਲਭਣ ਦੀ ਕੋਸ਼ਿਸ ਕਰ ਰਿਹਾ ਸੀ, ਉਹ ਸੀ ਜਾਤੀਵਾਦੀ ਸ਼ੋਸ਼ਣ ਕਰਨ ਵਾਲੇ ਅਸਮਾਜਿਕ ਤਤਵ, ਗੁੰਡੇ ਕਿਸਮ ਦੀ ਮਾਨਸ਼ਿਕਤਾ ਵਾਲੇ ਲੋਕਾਂ ਦੁਆਰਾ ਅਨੁਸੂਚਿਤ ਜਾਤੀ (ਰਵਿਦਾਸੀਆ) ਦੀ ਬਰਾਤ ਵਿੱਚ ਦੂਲ੍ਹੇਨੂੰ ਘੋੜੀ ਉੱਤਾਰਨ ਦੀ ਕੋਸ਼ਿਸ਼ ਕਰਨਾ ਅਤੇ ਦੁੱਲ੍ਹੇ ਨੇਅਸਮਾਜਿਕ ਤਤਵ,ਜਾਤੀਵਾਦੀ ਗੁੰਡਿਆਂ ਨੂੰ ਗੋਲੀ ਮਾਰ ਦੇਣਾ।

ਇਹ ਖਬਰ ਸ਼ੋਸ਼ਲ ਮੀਡੀਆ ਵਿੱਚ ਫੇਸ਼ ਬੁੱਕ, ਵਟਸਐਪ ਆਦਿ ਤੇ ਵਾਇਰਲ ਹੋ ਰਹੀ ਹੈ। ਅਸੀਂ ਕਿਸੇ ਵੀ ਤਰਾਂ ਨਾਲ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣ ਹਥਿਆਰਾਂ ਦੀ ਵਰਤੋਂ ਦੀ ਵਕਾਲਤ ਨਹੀਂ ਕਰਦੇ, ਲੇਕਿਨ ਜੇਕਰ ਸੰਵਿਧਾਨ ਅਤੇ ਕਾਨੂੰਨ ਦੀ ਉਲੰਘਣਾ ਕਰਕੇ ਕੋਈ ਅਜਿਹਾ ਕੰਮ ਕਰਦਾ ਹੈ ਤਿਸ ਨਾਲਦੂਜੇ ਦੀ ਜਾਨ ਨੂੰ ਖਤਰਾ ਖੜਾ ਹੋ ਜਾਂਦਾ ਹੋਵੇ ਤਾਂ ਸਾਡਾ ਸੰਵਿਧਾਨ ਅਤੇ ਕਾਨੂੰਨ ਆਤਮਰਖਿਆ ਦਾ ਅਧਿਕਾਰ ਵੀ ਦਿੰਦਾ ਹੈ, ਰੱਖਿਆ ਲਈ ਅਤੇ ਜਾਨ ਬਚਾਉਣ ਲਈ ਹਥਿਆਰ ਦੀ ਵਰਤੋਂ ਕਰ ਸਕਦਾ ਹੈ। ਦਲਿਤਾਂ ਦੀਆਂ ਬਰਾਤਾਂ ਨੂੰ ਘੇਰਨ ਅਤੇ ਕੁੱਟਣ ਵਾਲਿਆ ਦੇ ਵਿਰੁਧ ਹਥਿਆਰਬੰਦ ਕਾਰਵਾਈ ਨੂੰ ਕਿਸੇ ਵੀ ਤਰਾਂ ਨਾਲ ਗਲਤ ਨਹੀਂ ਕਿਹਾ ਜਾ ਸਕਦਾ। ਪੁਰਾਣੇ ਸਮਿਆਂ ਤੋਂ ਹੀ ਦੂਲ੍ਹੇ ਨੂੰ ਹਥਿਆਰ ਰਖਣ ਅਤੇ ਆਪਣੇ ਨਾਲ ਸਹਾਇਕ ਦੇ ਤੋਰਤੇ ਕੁੱਝ ਸਹਾਇਕ ਜਿਹਨਾ ਨੂੰ ਬਰਾਤੀ ਦਾ ਨਾਮ ਦਿਤਾ ਗਿਆ ਹੈ ਸਮਾਜ ਇਸ ਦੀ ਇਜਾਜਤ ਦਿੰਦਾ ਹੈ।

ਗਾਜੀਆਬਾਦ ਦੇ ਇਕ ਵਕੀਲ ਸ਼੍ਰੀਮਾਨ ਸ਼ੂਰਜਭਾਨ ਦੁਆਰਾ ਮੀਡੀਆ ਨਾਲ ਸ਼ਿਅਰ ਕੀਤੀ ਗਈ ਖਬਰ ਬਹੁਜਨ ਹਲਚਲ ਦੁਆਰਾ ਯੂਟਿਊਬ ਚੈਨਲ ਉੱਤੇ ਇਹ ਪੋਸਟ ਸ਼ਿਅਰ ਕੀਤੀ ਗਈ ਹੈ ਜਿਸ ਦਾ ਲਿੰਕ https://www.youtube.com/watch?v=w8z3pXkPxVg ਹੈ, ਇਸ ਦਾ ਹੈਡਿੰਗ ਹੈ ਦਲਿਤ ਲਾੜੇ ਨੂੰ ਘੋੜੀ ਤੋਂ ਉਤਾਰਨ ਵਾਲਿਆਂ ਦੇ ਮੂੰਹ 'ਤੇ ਥੁੱਕਿਆ, ਦਿਖਾ ਦਿੱਤਾ ਆਪਣਾ ਰੁਤਬਾ! ਭਗਦੜ ਫੈਲ ਗਈ, ਸਨਸਨੀ ਫੈਲ ਗਈ। ਇਹ ਕਾਰਵਾਈ ਆਤਮ ਰੱਖਿਆ ਵਿੱਚ ਕੀਤੀ ਗਈ ਹੈ ਅਤੇ ਇਹ ਦਲਿਤ ਸਮਾਜ ਦੁਆਰਾ ਉਠਾਇਆ ਸਲਾਘਾਯੋਗ ਕਦਮ ਹੈ।ਸ਼ਾਸ਼ਨ ਅਤੇ ਪ੍ਰਸ਼ਾਸ਼ਨ ਦੁਆਰਾ ਅਜਿਹੀਆਂ ਕਾਰਵਾਈਆਂ-ਸਹੀ ਸਮੇਂ ਉੱਤੇ ਕਾਰਵਾਈ ਨਾ ਕਰਨ ਦੇ ਕਾਰਨ ਹੀ ਅਜਿਹੇ ਅਸਮਾਜਿਕ ਤੱਤਾਂ ਦਾ ਹੌਸ਼ਲਾ ਵਧਦਾ ਹੈ। ਉਮੀਦ ਹੈ ਅਜਿਹੀਆਂ ਖਬਰਾਂ ਦੇ ਪ੍ਰਚਾਰ ਪਸਾਰ ਦੇ ਨਾਲ ਅਸਮਾਜਿਕ ਤੱਤਾਂ ਦੁਆਰਾ ਕਰਨ ਵਾਲੀਆਂ ਕਾਰਵਾਈਆਂ ਉੱਤੇ ਕਮੀ ਆ ਸਕਦੀ ਹੈ।

## ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ 'ਤੇ ਵਿਸ਼ੇਸ਼

# 'ਤੇਰਾ ਕੀਆ ਮੀਠਾ ਲਾਗੈ'



ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪੰਜਵੇਂ ਗੁਰੂ ਸਨ। ਉਹਨਾਂ ਨੂੰ ਸ਼ਹੀਦਾਂ ਦੇ ਸਿਰਤਾਜ ਤੇ ਸ਼ਾਂਤੀ ਦੇ ਪੁੰਜ ਵੀ ਕਿਹਾ ਜਾਂਦਾ ਹੈ। ਸੰਸਾਰ ਦੇ ਅਧਿਆਤਮਕ ਜਗਤ 'ਚ ਉਹਨਾਂ ਦਾ ਸਰਵ ਉੱਚ ਸਥਾਨ ਹੈ। ਉਹਨਾਂ ਨੂੰ ਅਧਿਆਤਮਕਵਾਦ ਦੇ ਬ੍ਰਹਮ ਗਿਆਨੀ ਵੀ ਕਿਹਾ ਜਾਂਦਾ ਹੈ। ਉਹਨਾਂ ਦੀ ਸ਼ਹੀਦੀ ਸੰਸਾਰ ਦੇ ਇਤਿਹਾਸ 'ਚ ਅਦੁੱਤੀ ਤੇ ਬੇਮਿਸਾਲ ਹੈ, ਜਿਸ ਦੀ ਕੋਈ ਹੋਰ ਉਦਾਹਰਣ ਲੱਭਣੀ ਮੁਸ਼ਕਿਲ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਗਏ ਮਿਸ਼ਨ ਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹਾਦਤ ਦੇ ਕੇ ਖੂਨ ਨਾਲ ਸਿੰਜਿਆ ਤੇ ਸਿੱਖੀ ਰੂਪੀ ਲੱਗੇ ਹੋਏ ਬੂਟੇ ਦੀਆਂ ਜੜ੍ਹਾਂ ਨੂੰ ਇਕ ਮਜ਼ਬੂਤ ਆਧਾਰ ਦੇ ਕੇ ਪ੍ਰਫੁੱਲਿਤ ਕੀਤਾ। ਇਹ ਕਹਿਣਾ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਉਹ ਬੜੇ ਪੁਰ ਅਮਨ ਤੇ ਸ਼ਾਂਤਮਈ ਤਰੀਕੇ ਨਾਲ ਆਪਣੇ ਸਿੱਖੀ ਦੇ ਸਿਧਾਂਤਾਂ ਨੂੰ ਪ੍ਰਫੁੱਲਿਤ ਕਰ ਰਹੇ ਸਨ ਪਰ ਈਰਖਾਲੂ ਤੇ ਕੱਟੜਪੰਥੀ ਲੋਕਾਂ ਦੇ ਅਸਲ ਚਿਹਰੇ, ਜੋ ਧਰਮ ਦੇ ਨਾਂ ਤੇ ਅੱਤਿਆਚਾਰ ਕਰ ਰਹੇ ਸਨ, ਵੀ ਲੋਕਾਈ ਦੇ ਸਾਹਮਣੇ ਨੰਗੇ ਹੋਏ।

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਚੌਥੇ ਗੁਰੂ ਰਾਮਦਾਸ ਜੀ ਦੇ ਬਹੁਤ ਹੀ ਲਾਇਕ ਤੇ ਸੁਹਿਰਦ ਸਪੁੱਤਰ ਸਨ। ਉਹਨਾਂ ਦੀ ਮਾਤਾ ਜੀ ਦਾ ਨਾਮ ਬੀਬੀ ਭਾਨੀ ਜੀ ਸੀ ਜੋ ਤੀਸਰੇ ਗੁਰੂ ਸਾਹਿਬ ਅਮਰਦਾਸ ਜੀ ਦੀ ਸਪੁੱਤਰੀ ਸਨ। ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ, 1563 ਈਸਵੀ ਨੂੰ ਗੋਇੰਦਵਾਲ ਵਿਖੇ ਹੋਇਆ ਤੇ ਵਿਆਹ 1579 ਈਸਵੀ ਨੂੰ ਹੋਇਆ। ਸਿੱਖ ਸੰਸਕ੍ਰਿਤੀ ਤੇ ਸਿਧਾਂਤਾਂ ਨੂੰ ਘਰ-ਘਰ ਪਹੁੰਚਾਉਣ ਲਈ ਉਹਨਾਂ ਨੇ ਸਿਰਤੋੜ ਯਤਨ ਕੀਤੇ। ਉਹਨਾਂ ਦੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਦੇ ਮਹਾਨ ਕੇਂਦਰ 'ਸ੍ਰੀ ਹਰਿਮੰਦਰ ਸਾਹਿਬ' ਦੀ ਨੀਂਹ, ਇਕ ਮਹਾਨ ਮੁਸਲਮਾਨ ਫਕੀਰ ਸਾਂਈ ਮੀਆਂ ਮੀਰ ਜੀ ਪਾਸੋਂ ਰਖਵਾਈ। ਗੁਰੂ ਅਰਜਨ ਦੇਵ ਜੀ ਨੇ ਇਸ ਮਹਾਨ ਸਿੱਖੀ ਦੇ ਕੇਂਦਰ ਦੀ ਉਸਾਰੀ ਪੂਰੀ ਕਰਾਉਣ 'ਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾਇਆ। ਸੰਨ 1590 ਈਸਵੀ ਵਿਚ ਤਰਨਤਾਰਨ ਸਾਹਿਬ ਦੇ ਸਰੋਵਰ ਦੀ ਪੱਕੀ ਉਸਾਰੀ ਵੀ ਉਹਨਾਂ ਨੇ ਕਰਵਾਈ।



ਪ੍ਰੋ: ਐਚ.ਐਲ.ਕਪੂਰ

ਗੁਰੂ ਜੀ ਬਹੁਤ ਸ਼ਾਂਤ ਤੇ ਗੰਭੀਰ ਸੁਭਾਅ ਦੇ ਮਾਲਕ ਸਨ। ਉਹ ਆਪਣੇ ਜ਼ਮਾਨੇ ਦੇ ਸਰਵ-ਪ੍ਰਮਾਣਿਤ ਨਾਇਕ ਸਨ ਜੋ ਦਿਨ-ਰਾਤ, ਸਾਧ-ਸੰਗਤ ਦੀ ਸੇਵਾ 'ਚ ਲੱਗੇ ਰਹਿੰਦੇ ਸਨ। ਉਹਨਾਂ ਦੇ ਮਨ 'ਚ ਸਾਰੇ ਧਰਮਾਂ ਲਈ ਅਥਾਹ ਪਿਆਰ ਸੀ। ਮਾਨਵ ਕਲਿਆਣ ਲਈ ਉਹਨਾਂ ਨੇ ਅਥਾਹ ਕੰਮ ਕੀਤੇ।

ਗੁਰੂ ਅਰਜਨ ਦੇਵ ਜੀ ਨੇ 1604 ਈਸਵੀ ਨੂੰ 'ਸ੍ਰੀ ਆਦਿ (ਗੁਰੂ) ਗ੍ਰੰਥ' ਦੀ ਰਚਨਾ ਤੇ ਸੰਪਾਦਨਾ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਕਰਵਾਈ। ਇਸ 'ਚ 30 ਰਾਗਾਂ 'ਚ ਬਾਣੀ ਦਰਜ ਹੈ। ਗਿਣਤੀ ਦੇ ਪੱਖੋਂ 'ਗੁਰੂ ਗ੍ਰੰਥ ਸਾਹਿਬ' ਵਿਚ ਸਭ ਤੋਂ ਵੱਧ ਬਾਣੀ ਉਨ੍ਹਾਂ ਦੀ ਹੀ ਹੈ। 'ਗੁਰੂ ਗ੍ਰੰਥ ਸਾਹਿਬ' ਦੀ ਰਚਨਾ ਗੁਰੂ ਸਾਹਿਬ ਦੀ ਇਕ ਅਦੁੱਤੀ ਕਲਾ ਹੈ ਜਿਸ 'ਚੋਂ ਉਹਨਾਂ ਦੀ ਵਿਦਵਤਾ ਝਲਕਦੀ ਹੈ। ਉਹਨਾਂ ਨੇ ਰਾਗਾਂ ਦੇ ਆਧਾਰ 'ਤੇ ਗੁਰੂ ਗ੍ਰੰਥ ਸਾਹਿਬ 'ਚ ਦਰਜ ਬਾਣੀਆਂ ਦਾ ਜੋ ਵਰਗੀਕਰਨ ਕੀਤਾ ਹੈ, ਇਸਦੀ ਭਾਰਤ ਦੇ ਮੱਧਕਾਲ ਯੁੱਗ 'ਚ, ਸਾਹਿਤ ਦੇ ਇਤਿਹਾਸ 'ਚ, ਕਿਧਰੇ ਹੋਰ ਧਾਰਮਿਕ ਗ੍ਰੰਥ 'ਚ ਮਿਸਾਲ ਨਹੀਂ ਮਿਲਦੀ। ਇਹ ਉਹਨਾਂ ਦੀ ਉਚੇਰੀ ਸੂਝ-ਬੂਝ ਦਾ ਹੀ ਪ੍ਰਮਾਣ ਹੈ ਕਿ 'ਗੁਰੂ ਗ੍ਰੰਥ ਸਾਹਿਬ' 'ਚ 36 ਮਹਾਨ ਬਾਣੀਕਾਰਾਂ ਦੀ ਬਾਣੀ, ਬਿਨਾਂ ਕਿਸੇ ਭੇਦ-ਭਾਵ ਦੇ ਸੰਕਲਿਤ ਕੀਤੀ ਗਈ ਹੈ। ਪੰਜਾਬੀ ਸਾਹਿਤ ਦੇ ਇਤਿਹਾਸ 'ਚ 17ਵੀਂ ਸਦੀ ਨੂੰ 'ਗੁਰੂ ਗ੍ਰੰਥ ਸਾਹਿਬ' ਦੀ ਰਚਨਾ ਕਾਰਨ 'ਸੁਨਹਿਰੀ ਯੁੱਗ' ਵੀ ਕਿਹਾ ਜਾਂਦਾ ਹੈ। ਇਸ 'ਚ ਤਕਰੀਬਨ 600 ਸਾਲਾਂ ਦਾ ਰਚਿਆ ਗਿਆ ਮਹਾਨ ਸਾਹਿਤ ਤੇ ਸੰਸਕ੍ਰਿਤੀ ਨੂੰ ਸੁਰਜੀਤ ਕੀਤਾ ਗਿਆ ਹੈ। ਇਸ 'ਚ ਨਵੀਆਂ ਜੀਵਨ ਕਦਰਾਂ-ਕੀਮਤਾਂ ਦੀ ਸਥਾਪਨਾ ਕੀਤੀ ਗਈ ਹੈ ਜਿਹਨਾਂ ਨਾਲ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਇਕ ਨਵਾਂ ਯੁੱਗ ਸ਼ੁਰੂ ਹੁੰਦਾ ਹੈ, ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਮੂਲ-ਸੰਵੇਦਨਾ ਪ੍ਰੇਮ ਭਗਤੀ ਨਾਲ ਜੁੜੀ ਹੋਈ ਹੈ। ਗੁਰਮਤਿ-ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਲਈ, ਉਹਨਾਂ ਦਾ ਦਿੱਤਾ ਗਿਆ ਯੋਗਦਾਨ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਗੁਰੂ ਜੀ ਨੇ ਪੰਜਾਬੀ ਭਾਸ਼ਾ, ਸਾਹਿਤ ਤੇ ਸੰਸਕ੍ਰਿਤੀ ਨੂੰ ਜੋ ਦੇਣ ਦਿੱਤੀ ਹੈ, ਉਸ ਦੀ ਸ਼ਬਦਾਂ 'ਚ ਪ੍ਰਸੰਸਾ ਕਰਨੀ ਬੜੀ ਕਠਿਨ ਹੈ।

'ਸੁਖਮਨੀ ਸਾਹਿਬ' ਸੁੱਖ ਦਾ ਆਨੰਦ ਦੇਣ ਵਾਲੀ ਬਾਣੀ ਹੈ। ਸੁਖਮਨੀ ਸਾਹਿਬ ਮਾਨਸਿਕ ਤਣਾਅ ਦੀ ਅਵਸਥਾ ਦਾ ਸ਼ੁੱਧੀਕਰਨ ਕਰਨ ਦਾ ਇਕ ਵਧੀਆ ਉਪਰਾਲਾ ਹੈ। ਇਸ ਰਚਨਾ ਦੀ ਭਾਸ਼ਾ, ਭਾਵਾਂ ਅਨੁਕੂਲ ਹੀ ਹੈ। ਸਰਲ ਬ੍ਰਿਜ ਭਾਸ਼ਾ ਅਤੇ ਪੰਜਾਬੀ ਭਾਸ਼ਾ 'ਚ ਰਚਿਤ ਇਹ ਬਾਣੀ ਗੁਰੂ ਅਰਜਨ ਦੇਵ ਜੀ ਦੀ ਇਕ ਮਹਾਨ ਅਧਿਆਤਮਕ ਕਲਾਕ੍ਰਿਤ ਹੈ, ਜਿਸ ਨੂੰ ਅਧਿਆਤਮਵਾਦ ਦਾ ਸਿਰਮੌਰ ਵੀ ਕਿਹਾ ਜਾ ਸਕਦਾ ਹੈ। ਇਹ ਸਮੁੱਚੀ ਮਾਨਵਤਾ ਨੂੰ ਸ਼ਾਂਤੀ ਦਾ ਉਪਦੇਸ਼ ਵੀ ਦਿੰਦੀ ਹੈ। ਇਹ ਉਹਨਾਂ ਦੀ ਇਕ ਅਮਰ ਬਾਣੀ ਹੈ ਜੋ ਕਰੋੜਾਂ ਜਗਿਆਸੂਆਂ ਨੂੰ ਅੰਮ੍ਰਿਤ ਵੇਲੇ, ਇਸ ਬਾਣੀ ਦਾ ਪਾਠ ਕਰਨ ਨਾਲ ਸ਼ਾਂਤੀ ਪ੍ਰਦਾਨ ਕਰਦੀ ਹੈ। ਇਸ 'ਚ 24 ਅਸ਼ਟਪਦੀਆਂ ਹਨ। ਇਹ ਰਚਨਾ 'ਰਾਗ ਗਾਉੜੀ' ਵਿਚ ਰਚੀ ਗਈ ਹੈ। ਇਸ ਰਚਨਾ ਦੀ ਸ਼ੈਲੀ 'ਸੂਤ੍ਰਿਕ' ਹੈ। ਇਸ 'ਚ ਸਾਧਨਾ, ਨਾਮ ਸਿਮਰਨ ਤੇ ਇਸ ਦੇ ਪ੍ਰਭਾਵ, ਸੇਵਾ ਤੇ ਤਿਆਗ, ਮਾਨਸਿਕ ਸੁੱਖ-ਦੁੱਖ ਅਤੇ ਸ਼ਕਤੀ ਦੀਆਂ ਉਹਨਾਂ ਅਵਸਥਾਵਾਂ ਦਾ ਵਰਣਨ ਕੀਤਾ ਗਿਆ ਹੈ, ਜਿਹਨਾਂ ਦੀ ਪ੍ਰਾਪਤੀ ਕਰਕੇ ਮਾਨਵ ਉਸ 'ਪਾਰ-ਬ੍ਰਹਮ ਪ੍ਰਭੂ' ਦੇ ਸੁੱਖਾਂ ਦਾ ਅਹਿਸਾਸ ਕਰ ਸਕਦਾ ਹੈ। ਸੁਖਮਨੀ ਸ਼ਬਦ ਆਪਣੇ ਆਪ 'ਚ ਹੀ ਇਕ ਬਹੁਤ ਭਾਵ-ਪੂਰਤ ਸ਼ਬਦ ਹੈ। ਮਨ ਨੂੰ ਸੁੱਖ ਦੇਣ ਵਾਲੀ ਜਾਂ ਸੁੱਖਾਂ ਦੀ ਮਣੀ ਆਦਿਕ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ।
ਭਗਤ ਜਨਾਂ ਕੇ ਮਨ ਬਿਸਰਾਮ॥

ਤੀਸਰੇ ਗੁਰੂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਵਿਸਥਾਰ ਤੇ ਪ੍ਰਚਾਰ ਲਈ ਦੂਰ-ਦੂਰ ਤੱਕ ਮੰਜੀਆਂ ਭਾਵ ਪ੍ਰਚਾਰ ਕੇਂਦਰ, ਜਿਸ ਨੂੰ 'ਪਸੰਦ ਪ੍ਰਥਾ' ਵੀ ਕਿਹਾ ਜਾਂਦਾ ਹੈ, ਨੂੰ ਸਥਾਪਤ ਕੀਤਾ। ਇਹਨਾਂ ਕੇਂਦਰਾਂ ਤੋਂ ਸਿੱਖ ਸਿਧਾਂਤਾਂ ਤੇ ਸਿੱਖਿਆਵਾਂ ਦਾ ਪ੍ਰਚਾਰ ਕੀਤਾ ਜਾਂਦਾ ਸੀ। ਸਾਧ-ਸੰਗਤ ਇਕੱਠੀ ਹੁੰਦੀ ਤੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਜਾਂਦਾ। ਗੁਰਬਾਣੀ ਦਾ ਸੰਗੀਤ ਮਈ ਕੀਰਤਨ, ਗੁਰੂ ਨਾਨਕ ਦੇਵ ਜੀ ਤੋਂ ਹੀ ਸ਼ੁਰੂ ਹੋ ਗਿਆ ਸੀ। ਉਹਨਾਂ ਦਾ ਸਾਥੀ ਮਰਦਾਨਾ ਉਸ ਸਮੇਂ ਦਾ ਬਹੁਤ ਵੱਡਾ ਰਬਾਬੀ ਸੀ ਜੋ ਰਬਾਬ ਨਾਲ, ਗੁਰੂ ਨਾਨਕ ਦੇਵ ਜੀ ਸੰਗ, ਗੁਰਬਾਣੀ ਦੀਆਂ ਮਿੱਠੀਆਂ ਸੰਗੀਤਕ ਧੁਨਾਂ ਤੇ ਸ਼ਬਦ ਗਾਇਨ ਕਰਦੇ ਸਨ। ਉਹਨਾਂ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਦੇ ਸਮੇਂ ਇਸ ਪ੍ਰੰਪਰਾ ਨੂੰ ਸੱਤਾ ਤੇ ਬਲਵੰਡ ਨੇ ਖੂਬ ਨਿਭਾਇਆ। ਉਹ ਗੁਰੂ ਘਰ ਦੇ ਬੜੇ ਮਸ਼ਹੂਰ ਅਧਿਆਤਮਕ ਢਾਡੀ ਸਨ ਜੋ ਆਪਣੀਆਂ ਵਾਰਾਂ ਤੇ ਗੁਰੂ ਸਾਹਿਬ ਵੱਲੋਂ ਰਚੀ ਗਈ ਬਾਣੀ ਦਾ ਕੀਰਤਨ ਕਰਕੇ, ਸੰਗਤਾਂ ਨੂੰ ਨਿਹਾਲ ਕਰਦੇ ਸਨ। ਇਸ ਤਰ੍ਹਾਂ ਸੰਗਤਾਂ ਗੁਰਬਾਣੀ ਦਾ ਆਨੰਦ ਮਾਣਦੀਆਂ ਤੇ ਸਿੱਖੀ ਸਿਧਾਂਤਾਂ ਨੂੰ ਆਪਣੇ ਲੜ ਬੰਨ੍ਹਦੀਆਂ। ਇਸ ਢੰਗ ਨਾਲ ਸਿੱਖ ਧਰਮ ਦਾ ਪ੍ਰਚਾਰ ਕੀਤਾ ਜਾਂਦਾ ਤੇ ਇਸ ਤਰੀਕੇ ਨੇ ਸਿੱਖ ਧਰਮ ਦੇ ਫੈਲਾਅ ਲਈ ਲੋਕਾਂ 'ਚ ਖਿੱਚ ਪੈਦਾ ਕਰ ਦਿੱਤੀ। ਇਸ ਨਾਲ ਹਿੰਦੂ ਤੇ ਮੁਸਲਮਾਨ, ਸਿੱਖ ਧਰਮ 'ਚ ਪ੍ਰਵਰਤਿਤ ਹੋਣ ਲੱਗੇ। ਇਹ ਗੁਰਬਾਣੀ ਦੀ ਸੰਗੀਤਕ ਵਿਆਖਿਆ, ਗੁਰੂ ਅਰਜਨ ਦੇਵ ਜੀ ਤੱਕ ਨਿਰੰਤਰ ਚਲਦੀ ਰਹੀ। ਇਸ ਨਾਲ ਦੂਸਰੇ ਧਰਮਾਂ ਦੇ ਲੋਕਾਂ 'ਚ ਸਿੱਖ ਧਰਮ ਪ੍ਰਤੀ ਤੇ ਗੁਰੂ ਸਾਹਿਬਾਨ ਪ੍ਰਤੀ, ਨਫਰਤ ਤੇ ਈਰਖਾ ਉਪਜਣ ਲੱਗ ਪਈ ਜੋ ਬਾਅਦ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਰੂਪ 'ਚ ਪ੍ਰਗਟ ਹੋਈ।

ਇਕ ਵਾਰ ਅਕਬਰ ਬਾਦਸ਼ਾਹ ਗੋਇੰਦਵਾਲ ਸਾਹਿਬ ਆਏ, ਉਹਨਾਂ ਨੇ ਵੀ ਸਿੱਖ ਧਰਮ ਦੀ ਸ਼ੋਭਾ ਬਹੁਤ ਸੁਣੀ ਹੋਈ ਸੀ। ਉਹਨਾਂ ਇੱਥੇ ਪੰਗਤ 'ਚ ਜ਼ਮੀਨ ਤੇ ਬੈਠ ਕੇ, ਆਮ ਸੰਗਤ ਨਾਲ, ਗੁਰੂ ਦਾ ਸਾਦਾ ਲੰਗਰ ਛਕਿਆ ਤੇ ਬੜੀ ਖੁਸ਼ੀ ਪ੍ਰਾਪਤ ਕੀਤੀ ਤੇ ਇਸ ਤਰ੍ਹਾਂ ਲੰਗਰ ਛਕਣਾ, ਉਹਨਾਂ ਨੂੰ ਬੜਾ ਚੰਗਾ ਲੱਗਿਆ। ਉਹ ਗੁਰੂ ਅਮਰਦਾਸ ਜੀ ਨੂੰ ਮਿਲਕੇ, ਉਹਨਾਂ ਦੇ ਵਿਅਕਤਿਤਵ ਤੋਂ ਬਹੁਤ ਪ੍ਰਭਾਵਿਤ ਹੋਏ।

ਗੁਰੂ ਅਰਜਨ ਦੇਵ ਜੀ ਦੇ ਦੋਖੀ, ਉਹਨਾਂ ਦੇ ਵੱਡੇ ਭਰਾ ਸ੍ਰੀ ਪ੍ਰਿਥੀ ਚੰਦ ਤੇ ਭਤੀਜਾ ਮਿਹਰਵਾਨ, ਗੁਰੂ ਜੀ ਨਾਲ ਗੁਰਗੱਦੀ ਨਾ ਮਿਲਣ ਕਾਰਨ ਬਹੁਤ ਨਫਰਤ ਕਰਦੇ ਸਨ। ਉਹਨਾਂ ਨੇ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਅਕਬਰ ਬਾਦਸ਼ਾਹ ਕੋਲ ਸ਼ਿਕਾਇਤ ਕੀਤੀ ਕਿ ਮੁਸਲਮਾਨ ਧਰਮ ਵਿਰੁੱਧ ਗੁਰੂ ਜੀ ਨੇ 'ਆਦਿ (ਗੁਰੂ) ਗ੍ਰੰਥ' ਵਿਚ ਕੁਝ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਹਨ। ਇਸ ਸ਼ਿਕਾਇਤ ਦਾ ਬਾਦਸ਼ਾਹ ਅਕਬਰ ਤੇ ਕੋਈ ਅਸਰ ਨਾ ਹੋਇਆ। ਇਸ ਸ਼ਿਕਾਇਤ ਪ੍ਰਤੀ ਉਹਨਾਂ ਨੇ ਸਾਂਈ ਮੀਆਂ ਮੀਰ ਜੀ ਤੋਂ ਸਪਸ਼ਟੀਕਰਨ ਕਰ ਲਿਆ ਕਿ ਇਸ ਤਰ੍ਹਾਂ ਦੀ ਕੋਈ ਟਿੱਪਣੀ ਇਸਲਾਮ ਧਰਮ ਦੇ ਵਿਰੁੱਧ 'ਆਦਿ (ਗੁਰੂ) ਗ੍ਰੰਥ' ਵਿਚ ਕੁਝ ਵੀ ਨਹੀਂ ਹੈ ਤੇ ਇਹੋ ਗੱਲ ਅਕਬਰ ਬਾਦਸ਼ਾਹ ਨੇ ਪ੍ਰਿਥੀ ਚੰਦ ਤੇ ਉਹਨਾਂ ਦੇ ਪੁੱਤਰ ਮਿਹਰਬਾਨ ਨੂੰ ਆਖ ਦਿੱਤੀ। ਬਾਦਸ਼ਾਹ ਨੇ ਸਗੋਂ ਸਿੱਖ ਧਰਮ ਦੀਆਂ ਚੰਗਿਆਈਆਂ ਦੱਸੀਆਂ ਕਿ ਉਹ ਤਾਂ ਮਨੁੱਖੀ ਸ਼ਾਂਤੀ ਲਈ ਸਿੱਖ ਧਰਮ ਦਾ ਪ੍ਰਚਾਰ ਬੜੇ ਸ਼ਾਂਤਮਈ ਤਰੀਕੇ ਨਾਲ ਕਰਕੇ, ਮਾਨਵਤਾ ਨੂੰ ਵਧੀਆ ਜੀਵਨ ਜਿਉਣ ਲਈ ਸੇਧ ਦਿੰਦੇ ਹਨ। ਬਾਦਸ਼ਾਹ ਅਕਬਰ ਨੇ ਗੁਰੂ ਅਰਜਨ ਦੇਵ ਜੀ ਤੇ ਉਹਨਾਂ ਤੋਂ ਪਹਿਲੇ ਸਿੱਖ ਗੁਰੂ ਸਾਹਿਬਾਨ ਦੀ ਬੜੀ ਤਾਰੀਫ ਕੀਤੀ। ਉਹਨਾਂ ਦੀ ਸ਼ਿਕਾਇਤ ਦਾ ਬਾਦਸ਼ਾਹ ਤੇ ਕੋਈ ਅਸਰ ਨਾ ਹੋਇਆ ਕਿਉਂਕਿ ਬਾਦਸ਼ਾਹ ਅਕਬਰ ਦਾ 'ਦੀਨ-ਏ-ਇਲਾਹੀ' ਮੱਤ, ਸਭ ਧਰਮਾਂ ਨੂੰ ਪਿਆਰ ਕਰਨ ਦੀ ਸਿੱਖਿਆ ਦਿੰਦਾ ਸੀ ਤੇ ਨਾਲੇ ਆਪ ਉਹ ਇਕ ਕੱਟੜ ਸ਼ਾਸਕ ਵੀ ਨਹੀਂ ਸੀ। ਗੁਰੂ ਅਰਜਨ ਦੇਵ ਜੀ ਦੇ ਵਿਰੋਧੀਆਂ ਦੀ ਸਾਜ਼ਿਸ਼ ਦਾ ਜਦੋਂ ਬਾਦਸ਼ਾਹ ਅਕਬਰ ਨੂੰ ਪਤਾ ਲੱਗਾ ਤਾਂ ਬਾਦਸ਼ਾਹ ਨੇ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਦੇ ਮਾਧਿਅਮ ਰਾਹੀਂ 51 ਮੋਹਰਾਂ ਭੇਟ ਕਰਕੇ ਅਫਸੋਸ ਪ੍ਰਗਟ ਕੀਤਾ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਵੱਖ-ਵੱਖ ਇਤਿਹਾਸਕਾਰਾਂ ਨੇ ਕਈ ਕਾਰਨ ਦੱਸੇ ਹਨ। ਜਿਵੇਂ:- ਚੰਦੂ ਸ਼ਾਹ ਦੀ ਦੁਸ਼ਮਣੀ, ਪ੍ਰਿਥੀ ਚੰਦ ਦਾ ਗੁਰਗੱਦੀ, ਪ੍ਰਾਪਤ ਨਾ ਕਰ ਸਕਣਾ ਤੇ ਗੁਰੂ ਸਾਹਿਬ ਦਾ ਵਿਰੋਧ ਕਰਨਾ, ਬਾਗੀ ਸ਼ਹਿਜ਼ਾਦੇ, ਖੁਸਰੋ ਦੀ ਮਦਦ ਕਰਨਾ, ਪੰਥ ਦੋਖੀਆਂ ਵੱਲੋਂ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨਾ, 'ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ, ਬਾਦਸ਼ਾਹ ਜਹਾਂਗੀਰ ਦੀ ਨਿੱਜੀ ਸੋਚ ਨਾਲ ਜੁੜੇ ਕੁਝ ਨਿੱਜੀਕਰਨ, ਰਾਜਨੀਤਕ ਕਾਰਨ ਤੇ ਕੁਝ ਫੁਟਕਲ ਕਾਰਨ ਹਨ।

'ਨਕਸ਼ਬੰਦੀ' ਇਸਲਾਮ ਧਰਮ ਦਾ ਇਕ ਕੱਟੜ ਸੂਫੀ ਸਿਲਸਿਲਾ ਸੀ। ਸ਼ੇਖ ਅਹਿਮਦ ਸਰਹੰਦੀ ਇਹਨਾਂ ਦਾ ਮੁਖੀ ਸੀ। ਉਹ ਆਪਣੇ ਸਤਰ ਤੇ ਵਿਅਕਤਿਤਵ ਨੂੰ ਗੁਰੂ ਸਾਹਿਬ ਦੇ ਪੱਧਰ ਤੋਂ ਉਪਰ ਮੰਨਦਾ ਸੀ। ਗੁਰੂ ਅਰਜਨ ਦੇਵ ਜੀ ਪਾਸ ਇਕੱਤਰ ਹੁੰਦੀ ਬਹੁਗਿਣਤੀ 'ਚ ਸੰਗਤ ਤੇ ਸਿੱਖ ਧਰਮ ਦਾ ਹੁੰਦਾ ਫੈਲਾਅ ਦੇਖ ਕੇ ਤੇ ਹਿੰਦੂਆਂ ਤੇ ਮੁਸਲਮਾਨਾਂ ਵੱਲੋਂ ਅਖਵਾਏ ਜਾ ਰਹੇ ਸਿੱਖ ਧਰਮ ਤੋਂ, ਉਹ ਬਹੁਤ ਚਿੰਤਤ ਸੀ ਤੇ ਇਸ ਨੂੰ ਉਹ ਇਸਲਾਮ ਧਰਮ ਲਈ ਖਤਰੇ ਦੀ ਘੰਟੀ ਸਮਝਦਾ ਸੀ। ਦਿਨ ਪ੍ਰਤੀ ਦਿਨ ਸਿੱਖ ਧਰਮ ਦਾ ਫੈਲਾਅ ਹੋ ਰਿਹਾ ਸੀ। ਧਰਮਸਾਲਾਵਾਂ, ਬਾਉਲੀਆਂ ਅਤੇ ਗੁਰਦੁਆਰਿਆਂ ਦੇ ਨਾਲ-ਨਾਲ ਮੰਜੀਦਾਰ ਅਤੇ ਮਸੰਦ ਸੰਸਥਾ ਸਥਾਪਤ ਹੋ ਚੁੱਕੀ ਸੀ। ਚਾਰੇ ਵਰਣਾਂ ਦਾ ਉਪਦੇਸ਼ ਦੇਣ ਵਾਲੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ਹੋ ਚੁੱਕੀ ਸੀ। ਇਸ ਸਭ ਵਰਤਾਰੇ ਨੂੰ ਨਕਸ਼ਬੰਦੀ, ਕੱਟੜਪੰਥੀ ਕਿਸ ਤਰ੍ਹਾਂ ਬਰਦਾਸ਼ਤ ਕਰ ਸਕਦੇ ਸਨ। ਉਹ ਤਾਂ ਸਾਰੇ ਭਾਰਤ ਵਰਸ਼ 'ਚ ਇਸਲਾਮ ਦਾ ਹੀ ਬੋਲਬਾਲਾ ਦੇਖਣਾ ਚਾਹੁੰਦੇ ਸਨ। ਇਸੇ ਲਈ ਹੀ ਤਾਂ ਉਹਨਾਂ ਨੇ ਅਕਬਰ ਬਾਦਸ਼ਾਹ ਦੇ ਕਈ ਵਾਰ ਕੰਨ ਭਰੇ ਤੇ ਕਈ ਤੋਹਮਤਾਂ ਲਾਈਆਂ ਪਰ ਉਹਨਾਂ ਦੀ ਇਕ ਨਾ ਚੱਲੀ। ਜਦੋਂ 1605 ਈਸਵੀ 'ਚ ਬਾਦਸ਼ਾਹ ਅਕਬਰ ਦੀ ਮੌਤ ਹੋ ਗਈ ਤੇ ਰਾਜ ਗੱਦੀ ਪ੍ਰਾਪਤ ਕਰਨ ਲਈ ਕਈ ਧੜੇ ਬਣ ਗਏ ਤੇ ਲੜਾਈ ਝਗੜੇ ਸ਼ੁਰੂ ਹੋ ਗਏ। ਸਲੀਮ ਦੇ ਗੱਦੀ ਪ੍ਰਾਪਤ ਕਰਨ 'ਚ ਸ਼ੇਖ ਫਰੀਦ ਬੁਖਾਰੀ ਨੇ ਬਹੁਤ ਮਦਦ ਕੀਤੀ ਜੋ ਬਾਅਦ 'ਚ (ਸ਼ਹਿਜ਼ਾਦਾ ਸਲੀਮ ਤੋਂ ਜਹਾਂਗੀਰ) ਦੇ ਨਾਮ ਨਾਲ ਪ੍ਰਸਿੱਧ ਹੋਇਆ। ਸ਼ੇਖ ਫਰੀਦ ਬੁਖਾਰੀ ਖੁਦ ਇਕ ਨਕਸ਼ਬੰਦੀ ਪ੍ਰਥਾ ਦਾ ਮੁਖੀ ਸੀ, ਜਿਸ ਦਾ ਮੁਗਲ ਦਰਬਾਰ 'ਚ ਬੜਾ ਅਸਰ-ਰਸੂਖ ਸੀ। ਹੁਣ ਨਕਸ਼ਬੰਦੀਆਂ ਕੋਲ ਸੁਨਹਿਰੀ ਮੌਕਾ ਸੀ ਕਿ ਉਹ ਬਾਦਸ਼ਾਹ ਨੂੰ ਗੁਰੂ ਸਾਹਿਬ ਵਿਰੁੱਧ ਭੜਕਾਉਣ।

ਬਾਦਸ਼ਾਹ ਜਹਾਂਗੀਰ ਨੇ ਤਖ਼ਤ 'ਤੇ ਬੈਠਦਿਆਂ ਸਾਰ ਹੀ, ਇਸਲਾਮ ਧਰਮ ਦਾ ਪ੍ਰਸਾਰ ਕਰਨਾ, ਆਪਣਾ ਪਰਮ-ਧਰਮ ਸਮਝਿਆ। ਉਹ ਇਸਲਾਮ ਧਰਮ ਨੂੰ ਫੈਲਾਉਣ ਲਈ ਵਿਰੋਧੀਆਂ ਨੂੰ ਖਤਮ ਕਰਨ ਲਈ ਵਿਉਂਤਾਂ ਘੜਨ ਲੱਗਾ। ਸਭ ਤੋਂ ਪਹਿਲਾਂ ਉਸ ਨੇ ਅਕਬਰ ਦੁਆਰਾ ਚਲਾਏ ਗਏ 'ਦੀਨ-ਏ-ਇਲਾਹੀ' ਦੀ ਸਰਕਾਰੀ ਸਰਪ੍ਰਸਤੀ ਖਤਮ ਕੀਤੀ ਤੇ ਉਸ ਤੋਂ ਬਾਅਦ ਇਸਲਾਮ ਵਿਰੋਧੀਆਂ ਦਾ ਖਾਤਮਾ ਕਰਨ ਲਈ ਨੀਤੀ ਬਣਾਈ। ਅਕਬਰ ਦੇ ਸਮੇਂ ਗੁਰੂ ਸਾਹਿਬ ਦੇ ਸਬੰਧ, ਉਸ ਨਾਲ ਬੜੇ ਚੰਗੇ ਸਨ ਪਰ ਉਸ ਦੀ ਮੌਤ ਤੋਂ ਬਾਅਦ ਜਹਾਂਗੀਰ ਗੱਦੀ ਤੇ ਬੈਠਦਿਆਂ ਹੀ ਗੁਰੂ ਸਾਹਿਬ ਦੇ ਵਿਰੁੱਧ ਹੋ ਗਿਆ। ਸਿੱਖ ਧਰਮ ਵਿਰੁੱਧ, ਉਸ ਦੀ ਨੀਤੀ, ਆਪਣੀ ਸਵੈ-ਜੀਵਨੀ 'ਤੁਜ਼ਕਿ-ਜਹਾਂਗੀਰੀ' ਤੋਂ ਪਤਾ ਲੱਗਦਾ ਹੈ, ਜਿਸ ਵਿਚ ਉਹ ਆਪਣੀ ਬੁਰੀ ਨੀਅਤ ਖੁਦ ਬਿਆਨ ਕਰਦਾ ਹੈ ਕਿ ਗੋਇੰਦਵਾਲ, ਜਿਹੜਾ ਬਿਆਸ ਨਦੀ ਦੇ ਕੰਢੇ 'ਤੇ ਸਥਿਤ ਹੈ, ਪੀਰਾਂ ਫਕੀਰਾਂ ਦੇ ਲਿਬਾਸ 'ਚ (ਗੁਰੂ) ਅਰਜਨ ਨਾਮੀ ਇਕ ਹਿੰਦੂ ਫਕੀਰ ਸੀ। ਤਿੰਨ-ਚਾਰ ਪੀੜ੍ਹੀਆਂ ਤੋਂ ਉਹਨਾਂ ਦੀ ਇਹ ਝੂਠ ਦੀ ਦੁਕਾਨ (ਦੁਕਾਨੇ ਬਾਤਲ) ਗਰਮ ਸੀ। ਕਈ ਚਿਰਾਂ ਤੋਂ ਮੇਰੇ ਦਿਲ 'ਚ ਖਿਆਲ ਆਉਂਦਾ ਹੈ ਕਿ ਇਸ ਝੂਠ ਦੇ ਵਿਪਾਰ ਨੂੰ, ਬੰਦ ਕਰ ਦੇਵਾਂ ਜਾਂ ਫਿਰ ਉਸ ਨੂੰ ਇਸਲਾਮ 'ਚ ਲੈ ਆਵਾਂ।''

ਬਾਦਸ਼ਾਹ ਜਹਾਂਗੀਰ ਦੇ ਦੇ ਗੱਦੀ ਉਤੇ ਬੈਠਣ ਤੋਂ ਥੋੜ੍ਹਾ ਸਮਾਂ ਬਾਅਦ, ਉਸਦੇ ਪੁੱਤਰ ਖੁਸਰੋ ਨੇ ਬਗਾਵਤ ਕਰ ਦਿੱਤੀ ਤੇ ਉਹ ਲਾਹੌਰ ਨੂੰ ਭੱਜ ਨਿਕਲਿਆ। ਬਿਆਸ ਦਰਿਆ ਪਾਰ ਕਰਕੇ ਗੋਇੰਦਵਾਲ ਸਾਹਿਬ ਵਿਖੇ ਖੁਸਰੋ ਨੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ। ਗੁਰੂ ਸਾਹਿਬ ਨੇ ਖੁਸਰੋ ਦੇ ਮੱਥੇ 'ਤੇ ਤਿਲਕ ਲਗਾਇਆ ਤੇ ਆਸ਼ੀਰਵਾਦ ਵੀ ਦਿੱਤਾ। ਇਸ ਮਿਲਾਪ ਨੂੰ ਜਹਾਂਗੀਰ ਨੇ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ, ਕਾਰਵਾਈ ਕਰਨ ਦੇ ਇਕ ਚੰਗੇ ਮੌਕੇ ਵਜੋਂ ਵਰਤਣ ਦਾ ਮਨ ਬਣਾਇਆ।

ਉਸਨੇ ਗੁਰੂ ਅਰਜਨ ਦੇਵ ਜੀ ਦੀ ਗ੍ਰਿਫਤਾਰੀ ਸਬੰਧੀ ਹੁਕਮ ਦਿੰਦਿਆਂ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਹਾਜ਼ਰ ਕਰਨ ਅਤੇ ਪਾਤਸ਼ਾਹ ਦੇ ਘਰ-ਘਾਟ ਅਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕਰਨ, ਮਾਲ ਅਸਬਾਬ ਜ਼ਬਤ ਕਰਕੇ ਡਰਾਉਣ, ਸਜ਼ਾ ਦੇਣ ਅਤੇ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਜਾਰੀ ਕੀਤਾ। ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਯਾਸਾ-ਏ-ਸਿਆਸਤ ਦੇ ਕਾਨੂੰਨ ਅਧੀਨ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਪਹਿਲਾਂ ਤੱਤੀ ਤਵੀ 'ਤੇ ਬਿਠਾਇਆ, ਸੀਸ ਉਪਰ ਗਰਮ ਰੇਤ ਪਾਈ ਗਈ, ਦੇਗ 'ਚ ਉਬਾਲਿਆ ਗਿਆ। ਇਸ ਤਰ੍ਹਾਂ ਲਗਾਤਾਰ ਤਸੀਹੇ ਦਿੱਤੇ ਜਾਂਦੇ ਰਹੇ। ਅੰਤ 16 ਜੂਨ, 1606 ਈਸਵੀ ਨੂੰ ਰਾਵੀ ਦਰਿਆ 'ਚ ਰੋੜ੍ਹ ਦਿੱਤਾ ਗਿਆ। ਗੁਰੂ ਸਾਹਿਬ ਨੇ ਇਸ ਸਭ ਕੁਝ ਨੂੰ ਉਸ ਪ੍ਰਮਾਤਮਾ ਦਾ ਭਾਣਾ ਮੰਨਦਿਆਂ ਹੋਇਆਂ ਜ਼ਾਲਮ ਹਕੂਮਤ ਦੇ ਹਰ ਤਸੀਹੇ ਨੂੰ ਆਪਣੇ ਪਿੰਡੇ 'ਤੇ ਜਰਿਆ। ਤੱਪਦੀ ਤਵੀ, ਉਨ੍ਹਾਂ ਦੇ ਸ਼ੀਤਲ ਸੁਭਾਅ ਦੇ ਸਾਹਮਣੇ, ਸੁੱਖਦਾਇਕ ਬਣ ਗਈ। ਤੱਪਦੀ ਰੇਤ ਨੇ ਵੀ ਉਹਨਾਂ ਦੀ ਨਿਸ਼ਠਾ ਨੂੰ ਭੰਗ ਨਹੀਂ ਕੀਤਾ। ਗੁਰੂ ਜੀ ਨੇ ਸਭ ਕਸ਼ਟ ਹੱਸਦੇ-ਹੱਸਦੇ ਬਰਦਾਸ਼ਤ ਕੀਤੇ ਅਤੇ ਪ੍ਰਮਾਤਮਾ ਅੱਗੇ ਇਹੀ ਅਰਦਾਸ ਕੀਤੀ:-

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮ ਪਦਾਰਥ ਨਾਨਕ ਮਾਂਗੈ॥

ਜਹਾਂਗੀਰ ਬਾਦਸ਼ਾਹ ਖੁਦ ਆਪਣੀ ਸਵੈ ਜੀਵਨੀ 'ਤੋਜ਼ਕਿ-ਜਹਾਂਗੀਰੀ' ਵਿਚ ਮੰਨਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਗ੍ਰਿਫਤਾਰੀ ਦੇ ਹੁਕਮ ਦਿੱਤੇ ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਪ੍ਰਸਿੱਧੀ ਤੋਂ ਉਸਨੂੰ ਬਹੁਤ ਈਰਖਾ ਸੀ। ਉਹ ਹਿੰਦੂ ਅਤੇ ਮੁਸਲਮਾਨ ਦੋਹਾਂ ਕੌਮਾਂ 'ਚ ਬਹੁਤ ਹਰਮਨ ਪਿਆਰੇ ਸਨ, ਮੇਰਾ ਭਾਵ ਬਾਦਸ਼ਾਹ ਜਹਾਂਗੀਰ ਦੀ ਇਸਲਾਮ ਧਰਮ ਪ੍ਰਤੀ ਕੱਟੜਤਾ ਤੇ ਸਹਿਜ਼ਾਦਾ ਖੁਸਰੋ ਨੂੰ ਪਨਾਹ ਦੇਣਾ, ਗੁਰੂ ਅਰਜਨ ਦੇਵ ਜੀ ਦੇ ਕਤਲ ਦਾ ਮੁੱਖ ਕਾਰਨ ਹਨ। ਉਹ ਖੁਦ ਮੰਨਦਾ ਹੈ ਕਿ ਉਸ ਨੂੰ ਕੱਟੜ ਪੰਥੀਆਂ ਨੇ ਰੱਜ ਕੇ ਗੁੰਮਰਾਹ ਕੀਤਾ ਪਰ ਉਸ ਨੇ ਸਚਾਈ ਨੂੰ ਜਾਨਣ ਲਈ, ਬਾਦਸ਼ਾਹ ਨੇ ਕੋਈ ਕਦਮ ਨਹੀਂ ਚੁੱਕਿਆ ਤੇ ਨਾ ਹੀ ਪੂਰੇ ਹਾਲਾਤਾਂ ਤੇ ਕਾਰਨਾਂ ਦੀ ਘੋਖ ਕਰਨ ਦਾ ਯਤਨ ਕੀਤਾ। ਉਹ ਕੱਟੜ ਪੰਥੀਆਂ ਨੂੰ ਖੁਸ਼ ਕਰਨ ਲਈ ਗਲਤ ਕਦਮ (ਭਾਵ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ) ਕਰਨ ਦਾ ਚੁੱਕਿਆ। ਇਹ ਉਸ ਨੂੰ ਆਪਣੀ ਗਲਤੀ ਦਾ ਮਗਰੋਂ ਅਹਿਸਾਸ ਹੋਇਆ ਕਿ ਉਸ ਨੂੰ ਗੁੰਮਰਾਹ ਕਰਕੇ ਤੇ ਸਚਾਈ ਨਾ ਦੱਸ ਕੇ ਗੁਰੂ ਸਾਹਿਬ ਦਾ ਕਤਲ ਕਰਵਾਇਆ। ਇਹ ਮਹਿਸੂਸ ਕਰਨ ਉਪਰੰਤ ਬਾਦਸ਼ਾਹ ਜਹਾਂਗੀਰ ਨੇ ਛੇਵੇਂ ਗੁਰੂ ਹਰਗੋਬਿੰਦ ਜੀ ਨਾਲ ਨੇੜਤਾ ਕਰ ਲਈ।

ਇਸ ਅਦੁੱਤੀ ਸ਼ਹਾਦਤ ਨੇ ਸਿੱਖ ਧਰਮ ਦੇ ਇਤਿਹਾਸਕ, ਸਿਧਾਂਤਕ ਤੇ ਵਿਹਾਰਕ ਰੂਪ 'ਚ ਤਬਦੀਲੀ ਲਿਆਂਦੀ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਗੱਦੀ ਉਤੇ ਬਿਰਾਜਮਾਨ ਹੋਣ ਸਮੇਂ, ਦੋ ਤਲਵਾਰਾਂ ਇਕ 'ਮੀਰੀ' ਦੀ ਅਤੇ ਇਕ 'ਪੀਰੀ' ਦੀ ਪਹਿਨੀਆਂ ਤਾਂ ਜੋ ਜਬਰ ਤੇ ਜ਼ੁਲਮ ਦਾ ਟਾਕਰਾ ਕੀਤਾ ਜਾ ਸਕੇ। ਭਗਤੀ-ਸ਼ਕਤੀ ਦੇ ਪ੍ਰਤੀਕ 'ਸ੍ਰੀ ਅਕਾਲ ਤਖ਼ਤ ਸਾਹਿਬ' ਦੀ ਸਥਾਪਨਾ ਕੀਤੀ। ਬੀਰ ਰਸੀ ਸਾਹਿਤ 'ਵਾਰਾਂ' ਦਾ ਗਾਇਨ (ਢਾਡੀ ਪ੍ਰੰਪਰਾ) ਆਰੰਭ ਕਰਾਇਆ। ਮੁਗਲ ਫੌਜਾਂ ਦਾ ਮੈਦਾਨ-ਏ-ਜੰਗ 'ਚ ਡੱਟ ਕੇ ਸਾਹਮਣਾ ਕੀਤਾ ਤੇ ਜਿੱਤਾਂ ਪ੍ਰਾਪਤ ਕੀਤੀਆਂ। ਇਸ ਸ਼ਹਾਦਤ ਨੇ ਸਿੱਖੀ ਜਜ਼ਬੇ ਅੰਦਰ ਐਸਾ ਉਤਸ਼ਾਹ ਭਰਿਆ ਕਿ ਸਿੱਖਾਂ ਅੰਦਰ ਜਬਰ ਤੇ ਜ਼ੁਲਮ ਦਾ ਟਾਕਰਾ ਕਰਨ ਦਾ ਅਹਿਸਾਸ ਪੈਦਾ ਹੋਇਆ। ਅੱਜ ਉਹਨਾਂ ਦੇ ਸ਼ਹੀਦੀ ਪੁਰਬ 'ਤੇ ਉਹਨਾਂ ਨੂੰ ਯਾਦ ਕਰਨ ਦਾ ਅਰਥ ਹੈ, ਉਸ ਧਰਮ ਨਿਰਪੱਖ ਵਿਚਾਰਧਾਰਾ ਨੂੰ ਮਾਨਤਾ ਦੇਣਾ ਜਿਸ ਦਾ ਸਮਰਥਨ ਗੁਰੂ ਜੀ ਨੇ ਆਪਣਾ ਬਲੀਦਾਨ ਦੇ ਕੇ ਕੀਤਾ ਹੈ। ਉਹਨਾਂ ਨੇ ਸੰਦੇਸ਼ ਦਿੱਤਾ ਸੀ ਕਿ ਮਹਾਨ ਕਦਰਾਂ ਕੀਮਤਾਂ ਦੇ ਲਈ, ਆਤਮ ਬਲੀਦਾਨ ਦੇਣ ਲਈ ਮਾਨਵ ਨੂੰ ਸਦਾ ਤਿਆਰ ਰਹਿਣਾ ਚਾਹੀਦਾ ਹੈ ਤਾਂ ਹੀ ਕੌਮ ਤੇ ਰਾਸ਼ਟਰ ਆਪਣੇ ਗੌਰਵ ਨਾਲ ਜਿੰਦਾ ਰਹਿ ਸਕਦੇ ਹਨ। ਉਹਨਾਂ ਦੀ ਸ਼ਹੀਦੀ ਨਾਲ ਸਿੱਖ ਕੌਮ ਨੂੰ ਆਪਣੀ ਰੱਖਿਆ, ਆਪਣੇ ਧਰਮ ਦੀ ਰੱਖਿਆ ਤੇ ਜ਼ੁਲਮ ਦਾ ਟਾਕਰਾ ਕਰਨ ਲਈ, ਨਵੀਂ ਸੋਚ ਦਾ ਆਧਾਰ ਮਿਲਿਆ ਜੋ ਅੱਗੇ ਚੱਲ ਕੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ 'ਚ 'ਪੰਜ-ਪਿਆਰਿਆਂ' ਦੀ ਸਥਾਪਨਾ ਕਰਕੇ 'ਪੰਥ-ਖਾਲਸਾ' ਦੇ ਰੂਪ 'ਚ ਪ੍ਰਗਟ ਹੋਇਆ। ਮੇਰੀ ਸਮੂਹ ਮਾਨਵਤਾ ਨੂੰ ਪੁਰਜ਼ੋਰ ਸ਼ਬਦਾਂ 'ਚ ਬੇਨਤੀ ਹੈ ਕਿ ਅੱਜ ਗੁਰੂ ਸਾਹਿਬ ਜੀ ਦੇ ਸ਼ਹੀਦੀ ਪੁਰਬ 'ਤੇ ਉਹਨਾਂ ਨੂੰ ਯਾਦ ਕਰਦਿਆਂ ਮਨੁੱਖੀ ਅਧਿਕਾਰਾਂ, ਅਨਿਆ ਵਿਰੁੱਧ ਚੇਤਨਤਾ, ਜਾਤ-ਪਾਤ ਦਾ ਖੰਡਨ, ਮਨੁੱਖੀ ਬਰਾਬਰੀ ਲਈ 'ਸਮਾਜਿਕ-ਬਰਾਬਰੀ' ਦੇ ਸਿਧਾਂਤ 'ਤੇ ਸਿੱਖ ਧਰਮ ਦੇ ਸਿਧਾਂਤਾਂ ਨੂੰ ਆਪਣੇ ਵਿਵਹਾਰਿਕ ਜੀਵਨ ਦਾ ਹਿੱਸਾ ਬਣਾਈਏ।

# ਚੀਨ ਦਾ ਪਹਿਲਾ ਸੋਲਰ-ਟਾਈਡਲ ਫੋਟੋਵੋਲਟੇਇਕ ਪਾਵਰ ਪਲਾਂਟ ਪੂਰੀ ਤਰ੍ਹਾਂ ਚਾਲੂ ਅਤੇ ਭਾਰਤ ਦੀ ਲੋੜ

75 ਸਾਲਾਂ ਦੇ ਬਾਅਦ ਚੀਨ ਸੰਸਾਰ ਵਿੱਚ ਆਪਣਾ ਦਮਦਾਰ ਪੱਕਾ ਨਿੱਜੀ ਸਥਾਨ ਰਖਦੇ ਹੋਏ ਸੰਸਾਰ ਦੀ ਮਹਾਂ ਸ਼ਕਤੀਆਂ ਦੇ ਬਰਾਬਰ ਆ ਖੜਾ ਹੈ, ਜਿਥੇ ਭਾਰਤ ਦੀ ਸਥਿਤੀ ਥਾਲੀ ਦੇ ਬੈਂਗਣ ਵਰਗੀ ਹੈ ਕਦੇ ਨਿਰਪੱਖ, ਕਦੇ ਅਮਰੀਕਾ ਵੱਲ ਕਦੇ ਰੂਸ ਵੱਲ। ਇਹ ਹਾਲਾਤ ਪੈਦਾ ਕਰਨ ਲਈ ਭਾਰਤ ਨੂੰ ਦਿਸ਼ਾ ਨਿਰਦੇਸ਼ ਦੇ ਵਾਲੇ ਸ਼ਾਸ਼ਕ ਅਤੇ ਸ਼ਾਸ਼ਕ ਵਰਗ ਦੇ ਕਾਰਨ ਹੀ ਹਨ। ਚੀਨ ਧਰਾਤਲ ਦੇ ਤੋਰ ਤੇ ਭਾਰਤ ਨਾਲੋਂ 3 ਗੁਣਾ ਵੱਧ ਵੱਡਾ ਹੋਣ ਕਾਰਨ ਉਸਦੇ ਕੁਦਰਤੀ ਸਾਧਨ ਸੰਸਾਧਨ ਵੀ ਭਾਰਤ ਨਾਲੋਂ ਤਿੰਨ ਗੁਣਾ ਜਿਆਦਾ ਹੀ ਹਨ, ਕਰੰਸੀ ਤਾਂ 10ਗੁਣਾ ਵੱਧ ਕੀਮਤ ਰਖਦੀ ਹੈ।

ਹਾਈਬ੍ਰਿਡ ਊਰਜਾ ਪਾਵਰ ਸਟੇਸ਼ਨ ਲਗਭਗ 28,716 ਟਨ ਸਟੈਂਡਰਡ ਕੋਲੇ ਦੀ ਬਚਤ ਕਰੇਗਾ ਅਤੇ ਕਾਰਬਨ ਡਾਈਆਕਸਾਈਡ ਦੇ ਨਿਕਾਸ ਨੂੰ 76,638 ਟਨ ਸਾਲਾਨਾ ਘਟਾਏਗਾ। ਭਾਰਤ ਨੂੰ ਅਗਰ ਚੀਨ ਦੇ ਬਰਾਬਰ ਆਉਣਾ ਹੈ ਤਾਂ ਉਸ ਨੂੰ ਚੀਨ ਨਾਲੋ ਕਈ ਗੁਣਾ ਵੱਧ ਅਜਿਹੇ ਪਰੋਜਾਕਟਲਾਉਣ ਦੀ ਲੋੜ ਹੈ।

ਪੂਰਬੀ ਚੀਨ ਦੇ ਝੇਜਿਆਂਗ ਸੂਬੇ ਦੇ ਵੇਨਲਿੰਗ ਸ਼ਹਿਰ ਵਿੱਚ ਸੋਮਵਾਰ ਨੂੰ ਸੂਰਜੀ ਅਤੇ ਟਾਈਡਲ ਪਾਵਰ ਦੀ ਵਰਤੋਂ ਕਰਨ ਵਾਲਾ ਚੀਨ ਦਾ ਪਹਿਲਾ ਹਾਈਬ੍ਰਿਡ ਊਰਜਾ ਪਾਵਰ ਸਟੇਸ਼ਨ ਪੂਰੀ ਤਰ੍ਹਾਂ ਚਾਲੂ ਹੋ ਗਿਆ।ਇਹ ਪ੍ਰੋਜੈਕਟ ਬਿਜਲੀ ਉਤਪਾਦਨ ਲਈ ਪੂਰਕ ਤਰੀਕੇ ਨਾਲ ਦੋ ਹਰੀ ਊਰਜਾ ਸਰੋਤਾਂ ਦੀ ਵਰਤੋਂ ਕਰਨ ਲਈ ਦੇਸ਼ ਦੀ ਨਵੀਨਤਮ ਪਹੁੰਚ ਨੂੰ ਦਰਸਾਉਂਦਾ ਹੈ।

100 ਮੈਗਾਵਾਟ ਦੀ ਸਥਾਪਿਤ ਸਮਰੱਥਾ ਦੇ ਨਾਲ, ਪਾਵਰ ਪਲਾਂਟ ਨਵਿਆਉਣਯੋਗ ਊਰਜਾ ਦੀ ਵਰਤੋਂ ਲਈ ਵਧੇਰੇ ਸਥਿਰਤਾ ਨੂੰ ਯਕੀਨੀ ਬਣਾਉਂਦਾ ਹੈ। ਕਿਉਂਕਿ ਸੂਰਜੀ ਊਰਜਾ ਦੀ ਸਪਲਾਈ ਰੁਕ-ਰੁਕ ਕੇ ਹੁੰਦੀ ਹੈ ਅਤੇ ਸੂਰਜ ਦੇ ਡੁੱਬਣ 'ਤੇ ਅਣਉਪਲਬਧ ਹੁੰਦੀ ਹੈ, ਇਸ ਲਈ ਰਾਤ ਦੇ ਸਮੇਂ ਬਿਜਲੀ ਦੀ ਸਪਲਾਈ ਕਰਕੇ ਸਮੁੰਦਰੀ ਲਹਿਰਾਂ ਇਸਦੀ ਥਾਂ ਲੈ ਸਕਦੀਆਂ ਹਨ। ਚੰਦਰਮਾ ਦੀ ਗੰਭੀਰਤਾ ਸਮੁੰਦਰਾਂ ਵਿੱਚ ਲਹਿਰਾਂ ਦਾ ਕਾਰਨ ਬਣਦੀ ਹੈ।

ਚਾਈਨਾ ਐਨਰਜੀ ਗਰੁੱਪ ਦੇ ਕਾਰਜਕਾਰੀ ਉਪ ਪ੍ਰਧਾਨ ਫੇਂਗ ਸ਼ੁਚੇਨ ਨੇ ਚਾਈਨਾ ਮੀਡੀਆ ਗਰੁੱਪ (ਸੀਐਮਜੀ) ਨੂੰ ਦੱਸਿਆ, "ਪ੍ਰੋਜੈਕਟ ਨੇ ਸੂਰਜ ਦੀ ਰੌਸ਼ਨੀ ਅਤੇ ਪਾਣੀ .ਜਵਾਰੀਆਂ॥ ਦੋਵਾਂ ਦੀ ਵਰਤੋਂ ਕਰਕੇ ਟਾਈਡਲ ਅਤੇ ਫੋਟੋ-ਵੋਲਟੇਇਕ ਪਾਵਰ ਉਤਪਾਦਨ ਦਾ ਤਾਲਮੇਲ ਕਰਕੇ ਨਵੀਂ ਊਰਜਾ ਦੀ ਵਿਆਪਕ ਵਰਤੋਂ ਦਾ ਨਵਾਂ ਮਾਡਲ ਬਣਾਇਆ ਹੈ।"। "ਇਸਨੇ ਢਾਂਚਾਗਤ ਊਰਜਾ ਸੁਧਾਰਾਂ ਅਤੇ ਉਦਯੋਗਿਕ ਅੱਪਗਰੇਡਿੰਗ ਨੂੰ ਤੇਜ਼ ਕਰਨ ਲਈ ਨਵੀਨਤਾ ਅਤੇ ਵਿਕਾਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਤਸ਼ਾਹਿਤ ਕੀਤਾ ਹੈ।"

ਪਾਵਰ ਪਲਾਂਟ 185,000 ਸਥਾਪਿਤ ਫੋਟੋ-ਵੋਲਟੇਇਕ ਮਾਡਿਊਲਾਂ ਦੇ ਨਾਲ 133 ਹੈਕਟੇਅਰ ਤੋਂ ਵੱਧ ਵਿੱਚ ਬਣਾਇਆ ਗਿਆ ਹੈ। ਲਗਭਗ 30,000 ਸ਼ਹਿਰੀ ਘਰਾਂ ਦੀ ਸਾਲਾਨਾ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ ਇਸਦਾ ਸਾਲਾਨਾ ਉਤਪਾਦਨ 100 ਮਿਲੀਅਨ ਕੱਹ ਤੋਂ ਵੱਧ ਹੋਵੇਗਾ। ਸਮਾਨ ਆਕਾਰ ਦੇ ਥਰਮਲ ਪਾਵਰ ਪਲਾਂਟ ਦੇ ਮੁਕਾਬਲੇ, ਹਾਈਬ੍ਰਿਡ ਊਰਜਾ ਪਾਵਰ ਸਟੇਸ਼ਨ ਲਗਭਗ 28,716 ਟਨ ਸਟੈਂਡਰਡ ਕੋਲੇ ਦੀ ਬਚਤ ਕਰੇਗਾ ਅਤੇ ਕਾਰਬਨ ਡਾਈਆਕਸਾਈਡ ਦੇ ਨਿਕਾਸ ਨੂੰ 76,638 ਟਨ ਸਾਲਾਨਾ ਘਟਾਏਗਾ।

**ਭਾਰਤ ਦੀ ਅਬਾਦੀ ਅਤੇ ਸੰਸਾਧਨ**

ਵਿਸ਼ਵ ਆਬਾਦੀ ਦੇ 17।7% ਦੇ ਬਰਾਬਰ ਹੈ। ਆਬਾਦੀ ਦੇ ਹਿਸਾਬ ਨਾਲ ਦੇਸ਼ਾਂ (ਅਤੇ ਨਿਰਭਰਤਾਵਾਂ) ਦੀ ਸੂਚੀ ਵਿੱਚ ਭਾਰਤ ਦਾ ਨੰਬਰ 2 ਹੈ।

ਭਾਰਤ ਵਿੱਚ ਆਬਾਦੀ ਦੀ ਘਣਤਾ 464 ਪ੍ਰਤੀ ਕਿਲੋਮੀਟਰ 2 (1,202 ਲੋਕ ਪ੍ਰਤੀ m2) ਹੈ। ਕੁੱਲ ਜ਼ਮੀਨੀ ਖੇਤਰ 2,973,190 Km2 (1,147,955 ਵਰਗ ਮੀਲ) ਹੈ।ਆਬਾਦੀ ਦਾ 35।0% ਸ਼ਹਿਰੀ ਹੈ (2020 ਵਿੱਚ 483,098,640 ਲੋਕ)ਭਾਰਤ ਵਿੱਚ ਔਸਤ ਉਮਰ 28।4 ਸਾਲ ਹੈ।



ਪੂਰਬੀ ਚੀਨ ਦੇ ਝੇਜਿਆਂਗ ਪ੍ਰਾਂਤ ਦੇ ਵੇਨਲਿੰਗ ਸਹਿਰ ਵਿੱਚ ਸੂਰਜੀ ਅਤੇ ਸਮੁੰਦਰੀ ਊਰਜਾ ਦੋਵਾਂ ਦੀ ਵਰਤੋਂ ਕਰਨ ਵਾਲਾ ਚੀਨ ਦਾ ਪਹਿਲਾ ਹਾਈਬ੍ਰਿਡ ਊਰਜਾ ਫੋਟੋਵੋਲਟੇਇਕ ਪਾਵਰ ਸਟੇਸਨ 30 ਮਈ, 2022 ਨੂੰ ਪੂਰੀ ਤਰ੍ਹਾਂ ਚਾਲੂ ਹੈ।

2011 ਵਿੱਚ ਭਾਰਤ ਦੀ ਆਬਾਦੀ ਦੀ ਘਣਤਾ 382 ਪ੍ਰਤੀ ਵਰਗ ਕਿਲੋਮੀਟਰ ਸੀ-ਦਸ਼ਕ ਵਿੱਚ 17।72 ਪ੍ਰਤੀਸ਼ਤ ਵਾਧਾ। 1991 ਅਤੇ 2011 ਦਰਮਿਆਨ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਆਬਾਦੀ ਦੀ ਘਣਤਾ ਵਧੀ ਹੈ।

ਭਾਰਤ ਦਾ ਕੁੱਲ ਖੇਤਰ 3,287,263 km2 (1,269,219 ਵਰਗ ਮੀਲ)ਦੇ ਖੇਤਰ ਨੂੰ ਕਵਰ ਕਰਦੇ ਹੋਏ, ਇਹ ਦੁਨੀਆ ਦਾ 7ਵਾਂ ਜਾਂ ਚੌਥਾ ਸਭ ਤੋਂ ਵੱਡਾ ਦੇਸ਼ ਹੈ।

**ਸੰਯੁਕਤ ਰਾਸ਼ਟਰ ਦੇ ਤਾਜ਼ਾ ਅੰਕੜਿਆਂ ਦੇ ਵਰਲਡ**

ਮੀਟਰ ਵਿਸਤਾਰ ਦੇ ਆਧਾਰ 'ਤੇ, ਮੰਗਲਵਾਰ, 31 ਮਈ, 2022 ਤੱਕ ਭਾਰਤ ਦੀ ਮੌਜੂਦਾ ਆਬਾਦੀ 1,405,865,678 ਹੈ। ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਨੁਸਾਰ ਭਾਰਤ 2020 ਦੀ ਆਬਾਦੀ 1,380,004,385 ਸਾਲ ਦੇ ਮੱਧ ਤੱਕ ਅਨੁਮਾਨਿਤ ਹੈ।ਭਾਰਤ ਦੀ ਆਬਾਦੀ ਕੁੱਲ

**ਚੀਨ ਦੀ ਆਬਾਦੀਅਤੇ ਸੰਸਾਧਨ**

ਚੀਨ ਪੰਜ ਭੂਗੋਲਿਕ ਸਮਾਂ ਖੇਤਰਾਂ ਵਿੱਚ ਫੈਲਿਆ ਹੋਇਆ ਹੈ ਅਤੇ 14 ਦੇਸ਼ਾਂ ਦੀਆਂ ਸਰਹੱਦਾਂ ਨਾਲ ਜੁੜਿਆ ਹੋਇਆ ਹੈ, ਰੂਸ ਤੋਂ ਬਾਅਦ ਦੁਨੀਆ ਦੇ ਕਿਸੇ ਵੀ ਦੇਸ਼ ਵਿੱਚੋਂ ਦੂਜਾ ਸਭ ਤੋਂ ਵੱਧ। ਲਗਭਗ 9.6 ਮਿਲੀਅਨ ਵਰਗ ਕਿਲੋਮੀਟਰ (3,700,000 ਵਰਗ ਮੀਲ) ਦੇ ਖੇਤਰ ਨੂੰ ਕਵਰ ਕਰਦੇ ਹੋਏ, ਇਹ ਦੁਨੀਆ ਦਾ ਤੀਜਾ ਜਾਂ ਚੌਥਾ ਸਭ ਤੋਂ ਵੱਡਾ ਦੇਸ਼ ਹੈ। (ਹਾਂਗਕਾਂਗ ਅਤੇ ਮਕਾਊ)। ਰਾਸ਼ਟਰੀ ਰਾਜਧਾਨੀ ਬੀਜਿੰਗ ਹੈ ਅਤੇ ਸਭ ਤੋਂ ਵੱਡਾ ਸ਼ਹਿਰ ਸ਼ੰਘਾਈ ਹੈ।

ਸੰਯੁਕਤ ਰਾਸ਼ਟਰ ਦੇ ਤਾਜ਼ਾ ਅੰਕੜਿਆਂ ਦੇ ਵਰ-ਲਡਮੀਟਰ ਵਿਸਤਾਰ ਦੇ ਆਧਾਰ 'ਤੇ ਚੀਨ ਦੀ ਮੌਜੂਦਾ ਆਬਾਦੀ ਮੰਗਲਵਾਰ, 31 ਮਈ, 2022 ਤੱਕ 1,449,917,541 ਹੈ। ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਨੁਸਾਰ ਚੀਨ 2020 ਦੀ ਆਬਾਦੀ ਦਾ ਅੰਦਾਜ਼ਾ 1,439,323,776 ਲੋਕ ਹੈ।ਚੀਨ ਦੀ ਆਬਾਦੀ ਕੁੱਲ ਵਿਸ਼ਵ ਆਬਾਦੀ ਦੇ 18.47% ਦੇ ਬਰਾਬਰ ਹੈ। ਚੀਨ ਆਬਾਦੀ ਦੁਆਰਾ ਦੇਸ਼ਾਂ (ਅਤੇ ਨਿਰਭਰਤਾ) ਦੀ ਸੂਚੀ ਵਿੱਚ ਨੰਬਰ 1 ਹੈ। ਚੀਨ ਵਿੱਚ ਆਬਾਦੀ ਦੀ ਘਣਤਾ 153 ਪ੍ਰਤੀ ਕਿਲੋਮੀਟਰ 2 (397 ਲੋਕ ਪ੍ਰਤੀ ਮੀਲ2) ਹੈ। ਕੁੱਲ ਜ਼ਮੀਨੀ ਖੇਤਰ 9,388,211 ਕਿਲੋਮੀਟਰ 2 (3,624,807 ਵਰਗ ਮੀਲ) ਹੈ। ਆਬਾਦੀ ਦਾ 60.8% ਸ਼ਹਿਰੀ ਹੈ (2020 ਵਿੱਚ 875,075,919 ਲੋਕ)ਚੀਨ ਵਿੱਚ ਔਸਤ ਉਮਰ 38.4 ਸਾਲ ਹੈ।



ਹਰਦੀਪ ਸਿੰਘ ਚੁੰਬਰ
+91-94636-01616

ਭਾਰਤ ਦਾ ਧਰਾਤਲ 1,269,219 ਵਰਗ ਮੀਲ, ਅਤੇ ਚੀਨ ਦਾ 3,700,000 ਵਰਗ ਮੀਲ ਭਾਰਤ ਦੇ 3 ਗੁਣਾਂ ਤੋਂ ਵੀ ਜਿਆਦਾ ਹੈ। ਭਾਰਤ ਦੀ ਮੌਜੂਦਾ ਆਬਾਦੀ 1,405,865,678 ਅਤੇ ਚੀਨਦੀ ਮੌਜੂਦਾ ਆਬਾਦੀ 1,449,917,541 ਹੈ। ਜਿਸ ਵਿੱਚ ਵੱਡਾ ਅੰਤਰ ਨਹੀਂ ਹੈ। ਭਾਰਤ ਵਿੱਚ ਆਬਾਦੀ ਦੀ ਘਣਤਾ 464 ਪ੍ਰਤੀ ਕਿਲੋਮੀਟਰ 2 (1,202 ਲੋਕ ਪ੍ਰਤੀ mI2) ਹੈ।ਚੀਨ ਵਿੱਚ ਆਬਾਦੀ ਦੀ ਘਣਤਾ 153 ਪ੍ਰਤੀ ਕਿਲੋਮੀਟਰ 2 (397 ਲੋਕ ਪ੍ਰਤੀ ਮੀਲ 2) ਹੈ। ਡਾਲਰ ਦੇ ਮੁਕਾਬਲੇ ਚੀਨ ਦੇ ਕਰੰਸੀ ਭਾਰਤ ਦੀ ਕਰੰਸੀ ਨਾਲੋ 10 ਗੁਣਾ ਵੱਧ ਕੀਮਤ ਰਖਦੀ ਹੈ। ਚੀਨ ਧਰਾਤਲ ਦੇ ਤੋਰ ਤੇ ਭਾਰਤ ਨਾਲੋਂ 3 ਗੁਣਾ ਵੱਧ ਵੱਡਾ ਹੋਣ ਕਾਰਨ ਉਸਦੇ ਕੁਦਰਤੀ ਸਾਧਨ ਸੰਸਾਧਨ ਵੀ ਭਾਰਤ ਨਾਲੋਂ ਤਿੰਨ ਗੁਣਾ ਜਿਆਦਾ ਹੀ ਹਨ, ਕਰੰਸੀ ਤਾਂ 10 ਗੁਣਾ ਵੱਧ ਕੀਮਤ ਰਖਦੀ ਹੈ। 75 ਸਾਲਾਂ ਦੇ ਬਾਅਦ ਚੀਨ ਸੰਸਾਰ ਵਿੱਚ ਆਪਣਾ ਦਮਦਾਰ ਪੱਕਾ ਨਿੱਜੀ ਸਥਾਨ ਰਖਦੇ ਹੋਏ ਸੰਸਾਰ ਦੀ ਮਹਾਂ ਸ਼ਕਤੀਆਂ ਦੇ ਬਰਾਬਰ ਆ ਖੜਾ ਹੈ, ਜਿਥੇ ਭਾਰਤ ਦੀ ਸਥਿਤੀ ਥਾਲੀ ਦੇ ਬੈਂਗਣ ਵਰਗੀ ਹੈ ਕਦੇ ਨਿਰਪੱਖ, ਕਦੇ ਅਮਰੀਕਾ ਵੱਲ ਕਦੇ ਰੂਸ ਵੱਲ। ਇਹ ਹਾਲਾਤ ਪੈਦਾ ਕਰਨ ਲਈ ਭਾਰਤ ਨੂੰ ਦਿਸ਼ਾ ਨਿਰਦੇਸ਼ ਦੇ ਵਾਲੇ ਸ਼ਾਸ਼ਕ ਅਤੇ ਸ਼ਾਸ਼ਕ ਵਰਗ ਦੇ ਕਾਰਨ ਹੀ ਹਨ। ਪਿਛਲੇ 10 ਸਾਲਾਂ ਦੌਰਾਨ ਭਾਰਤ ਯੁਨਾਈਟਡ ਰਾਸ਼ਟਰ ਦੇ ਅੰੜਿਆਂ ਵਿੱਚ ਹੋਰ ਹੇਠਾਂ ਖਿਸਕ ਗਿਆ ਹੈ।

ਭਾਰਤ ਨੂੰ ਮੌਜੂਦਾ ਈਵੀਐਮ ਚੋਣ ਪ੍ਰਨਾਲੀ ਬਦਲਣ ਦੀ ਲੋੜ ਹੈ, ਜਿਸ ਦੁਆਰਾ ਚੁਣੀ ਹੋਈ ਧਰਮ ਨਿਰਪੱਖ ਲੋਕਤਾਂਤਰਿਕ ਨੀਮ ਡਿਕਟੇਟਰਸ਼ਿਪ ਸਰਕਾਰ ਹੀ ਸਮੇਂ ਦੀ ਮੰਗ ਹੈ।

# ਪੰਜਾਬੀ ਜੁੱਤੀ ਵੇਚਣ ਵਾਲੇ ਦੇ ਬੇਟੇ ਨੇ ਕੀਤਾ ਕਮਾਲ, ਹੁਣ UPSC ਪਾਸ ਕਰਕੇ ਬਣੇਗਾ ਅਫਸਰ

ਪੰਜਾਬੀ ਜੁੱਤੀ ਬਣਾਉਣ ਵਾਲੇ ਦੇ ਬੇਟੇ ਨੇ UPSC 'ਚ 218ਵਾਂ ਰੈਂਕ ਹਾਸਲ ਕੀਤਾ, ਪਿਤਾ ਕੋਲ ਪੜ੍ਹਾਈ ਪੂਰੀ ਕਰਨ ਲਈ ਪੈਸੇ ਨਹੀਂ ਸਨ

ਪੰਜਾਬ ਦੇ ਫਰੀਦਕੋਟ ਵਿੱਚ ਇੱਕ ਜੁੱਤੀ ਵੇਚਣ ਵਾਲੇ ਦੇ ਪੁੱਤਰ ਨੇ ਫੰਛਦੀ ਪ੍ਰੀਖਿਆ ਪਾਸ ਕੀਤੀ ਹੈ। ਖਾਸ ਗੱਲ ਇਹ ਹੈ ਕਿ ਉਨ੍ਹਾਂ ਦੇ ਬੇਟੇ ਅਭਿਸ਼ੇਕ ਨੇ ਘਰ ਰਹਿ ਕੇ ਹੀ ਇਸ ਦੀ ਤਿਆਰੀ ਕੀਤੀ ਸੀ। ਬੇਟੇ ਦੀ ਸਫਲਤਾ ਤੋਂ ਬਾਅਦ ਪਿਤਾ ਨੇ ਕਿਹਾ ਕਿ ਅਭਿਸ਼ੇਕ ਨੇ ਉਨ੍ਹਾਂ ਦਾ ਸੁਪਨਾ ਸਾਕਾਰ ਕੀਤਾ ਹੈ

ਇੱਕ ਕਹਾਵਤ ਹੈ ਕਿ ਜਿੱਥੇ ਇੱਛਾ ਹੈ ਉੱਥੇ ਇੱਕ ਰਸਤਾ ਹੈ। ਜੇਕਰ ਤੁਸੀਂ ਕਿਸੇ ਵੀ ਸਥਾਨ 'ਤੇ ਪਹੁੰਚਣਾ ਚਾਹੁੰਦੇ ਹੋ, ਤਾਂ ਤੁਹਾਨੂੰ ਸਖ਼ਤ ਮਿਹਨਤ ਕਰਨੀ ਪਵੇਗੀ। ਅਜਿਹਾ ਹੀ ਕੰਮ ਪੰਜਾਬ ਦੇ ਫਰੀਦਕੋਟ ਦੇ ਰਹਿਣ ਵਾਲੇ ਅਭਿਸ਼ੇਕ ਨੇ ਕੀਤਾ, ਜਿਸ ਨੇ UPSP ਦੀ ਪ੍ਰੀਖਿਆ 'ਚ 218ਵਾਂ ਰੈਂਕ ਹਾਸਲ ਕੀਤਾ ਹੈ। ਅਭਿਸ਼ੇਕ ਦੇ ਪਿਤਾ ਜੁੱਤੀ ਬਣਾਉਣ ਦਾ ਕੰਮ ਕਰਦੇ ਹਨ।

ਫਰੀਦਕੋਟ ਦੇ ਇੱਕ ਛੋਟੇ ਜਿਹੇ ਇਲਾਕੇ ਕੋਟਕਪੂਰਾ ਵਿੱਚ, ਇੱਕ ਪੰਜਾਬੀ ਜੁੱਤੀ ਨਿਰਮਾਤਾ ਦੇ ਪੁੱਤਰ ਨੇ ਆਪਣੇ ਪਿਤਾ ਦੇ ਯੂਪੀਐਸਸੀ ਇਸ ਦੇ ਨਾਲ ਹੀ ਅਭਿਸ਼ੇਕ ਨੇ ਇਲਾਕੇ ਅਤੇ ਸ਼ਹਿਰ ਦਾ ਨਾਂ ਵੀ ਰੋਸ਼ਨ ਕੀਤਾ ਹੈ। ਯੂਪੀਐਸਸੀ ਦੇ ਨਤੀਜੇ ਤੋਂ ਬਾਅਦ ਇਲਾਕੇ ਦੇ ਲੋਕਾਂ ਨੇ ਅਭਿਸ਼ੇਕ ਦਾ ਫੁੱਲਾਂ ਦੀ ਵਰਖਾ ਕਰਕੇ ਢੋਲ ਅਤੇ ਢੋਲ ਨਾਲ ਸਵਾਗਤ ਕੀਤਾ। ਅਭਿਸ਼ੇਕ ਨੇ ਭਾਰਤੀ ਵਿਦੇਸ਼ ਸੇਵਾ ਨੂੰ ਚੁਣਿਆ ਹੈ।

ਅਭਿਸ਼ੇਕ ਦੀ ਇਸ ਕਾਮਯਾਬੀ 'ਤੇ ਉਸ ਦੇ ਪਿਤਾ ਰੋਸ਼ਨ ਲਾਲ ਨੂੰ ਬਹੁਤ ਮਾਣ ਹੈ।

ਅਭਿਸ਼ੇਕ ਦੀ ਇਸ ਕਾਮਯਾਬੀ 'ਤੇ ਉਸ ਦੇ ਪਿਤਾ ਰੋਸ਼ਨ ਲਾਲ ਨੂੰ ਬਹੁਤ ਮਾਣ ਹੈ। ਪਿਤਾ ਨੇ ਕਿਹਾ ਕਿ ਮੇਰਾ ਬੇਟਾ ਆਈਏਐਸ ਅਫਸਰ ਬਣਿਆ, ਇਹ ਮੇਰਾ ਸੁਪਨਾ ਸੀ ਜੋ ਅੱਜ ਪੂਰਾ ਹੋਇਆ। ਉਨ੍ਹਾਂ ਕਿਹਾ, "ਕੱਲ੍ਹ ਤੱਕ ਅਸੀਂ ਦੂਜਿਆਂ ਲਈ ਤਾੜੀਆਂ ਵਜਾਉਂਦੇ ਹਨ, ਸਾਡੀ ਦੀਵਾਲੀ ਮੰਨੀ ਜਾਂਦੀ ਹੈ।

ਅਭਿਸ਼ੇਕ ਦੇ ਪਿਤਾ ਨੇ ਦੱਸਿਆ ਕਿ ਉਹ ਮੱਧ ਵਰਗੀ ਪਰਿਵਾਰ ਤੋਂ ਆਉਂਦਾ ਹੈ ਪਰ ਘਰ ਦੇ ਸਾਰੇ ਲੋਕ ਪੜ੍ਹੇ-ਲਿਖੇ ਹਨ ਅਤੇ ਉਹ ਖੁਦ ਵੀ ਗ੍ਰੈਜੁਏਟ ਹਨ। ਉਸ ਨੇ ਕੀਤਾ ਗਿਆ ਹੈ। ਫਰੀਦਕੋਟ ਦੇ ਇੱਕ ਪੰਜਾਬੀ ਜੁੱਤੀ ਨਿਰਮਾਤਾ ਦੇ ਪੁੱਤਰ ਨੇ UPSC ਵਿੱਚ 218ਵਾਂ ਰੈਂਕ ਹਾਸਲ ਕੀਤਾ ਹੈ। ਇਮਤਿਹਾਨ ਪਾਸ ਕਰਨ ਵਾਲੇ ਅਭਿਸ਼ੇਕ ਨੇ ਨਾ ਸਿਰਫ ਆਪਣੇ ਪਿਤਾ ਦਾ ਸੁਪਨਾ ਪੂਰਾ ਕੀਤਾ ਹੈ, ਸਗੋਂ ਆਪਣੇ ਸ਼ਹਿਰ ਦਾ ਨਾਂ ਵੀ ਰੋਸ਼ਨ ਕੀਤਾ ਹੈ।



ਕਿਹਾ ਜਾਂਦਾ ਹੈ ਕਿ 'ਜਿੱਥੇ ਇੱਛਾ ਹੈ ਉੱਥੇ ਰਾਹ ਹੈ'। ਜੇਕਰ ਤੁਸੀਂ ਕਿਸੇ ਵੀ ਸਥਾਨ 'ਤੇ ਪਹੁੰਚਣਾ ਚਾਹੁੰਦੇ ਹੋ, ਤਾਂ ਤੁਹਾਨੂੰ ਸਖ਼ਤ ਮਿਹਨਤ ਕਰਨੀ ਪਵੇਗੀ। ਪੜ੍ਹਾਈ 'ਚ ਸਫਲਤਾ ਦੇ ਸਿਖਰ 'ਤੇ ਪਹੁੰਚਣ ਲਈ ਕਿਸੇ ਵੱਡੇ ਘਰ ਜਾਂ ਧਨ-ਦੌਲਤ ਦੀ ਲੋੜ ਨਹੀਂ ਹੈ, ਸਿਰਫ਼ ਲਗਨ ਦੀ ਲੋੜ ਹੈ। ਕੋਟਕਪੂਰਾ, ਪੰਜਾਬ ਦੇ ਜ਼ਿਲ੍ਹਾ ਫਰੀਦਕੋਟ ਦਾ ਇੱਕ ਛੋਟਾ ਜਿਹਾ ਇਲਾਕਾ, ਜਿੱਥੇ ਇੱਕ ਪੰਜਾਬੀ ਜੁੱਤੀ ਨਿਰਮਾਤਾ ਦੇ ਪੁੱਤਰ ਨੇ ਯੂਪੀਐਸਸੀ ਵਿੱਚ 218ਵਾਂ ਰੈਂਕ ਹਾਸਲ ਕੀਤਾ ਹੈ।

ਇਮਤਿਹਾਨ ਪਾਸ ਕਰਨ ਵਾਲੇ ਅਭਿਸ਼ੇਕ ਨੇ ਨਾ ਸਿਰਫ ਆਪਣੇ ਪਿਤਾ ਦਾ ਸੁਪਨਾ ਪੂਰਾ ਕੀਤਾ ਹੈ, ਸਗੋਂ ਆਪਣੇ ਸ਼ਹਿਰ ਦਾ ਨਾਂ ਵੀ ਰੋਸ਼ਨ ਕੀਤਾ ਹੈ। ਇਲਾਕੇ ਦੇ ਲੋਕਾਂ ਨੇ ਢੋਲ, ਢੋਲ ਅਤੇ ਫੁੱਲਾਂ ਦੀ ਵਰਖਾ ਕਰਕੇ ਇਸ ਦਾ ਸਵਾਗਤ ਕੀਤਾ।

ਅਭਿਸ਼ੇਕ ਦੇ ਪਿਤਾ ਬਹੁਤ ਖੁਸ਼ ਹਨ। ਉਨ੍ਹਾਂ ਕਿਹਾ, "ਕੱਲ੍ਹ ਤੱਕ ਅਸੀਂ ਦੂਜਿਆਂ ਲਈ ਤਾੜੀਆਂ ਵਜਾਉਂਦੇ ਸੀ ਪਰ ਅੱਜ ਲੋਕ ਸਾਡੇ ਲਈ ਤਾੜੀਆਂ ਵਜਾਉਂਦੇ ਹਨ। ਇਹ ਸਾਡੀ ਦੀਵਾਲੀ ਸੀ, ਜਦੋਂ ਫੋਨ 'ਤੇ ਦੱਸਿਆ ਗਿਆ ਕਿ ਅਭਿਸ਼ੇਕ ਦਾ ਨਤੀਜਾ ਆ ਗਿਆ ਹੈ। ਸਾਡੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ।"

ਤਾੜੀਆਂ ਵਜਾਉਂਦੇ ਸੀ, ਅੱਜ ਲੋਕ ਸਾਡੇ ਲਈ ਤਾੜੀਆਂ ਵਜਾਉਂਦੇ ਹਨ, ਅਸੀਂ ਦੀਵਾਲੀ ਮਨਾ ਰਹੇ ਹਾਂ।"

ਅਭਿਸ਼ੇਕ ਦੇ ਪਿਤਾ ਨੇ ਕਿਹਾ ਕਿ ਉਹ ਇੱਕ ਮੱਧ ਵਰਗੀ ਪਰਿਵਾਰ ਤੋਂ ਆਉਂਦੇ ਹਨ, ਅੱਜ ਲੋਕ ਸਾਡੇ ਲਈ ਦੱਸਿਆ ਕਿ ਉਹ ਐਲਐਲਬੀ ਕਰਨਾ ਚਾਹੁੰਦਾ ਸੀ, ਪਰ ਉਸ ਸਮੇਂ ਇਸ ਵਿੱਚ 13 ਹਜ਼ਾਰ ਰੁਪਏ ਖਰਚ ਹੋ ਰਹੇ ਸਨ, ਜੋ ਪਰਿਵਾਰ ਲਈ ਦੇਣਾ ਸੰਭਵ ਨਹੀਂ ਸੀ।

ਸਿਵਲ ਸੇਵਾਵਾਂ ਦਾ ਨਤੀਜਾ ਸੋਮਵਾਰ ਨੂੰ ਘੋਸ਼ਿਤ

– ਇੰਜੀ. ਹਰਦੀਪ ਸਿੰਘ ਚੁੰਬਰ

### ਪੰਜਾਬ ਸਿੰਹਾਂ-ਉੱਜੜ ਉਹ ਵੀ ਜਾਂਦੇ ਨੇ ਜਿਹੜੇ ਕਿਸੇ ਦਾ ਵਸਦਾ ਘਰ ਨੇ ਉਜਾੜਦੇ

# ਪੰਜਾਬ ਵਿੱਚ ਖਮੋਸੀ ਦਾ ਸੰਨਾਟਾ ਹੈ ਸਿੱਧੂ ਮੂਸੇ ਵਾਲੇ ਦੇ ਕਤਲ ਤੋਂ ਬਾਅਦ

ਖੇਡ ਮੈਦਾਨ ਬੋਲਦਾ ਹੈ
ਜਗਰੂਪ ਸਿੰਘ ਜਰਖੜ
98143-00722









ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਤੇ ਇਹ ਕੈਸਾ ਮਾਹੌਲ ਬਣ ਰਿਹਾ ਹੈ, ਜਿੱਥੇ ਨਾ ਕੋਈ ਇਨਸਾਨੀਅਤ ,ਨਾ ਕੋਈ ਇਨਸਾਫ਼, ਨਾ ਕੋਈ ਸਿਧਾਂਤ, ਨਾ ਕੋਈ ਕਿਰਦਾਰ , ਹੁਣ ਤਾਂ ਇੱਥੇ ਜ਼ਿੰਦਗੀ ਜਿਊਣ ਦੀ ਨਹੀਂ, ਜ਼ਿੰਦਗੀ ਖੋਹਣ ਦੀ ਹਫੜਾ ਤਫੜੀ ਮੱਚੀ ਪਈ ਹੈ, ਪੰਜਾਬੀ ਤਾਂ ਖ਼ਾਸ ਕਰਕੇ ਸਿੱਖ ਇਕ ਵਧੀਆ ਇਖ਼ਲਾਕ ਵਾਲੇ ਜਾਣੇ ਜਾਂਦੇ ਸੀ, ਪਰ ਕਿੱਥੇ ਚਲੇ ਗਈ ਸਾਡੇ ਗੁਰੂਆਂ ਪੀਰਾਂ ਵੱਲੋਂ ਸਾਨੂੰ ਦੱਸੀ ਨਿਮਰਤਾ, ਸਚਾਈ, ਵੱਡਿਆਂ ਦੀ ਵਿਡਿਆਈ, ਦਸਾਂ ਨੂੰਹਆਂ ਦੀ ਕਿਰਤ, ਵੰਡ ਛਕੋ, ਨਾਮ ਜਪੋ ਦੀ ਧਰਨਾ।

ਅੱਜ ਦੇ ਪੰਜਾਬ ਵਸਦੇ ਪੰਜਾਬੀਆਂ ਦੇ ਪੱਲੇ ਕੀ ਹੈ ਹਥਿਆਰ, ਗੁਨਾਹ, ਤਬਾਹੀ, ਭਾੜੇ ਦੇ ਕਾਤਲ, ਦੁਨੀਆਂ ਭਰ ਦੇ ਨਸ਼ੇ, ਇੱਥੇ ਫੇਲ੍ਹ ਹੋਇਆ ਨੂੰ ਮਖੌਲ ਨੇ, ਕਾਮਯਾਬਾ ਨੂੰ ਪਿਸਤੌਲ ਨੇ, ਦਿਨ ਦਿਹਾੜੇ ਕਤਲ, ਪੰਜਾਬ ਵਿੱਚ ਚੱਲ ਰਹੇ ਰਾਜਨੀਤਕ ਸੌੜੀ ਸਿਆਸਤ ਨੇ ਪੰਜਾਬ ਨੂੰ ਰੜੇ ਮੈਦਾਨਾਂ ਦੀ ਕਤਲਗਾਹ ਬਣਾ ਦਿੱਤਾ ਹੈ। ਇਸੇ ਕਰਕੇ ਕੋਈ ਸਿਆਣਾ ਬੰਦਾ, ਪੜ੍ਹਿਆ ਲਿਖਿਆ ਬੰਦਾ, ਅਗਾਂਹ ਵਧੂ ਸੋਚ ਰੱਖਣ ਵਾਲਾ ਬੰਦਾ ਸਿਆਸਤ ਵਿੱਚ ਆਉਣ ਨੂੰ ਤਿਆਰ ਨਹੀਂ ਹੈ। ਬੀਤੇ ਦਿਨੀਂ ਉੱਘੇ ਗਾਇਕ ਸੁਖਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦਾ ਦਿਨ ਦਿਹਾੜੇ ਕਤਲ ਹੋਇਆ ਹੈ। ਸਿੱਧੂ ਮੂਸੇਵਾਲ ਦੀ ਦੇ ਕਤਲ ਹੋਣ ਦੀ ਖਬਰ ਦਾ ਪੂਰੀ ਦੁਨੀਆਂ ਵਿੱਚ ਹੜਕੰਪ ਮੱਚ ਗਿਆ ਹੈ, ਪੰਜਾਬ ਵਸਦੇ ਉਸ ਦੇ ਪ੍ਰਸੰਸਕ ਬੱਚਿਆਂ ਅਤੇ ਨੌਜਵਾਨਾਂ ਵਿੱਚ ਖ਼ਾਮੋਸ਼ੀ ਦਾ ਵੱਡਾ ਸੰਨਾਟਾ ਹੈ ਪਰ ਹੁਣ ਹੋਣਾ ਕੁੱਝ ਨਹੀਂ, ਬੱਸ ਉਹੀ 5, 7 ਦਿਨ ਕਾਤਲਾਂ ਨੂੰ ਫੜਨ ਦਾ, ਇਨਸਾਫ਼ ਲੈਣ ਦਾ ਰਾਮ ਰੌਲਾ ਪਵੇਗਾ, ਫਿਰ ਉਹੀ ਪਹਿਲਾਂ ਵਾਲੀ ਕਹਾਣੀ ਚੱਲੇਗੀ। ਕਿਉਂਕਿ ਇੱਥੇ ਤਾਂ 1984 ਸਿੱਖ ਕਤਲੇਆਮ ਦਾ ਇਨਸਾਫ ਨਹੀਂ ਮਿਲਿਆ ਇਨ੍ਹਾਂ ਕਤਲਾਂ ਦਾ ਤਾਂ ਇਨਸਾਫ਼ ਸਾਨੂੰ ਮਿਲਣਾ ਕੀ ਆਂ? ਇਸ ਤੋਂ ਪਹਿਲਾਂ ਵੀ ਕਬੱਡੀ ਦੇ ਸਟਾਰ ਖਿਡਾਰੀ ਸੰਦੀਪ ਨੰਗਲ ਅੰਬੀਆਂ ਦਾ ਖੇਡ ਮੈਦਾਨ ਦੇ ਵਿਚ ਦਿਨ ਦਿਹਾੜੇ ਕਤਲ ਹੋਇਆ। ਸਿਆਸਤ ਵੱਲ ਨੂੰ ਉੱਭਰਦਾ ਸਿੱਖ ਨੌਜਵਾਨ, ਸਟੇਜ ਤੇ ਬੋਲਣ ਦਾ ਧਨੀ ਫਿਲਮ ਕਲਾਕਾਰ ਸੰਦੀਪ ਸਿੰਘ ਉਰਫ ਦੀਪ ਸਿੱਧੂ ਦੀ ਮੌਤ ਦਾ ਰਹੱਸ ਕਤਲ ਨਾਲੋਂ ਵੀ ਗੁੱਝਾ ਬਣਿਆ ਹੋਇਆ ਹੈ । ਇਹ ਤਿੰਨੋਂ ਨੌਜਵਾਨ ਆਪੋ ਆਪਣੇ ਖੇਤਰਾਂ ਦੇ ਪ੍ਰਮੁੱਖ ਹੀਰੋ ਸਨ, ਵੱਡੀ ਪੱਧਰ ਤੇ ਨੌਜਵਾਨੀ ਇਨ੍ਹਾਂ ਦੀ ਦੀਵਾਨੀ ਸੀ।

ਪੰਜਾਬ ਦੇ ਵਿੱਚ ਹਰ ਰੋਜ਼ ਜਵਾਨੀ, ਕੋਈ ਕਤਲਾਂ ਦੀ ਭੇਂਟ, ਕੋਈ ਨਸ਼ਿਆਂ ਦੀ ਭੇਂਟ , ਕੋਈ ਹਾਦਸਿਆਂ ਦੀ ਭੇਂਟ, ਕੋਈ ਆਪਸੀ ਧੜੇਬੰਦੀ ਜਾਂ ਦੁਸ਼ਮਣੀ ਦੀ ਭੇਟ ਚੜ੍ਹ ਰਿਹਾ ਹੈ। ਇੰਟੈਲੀਜੈਂਟ ਬੱਚੇ ਦਿਨੋਂ ਦਿਨ ਵਿਦੇਸ਼ਾਂ ਨੂੰ ਕੂਚ ਕਰੀ ਜਾਂਦੇ ਹਨ । ਪੰਜਾਬ ਚ ਕੋਈ ਰਹਿ ਕੇ ਰਾਜ਼ੀ ਨਹੀਂ ਹੈ। ਪੰਜਾਬੀਓ ਆਪ ਹੀ ਦੱਸੋ ਪੰਜਾਬ ਬਚੇਗਾ ਕਿਵੇਂ?

ਸਿੱਧੂ ਮੂਸੇਵਾਲਾ ਦਾ ਕਸੂਰ ਸਿਰਫ ਇਹ ਸੀ ਕਿ ਉਂਹ ਆਪਣੀ ਜਵਾਨੀ ਵਿਚ ਮਸਤ ਸੀ, ਚੋਟੀ ਦਾ ਗਾਇਕ ਸੀ, ਬੱਚੇ ਅਤੇ ਨੌਜਵਾਨ ਉਸ ਦੇ ਵੱਡੀ ਪੱਧਰ ਤੇ ਫੈਂਨ ਸੀ, ਸੁਭਾਅ ਦਾ ਅੜੀਅਲ ਸੀ , ਆਪਣੀ ਕਲਾਕਾਰੀ ਨਾਲ ਮੋਟਾ ਪੈਸਾ ਕਮਾਉਂਦਾ ਸੀ ਜੱਟ ਬਾਅਦ ਉਸ ਤੇ ਭਾਰੂ ਸੀ, ਦੁਨੀਆਂ ਵਿਚ ਉਸ ਦੀ ਚੜ੍ਹਤ ਸੀ। ਈਨ ਕਿਸੇ ਦੀ ਓਹ ਮੰਨਦਾ ਨਹੀਂ ਸੀ ਅਤੇ ਇਸੇ ਕਰਕੇ ਉਸ ਦੇ ਵਿਰੋਧੀਆਂ ਤੋਂ ਉਸਦਾ ਇਹ ਸਭ ਕੁਝ ਬਰਦਾਸ਼ਤ ਨਹੀਂ ਹੋਇਆ ਤੇ ਉਸ ਦਾ ਦਿਨ ਦਿਹਾੜੇ ਕਤਲ ਹੋ ਗਿਆ। ਸਕਿਉਰਿਟੀ ਦਾ ਨਾ ਹੋਣਾ ਉਸ ਦੇ ਕਤਲ ਦਾ ਇਕ ਬਹਾਨਾ ਬਣ ਗਿਆ ਪਰ ਇਨ੍ਹਾਂ ਕਤਲਾਂ ਲਈ ਭਾਵੇਂ ਸਿੱਧੂ ਮੂਸੇਵਾਲੇ ਦਾ ਕਤਲ ਹੋਵੇ , ਭਾਵੇਂ ਨੰਗਲ ਅੰਬੀਆਂ ਦਾ ਕਤਲ ਹੋਵੇ ਜਾਂ ਦੀਪ ਸਿੱਧੂ ਦਾ ਹੋਵੇ ਜ਼ਿੰਮੇਵਾਰ ਸਾਡਾ ਰਾਜਨੀਤਿਕ ਕੁਰੱਪਟ ਸਿਸਟਮ ਹੈ। ਜੋ ਪੰਜਾਬ ਦੀ ਜਵਾਨੀ ਦੀ ਸਾਰ ਨਹੀਂ ਲੈ ਰਿਹਾ, ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਨਹੀਂ ਦੇ ਰਿਹਾ ,ਪੰਜਾਬ ਦੇ ਨੌਜਵਾਨਾਂ ਨੂੰ ਸਿੱਧੇ ਰਸਤੇ ਪਾਉਣ ਦੀ ਬਜਾਏ ਕੁਰਾਹੇ ਪਾ ਰਿਹਾ ਹੈ, ਜੇਲ੍ਹਾਂ ਦੇ ਵਿੱਚ ਗੈਂਗਸਟਰ ਸਿਸਟਮ ਰਾਜਨੀਤੀ ਦੀ ਆੜ ਹੇਠ ਕਾਇਮ ਹੋ ਰਿਹਾ ਹੈ। ਗੱਲਾਂ ਹੋ ਰਹੀਆਂ ਨੇ ਪੰਜਾਬ ਨੂੰ ਬਚਾਉਂਣ ਦੀਆਂ ਪਰ ਉਹ ਪੰਜਾਬ ਜਿੱਥੇ ਕਬੱਡੀ ਖੇਡ ਦੇ ਵੀ ਫ਼ੈਸਲੇ ਜੇਲ੍ਹਾਂ ਚ ਬੈਠਿਆਂ ਹੋਣ, ਜਿੱਥੇ ਨਾਮੀ ਲੋਕਾਂ ਦੇ ਕਤਲਾਂ ਦੀਆਂ ਸਕੀਮਾਂ ਜੇਲ੍ਹਾਂ ਚ ਘੜੀਆਂ ਜਾਣ, ਜਿੱਥੇ ਪੰਜਾਬ ਦੀ ਰਾਜਨੀਤੀ ਦੇ ਫ਼ੈਸਲੇ ਜੇਲ੍ਹਾਂ ਚ ਬੈਠੇ ਰਾਜਨੀਤਿਕ ਆਕਾ ਕਰਦੇ ਹੋਣ, ਇਹ ਸੀਨ ਕਿਸੇ ਵਕਤ ਫ਼ਿਲਮਾਂ ਵਿੱਚ ਤਾਂ ਅਸੀਂ ਵੇਖਦੇ ਹੁੰਦੇ ਸੀ ਪਰ ਅੱਜ ਪੰਜਾਬ ਦੇ ਵਿੱਚ ਅਸਲੀਅਤ ਰੂਪ ਵਿੱਚ ਵੇਖਣ ਨੂੰ ਮਿਲਦੇ ਹਨ ਫਿਰ ਉੱਥੇ ਪੰਜਾਬ ਦੇ ਭਲੇ ਦੀ ਕਿਹੜੀ ਆਸ ਰੱਖ ਸਕਦੇ ਹਾਂ ?

ਜੇਕਰ ਅਜੇ ਵੀ ਪੰਜਾਬ ਸਰਕਾਰ ਨੇ ਜੇਲ੍ਹਾਂ ਚ ਬੈਠੇ ਗੈਂਗਸਟਰਾਂ ਨੂੰ, ਕਾਤਲਾਂ ਨੂੰ, ਡਰੱਗ ਮਾਫੀਏ ਨੂੰ, ਰੇਤ ਮਾਫੀਏ ਨੂੰ, ਪੰਜਾਬ ਨੂੰ ਤਬਾਹ ਕਰਨ ਵਾਲੇ ਹਰ ਗਰੋਹ ਨੂੰ ਨੱਥ ਨਾ ਪਾਈ ਤਾਂ ਇਸ ਪੰਜਾਬ ਦੇ ਵਿੱਚ ਫਿਰ ਇੱਥੇ ਰਹਿਣਾ ਕਿਸੇ ਨੇ ਪਸੰਦ ਨਹੀਂ ਕਰਨਾ, ਚੰਗਿਆਂ ਨੇ ਤਾਂ ਅਮਰੀਕਾ, ਕੈਨੇਡਾ ਆਸਟ੍ਰੇਲੀਆ ਭੱਜ ਜਾਣਾ ਤੇ ਮਾੜਿਆਂ ਨੇ ਬੰਗਲਾਦੇਸ਼ ਭੂਟਾਨ ਵਰਗੇ ਮੁਲਕਾਂ ਵੱਲ ਨੂੰ ਚਾਲੇ ਪਾ ਦੇਣੇ ਹਨ। ਬਚਾਲੋ ਜੇ ਬਚਦਾ ਪੰਜਾਬ ਪੰਜਾਬੀਓ ਸਿੱਧੂ ਮੂਸੇਵਾਲਾ ਅਤੇ ਸੰਦੀਪ ਨੰਗਲ ਅੰਬੀਆਂ ਦੇ ਕਾਤਲੋ ਕਤਲ ਕਰਨਾ ਕਿਸੇ ਮਸਲੇ ਦਾ ਹੱਲ ਨਹੀਂ, ਜੇ ਕੋਈ ਮਸਲਾ ਹੈ ਉਸ ਨੂੰ ਬੈਠ ਕੇ ਸੁਲਝਾ ਲਵੋ, ਮਾਵਾਂ ਦੇ ਪੁੱਤ ਨਾ ਮਾਰੋ, ਅਕਲ ਨੂੰ ਹੱਥ ਮਾਰੋ, ਪੁੱਤਰਾਂ ਤੋਂ ਵਾਂਝੀਆਂ ਹੋਈਆਂ ਮਾਵਾਂ ਦੀਆਂ ਬਦ- ਦੁਆਵਾਂ ਤੁਹਾਨੂੰ ਲੈ ਡੁੱਬਣਗੀਆਂ ਕਿਉਂਕਿ ਉੱਜੜ ਉਹ ਵੀ ਜਾਂਦੇ ਨੇ, ਜਿਹੜੇ ਕਿਸੇ ਦਾ ਵਸਦਾ ਘਰ ਉਜਾੜਦੇ ਨੇ।

ਪ੍ਰਮਾਤਮਾ ਸਾਨੂੰ ਸਾਰਿਆਂ ਨੂੰ ਸੁਮੱਤ ਦੇਵੇ, ਮੇਰੇ ਹੱਸਦੇ ਵੱਸਦੇ ਪੰਜਾਬ ਦਾ ਰੱਬ ਰਾਖਾ।

# ਘਰ ਆਏ ਵਿਅਕਤੀ ਦਾ ਸਤਿਕਾਰ ਕਰਨਾ ਇਨਸਾਨੀ ਧਰਮ ਹੈ

## ਸਤਿਕਾਰ ਨਾ ਕਰਨਾ ਅਜ਼ੱਡਪੁੱਣੇ ਦੀ ਨਿਸ਼ਾਨੀ ਤੇ ਮੂਰਖਤਾ ਹੈ



ਤਸਵਿੰਦਰ ਸਿੰਘ ਬੜੈਚ
91-98763-22677



ਮਨੁੱਖੀ ਜੀਵਨ ਨੂੰ ਕੁਦਰਤ ਨੇ ਕਈ ਰਹੱਸਮਈ ਪਹਿਲੂਆਂ ਨਾਲ ਜੋੜ ਰੱਖਿਆ ਹੈ। ਜਿਵੇਂ ਸਮਾ ਬੀਤਦਾ ਹੈ ਅੱਗੇ ਵੱਡੀਆਂ ਤਬਦੀਲੀਆਂ ਲੈ ਕੇ ਆਉਂਦਾ ਹੈ। ਅਸੀਂ ਇਹ ਸਭ ਕੁੱਝ ਭਾਂਪਦੇ ਹਾਂ ਕਿ ਪੈਸੇ ਦਾ ਸਾਡੇ ਜੀਵਨ ਤੇ ਸਮੱਸਿਆਵਾਂ ਨਾਲ ਖਾਸ਼ ਰਿਸ਼ਤਾ ਹੈ। ਸਾਡੀਆਂ ਖੁਸ਼ੀਆਂ ਸੁੱਖ ਸਹੂਲਤਾਂ ਤੇ ਜਜਬਾਤਾ ਦੇ ਆਪਸੀ ਸੰਤੁਲਨ ਉੱਪਰ ਟਿੱਕੀਆਂ ਹੁੰਦੀਆਂ ਹਨ। ਜ਼ਿੰਦਗੀ ਦੀਆਂ ਸੁੱਖ ਸਹੂਲਤਾਂ ਪੈਸੇ ਨਾਲ ਨਹੀਂ ਲਈਆਂ ਜਾ ਸਕਦੀਆਂ, ਪਰ ਪੈਸੇ ਸਾਡੇ ਰਿਸ਼ਤਿਆਂ ਲਈ ਕੀ ਇਨਾਂ ਜਰੂਰੀ ਹੈ। ਸਾਨੂੰ ਪਰਿਵਾਰ ਤੇ ਬਾਕੀਆਂ ਰਿਸ਼ਤਿਆਂ ਨਾਲ ਜਜਬਾਤਾਂ ਦੇ ਅਧਾਰ ਤੇ ਜੁੜਨਾ ਚਾਹੀਦਾ ਹੈ। ਅਸੀਂ ਐਵੇਂ ਦੂਸਰਿਆ ਨੂੰ ਦਿਖਾਉਣ ਲਈ ਬੇਲੋੜੀਆਂ ਕੀਮਤੀ ਚੀਜ਼ਾਂ ਵਿਚ ਘਿਰ ਜਾਂਦੇ ਹਾਂ, ਪਰ ਅਮੀਰ ਹੋਣ ਦੇ ਬਾਵਜੂਦ ਬਹੁਤ ਜਿਆਦਾ ਲੋਕ ਮਾਨਸਿਕ ਪ੍ਰੇਸ਼ਾਨੀਆਂ ਵਿਚ ਗੁਜ਼ਰ ਰਹੇ ਹਨ।

ਅੱਜ ਰਿਸ਼ਤੇ, ਸਾਂਝਾਂ, ਪ੍ਰੇਮ ਪਿਆਰ, ਮਿਲਣ ਮਿਲਾਪ ਤੇ ਵਾਰਤਾਲਾਪ ਮਤਲਬ ਦਾ ਪੱਖ ਪੂਰਦਾ ਨਜ਼ਰ ਆ ਰਿਹਾ ਹੈ। ਜਦ ਮਤਲਬ ਨਿਕਲ ਗਿਆ ਫਿਰ ਤੂੰ ਕੌਣ, ਮੈਂ ਕੌਣ ਵਾਲੀ ਬਾਤ ਬਣ ਕੇ ਰਹਿ ਗਈ ਹੈ। ਕਿਸੇ ਰਿਸ਼ਤੇਦਾਰੀ ਖਾਸ ਜਾਂ ਆਮ ਵਿਚ ਜਾਣ ਦਾ ਰਿਵਾਜ਼ ਸਿਰਫ ਕਿਸੇ ਸਵਾਰਥ ਦਾ ਚੌਰ ਬਣ ਗਿਆ ਹੈ। ਲੁੱਕਵੇਂ ਢੰਗ ਦੇ ਨਾਲ ਇਕ ਦੂਜੇ ਨੂੰ ਮੂਰਖ ਜਾਂ ਬੇਅਕਲ ਬਣਾਉਂਣ ਦਾ ਅਨੋਖਾ ਛੱਲ ਅਪਨਾ ਲਿਆ ਜਾਂਦਾ ਹੈ। ਪਰ ਸਾਰੀਆਂ ਹੀ ਇਹ ਕੱਪਟੀ ਛੱਲਾਂ ਰੂਪੀ ਯੋਜਨਾਵਾਂ ਸੱਚ ਮੂਹਰੇ ਸਿਰ ਝੁਕਾ ਜਾਂਦੀਆਂ ਹਨ ਤੇ ਫਿਰ ਇਹ ਕਿਉਂ ਅਪਨਾਈਆਂ ਜਾਂਦੀਆਂ ਹਨ। ਇਕ ਦੂਜੇ ਦਾ ਸਤਿਕਾਰ ਇੱਜ਼ਤ ਕਰਨੀ ਹੀ ਮਨੁੱਖ ਦੀ ਅਸਲੀਅਤ ਨੂੰ ਦਰਸਾਉਂਦੀ ਹੈ। ਉਹ ਹੀ ਉਸਦਾ ਅਸਲੀ ਧਰਮ ਜੀਵਨ ਹੁੰਦਾ ਹੈ। ਘਰ ਆਏ ਮਹਿਮਾਨ ਦੀ ਇੱਜ਼ਤ, ਸਤਿਕਾਰ ਹੀ ਘਰ ਵਾਲੇ ਮੂੰਹ ਤੇ ਸੋਨੇ ਮੁੰਗਟ ਪਹਿਨਾਇਆ ਇੱਜ਼ਤ ਨੂੰ ਦੋਹਰੀ ਦੋਹਰ ਲਾਉਂਦਾ ਹੈ ਤੇ ਮਹਿਮਾਨ ਦੀ ਇੱਜ਼ਤ ਸਤਿਕਾਰ ਵਿਚ ਕੋਈ ਕਮੀ ਨਹੀਂ ਗੁੰਜਾਇਸ ਰਹਿੰਦੀ ਹੈ। ਦੋਹਾਂ ਧਿਰਾਂ ਦਾ ਦੁੱਗਣਾ ਤਿੱਗਣਾ ਖੂਨ ਵਧਦਾ ਮਹਿਸੂਸ ਹੁੰਦਾ ਹੈ। ਵਿਅਕਤੀ ਨੂੰ ਇਸ ਬਾਤ ਦਾ ਗਿਆਨ ਹੋਣਾ ਚਾਹੀਦਾ ਹੈ ਕਿ ਇਨਸਾਨ ਨੂੰ ਦੁੱਖ ਸੁੱਖ ਉਸ ਦੇ ਨਿੱਤ ਦੇ ਕੰਮ ਕਾਰ ਤੇ ਪਰਿਵਾਰਕ ਮੈਬਰਾਂ ਦੇ ਮੇਲ ਜੋਲ ਨਾਲ ਸਬੰਧਤ ਹੁੰਦੇ ਹਨ।

ਇਸ ਤਰਾਂ ਦੀ ਇਕ ਘਟਨਾ ਮੈਨੂੰ ਮੇਰੇ ਇਕ ਦੋਸਤ ਨੇ ਸੁਣਾਈ । ਉਸਨੇ ਕਿਹਾ ਕਿ ਮੇਰੇ ਰਿਸ਼ਤੇਦਾਰ ਬਾਹਰਲੇ ਮੁਲਕ ਤੋਂ ਆਏ। ਉਹਨਾਂ ਨੂੰ ਗਿਆ ਨੂੰ ਕੋਈ 40-45 ਵਰ੍ਹੇ ਹੋ ਗਏ ਹਨ ਤੇ ਮੇਰੀ ਰਿਸ਼ਤੇਦਾਰੀ ਪਈ ਨੂੰ ਕੋਈ 23-24 ਸਾਲ ਹੋ ਗਏ ਹਨ। 10-10 ਸਾਲਾਂ ਤੋਂ ਏਧਰ ਆਉਂਦੇ ਹਨ। ਕਈ ਵਾਰ ਜਲਦੀ ਵੀ ਏਧਰ ਗੇੜਾ ਮਾਰ ਲੈਂਦੇ ਹਨ। ਜਦ ਕੋਈ ਵੀ ਲੰਬੇ ਸਮੇਂ ਤੋਂ ਬਾਅਦ ਏਧਰ ਆਉਂਦਾ ਹੈ ਪਿਆਰ ਨਾਲ ਭਰਿਆ ਮਿਲਦਾ ਹੈ। ਏਧਰ ਵਾਲਾ ਵੀ ਬੜੇ ਪਿਆਰ ਸਾਹਿਤ ਪੇਸ਼ ਆਉਂਦਾ ਹੈ। ਪਰ ਉਸ ਮੈਨੂੰ ਦੱਸਿਆ ਕਿ ਪਿਆਰ ਵਾਲੀ ਗੱਲ ਮੇਰੇ ਰਿਸ਼ਤੇਦਾਰਾਂ ਵਿਚੋਂ ਉੱਡਕੇ ਅਸਮਾਨੀ ਚੜੀ ਹੈ। ਹੰਕਾਰ, ਖੁਦਗਰਜ਼ੀ, ਸਵਾਰਥਪੁਣਾ, ਆਕੜਪੁਨਾਂ, ਮਤਲਬਪ੍ਰਸ਼ਤੀ, ਬੇਮੁਹਤਾਜੀ ਤੇ ਗੁਸ਼ੇਲਾ ਨਿੰਦਿਆ ਉਹਨਾਂ ਤੇ ਖੋਤੇ ਵਾਗੂੰ ਲੱਦੇ ਹਨ। ਇਕ ਹੋਰ ਵੱਖਰੇ ਢੰਗ ਦੀ ਗੱਲ ਹੈ। ਮੈਨੂੰ ਮੇਰੇ ਰਿਸ਼ਤੇਦਾਰ ਲੁੱਕਵੇਂ ਤਰੀਕੇ ਨਾਲ ਨਿਕੰਮਾਂ ਕਹਿ ਕੇ ਆਪਣੇ ਮਨ ਨੂੰ ਤਸੱਲੀਬਖਸ ਭਰਭੂਰ ਕਰ ਲੈਂਦੇ ਹਨ। ਮੈਂ ਉਹਨਾ ਨੂੰ ਉੱਤਰ ਕਈ ਢੰਗਾਂ ਨਾਲ ਦੇ ਸਕਦਾ ਹਾਂ। ਪਰ ਵਧੀਆ ਉੱਤਰ ਤਾਂ ਇਕ ਚੁੱਪ ਸੋ ਸੁੱਖ ਹੋਵੇਗਾ। ਕੁੱਝ ਸਮਾਂ ਪਾ ਕੇ ਪਤਾ ਲੱਗੇਗਾ ਤੇ ਮਹਿਸ਼ੂਸ ਵੀ ਕਰਨਗੇ ਕਿ ਅਸੀਂ ਭੁਲੇਖੇ ਵਿਚ ਰਹੇ ਕਿ ਤੂੰ ਬਾਈ ਜੀ ਬੜੀ ਯੋਗਤਾ ਵਾਲੇ ਹੋ ਅਤੇ ਚੰਗੀ ਸਮਝਦਾਰੀ ਦੇ ਮਾਲਕ ਹੋ। ਸ਼ਬਦ ਭੰਡਾਰਨਾਂ ਹਮੇਸ਼ਾਂ ਸਿੱਖਣਾਂ ਅਤਿ ਜਰੂਰੀ ਹੈ। ਪਰ ਮੇਰੇ ਬੇਸਮਝ ਬਾਹਰਲੇ ਮੂਰਖ ਰਿਸ਼ਤੇਦਾਰ ਇਹ ਭਰਮ ਪਾਲੀ ਬੈਠੇ ਹਨ ਕਿ ਅਸੀਂ ਬੇਮਿਸਾਲ ਸਮਝਦਾਰੀ ਦੇ ਮਾਲਕ ਹਾਂ। ਇਹ ਕੋਰੇ ਅਨਪੜ੍ਹ ਸਾਕ ਹੰਕਾਰ ਦਾ ਜਾਨਵਰ ਪਾਲੀ ਜਾਂਦੇ ਹਨ। ਪਿੰਡ ਸਮਾਜ ਵਿਚ ਆਪਣਾ ਸੰਚਾਰੂ ਜੀਵਨ ਘੜਕੇ ਸ਼ਲਾਘਾਯੋਗ ਕਾਰਜ ਲਾਹੇਵੰਦ ਹੁੰਦਾ ਹੈ।

# ਨਵਾਂ ਯੁੱਗ ਨਵੀਂ ਪ੍ਰਮਾਣੂ ਖੇਤੀ - ਨਿਊਕਲੀਅਰ ਐਗਰੀਕਲਚਰ



ਅਵਤਾਰ ਸਿੰਘ ਭੰਵਰਾ
+91-78889-73676

ਤਾਮਿਲਨਾਡੂ ਦੀ ਰਾਜਧਾਨੀ ਚੇਨਈ ਦੇ ਨੇੜੇ ਕਲਪੱਕਮ ਵਿੱਚ ਡੀਏਈ ਦੀ ਇਕ ਵਰਕਸ਼ਾਪ ਦੌਰਾਨ ਬੀਏਆਰਸੀ ਦੇ ਵਿਗਿਆਨੀਆਂ ਨੇ ਪ੍ਰਮਾਣੂ ਖੇਤੀ ਬਾਰੇ ਅਹਿਮ ਖੁਲਾਸੇ ਕੀਤੇ ਹਨ। ਉਨ੍ਹਾਂ ਨੇ ਰਵਾਇਤੀ ਖੇਤੀ ਤੋਂ ਉੱਪਰ ਉੱਠ ਕੇ ਤਕਨਾਲੋਜੀ ਆਧਾਰਿਤ ਖੇਤੀ ਬਾਰੇ ਗੱਲ ਕੀਤੀ ਹੈ। ਪ੍ਰਮਾਣੂ ਖੇਤੀ (ਨਿਊਕਲੀਅਰ ਐਗਰੀਕਲਚਰ) ਨਵੇਂ ਯੁੱਗ ਵਿੱਚ ਨਵੀਂ ਤਕਨੀਕ ਹੈ। ਬਹੁਤ ਸਾਰੇ ਖੇਤੀ ਪ੍ਰਧਾਨ ਸੂਬੇ ਅਜੇ ਵੀ ਇਸ ਤਕਨੀਕ ਤੋਂ ਵਾਂਝੇ ਹਨ। ਪਰ ਕੁਝ ਰਾਜ ਅਜਿਹੇ ਵੀ ਹਨ ਜੋ ਪ੍ਰਮਾਣੂ ਖੇਤੀ ਦਾ ਪੂਰਾ ਫਾਇਦਾ ਉਠਾ ਰਹੇ ਹਨ। ਭਾਬਾ ਪਰਮਾਣੂ ਖੋਜ ਕੇਂਦਰ ਇਸ ਖੇਤਰ ਵਿੱਚ ਕੰਮ ਕਰ ਰਿਹਾ ਹੈ। ਖੇਤੀਬਾੜੀ ਖੇਤਰ ਵਿੱਚ ਪਰਮਾਣੂ ਤਕਨਾਲੋਜੀ ਦੀ ਵਰਤੋਂ ਦੀ ਵਧੀਆ ਉਦਾਹਰਣ ਪੇਸ਼ ਕਰਦੇ ਹੋਏ, ਭਾਬਾ ਪਰਮਾਣੂ ਖੋਜ ਕੇਂਦਰ (ਬੀ।ਏ।ਆਰ।ਸੀ।) ਨੇ ਵੱਖ-ਵੱਖ ਰਾਜਾਂ ਵਿੱਚ ਕਈ ਖੇਤੀਬਾੜੀ ਯੂਨੀਵਰਸਿਟੀਆਂ ਦੇ ਸਹਿਯੋਗ ਨਾਲ ਹੁਣ ਤੱਕ ਵਪਾਰਕ ਵਰਤੋਂ ਲਈ 49 ਬੀਜਾਂ ਦੀਆਂ ਕਿਸਮਾਂ ਜਾਰੀ ਕੀਤੀਆਂ ਹਨ। ਇਨ੍ਹਾਂ ਵਿੱਚ ਮੂੰਗਫਲੀ ਤੋਂ ਲੈ ਕੇ ਉੜਦ ਦੀ ਦਾਲ, ਮੂੰਗੀ ਦੀ ਦਾਲ ਅਤੇ ਸਰ੍ਹੋਂ ਸਮੇਤ ਸੋਇਆਬੀਨ ਅਤੇ ਚੌਲ ਸ਼ਾਮਲ ਹਨ। ਖਾਸ ਗੱਲ ਇਹ ਹੈ ਕਿ ਕੇਂਦਰੀ ਖੇਤੀਬਾੜੀ ਮੰਤਰਾਲਾ ਵੀ ਪ੍ਰਮਾਣੂ ਤਕਨੀਕ ਨਾਲ ਵਪਾਰਕ ਖੇਤੀ ਨੂੰ ਅਤੇ ਬਿਜਲੀ ਉਤਪਾਦਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। BRIT ਆਪਣੀ ਸਪਲਾਈ ਨੂੰ ਯਕੀਨੀ ਬਣ-ਾਉਣ ਲਈ ਦਿਨ-ਰਾਤ ਸਖ਼ਤ ਮਿਹਨਤ ਕਰਦਾ ਹੈ ਅਤੇ ਹਰ ਹਫ਼ਤੇ ਦੇ ਅੰਤ ਵਿੱਚ ਇਸਦੀ ਸਪਲਾਈ ਹਰ ਕੇਂਦਰ ਨੂੰ ਉ-ਪਲਬਧ ਕਰਵਾਈ ਜਾਂਦੀ ਹੈ।


**ਦੇਸ਼ ਵਿੱਚ ਅਨਾਜ ਦੀ ਬਰਬਾਦੀ:** ਅੰਕੜੇ ਦੱਸਦੇ ਹਨ ਕਿ ਦੇਸ਼ ਵਿੱਚ ਹਰ ਸਾਲ 40 ਫੀਸਦੀ ਤੋਂ ਵੱਧ ਅਨਾਜ ਭੰਡਾਰਨ ਦੌਰਾਨ ਬਰਬਾਦ ਹੋ ਜਾਂਦਾ ਹੈ। ਜੇਕਰ ਦੇਸ਼ ਵਿੱਚ ਤਿਆਰ ਭੋਜਨ ਜਾਂ ਅਨਾਜ ਸੁਰੱਖਿਅਤ ਹੋ ਜਾਵੇ ਤਾਂ ਕਰੋੜਾਂ ਲੋਕਾਂ ਨੂੰ ਭੋਜਨ ਮਿਲ ਸਕਦਾ ਹੈ। ਮੌਜੂਦਾ ਸਮੇਂ ਵਿੱਚ ਇੱਥੋਂ ਦੇ ਲੋਕ ਦੇਸ਼ ਵਿੱਚ ਮਹਿੰਗੇ ਭਾਅ ਫਸਲਾਂ ਨੂੰ ਕੋਲਡ ਸਟੋਰੇਜ ਜਾਂ ਅਨਾਜ ਗੋਦਾਮਾਂ ਵਿੱਚ ਰੱਖਣ ਲਈ ਮਜਬੂਰ ਹਨ। ਇਸ ਲਈ ਅਨਾਜ ਨੂੰ ਸੁਰੱਖਿਅਤ ਕਰਨ ਲਈ ਸਰਕਾਰ ਦੇ ਸਾਰੇ ਉਪਰਾਲੇ ਨਾਕਾਫੀ ਸਾਬਤ ਹੋ ਰਹੇ ਹਨ, ਅਜਿਹੀ ਸਥਿਤੀ ਵਿੱਚ ਪਰਮਾਣੂ ਖੇਤੀ ਬਾਇਓਟੈਕਨਾਲੋਜੀ ਭਾਵ ਭੋਜਨ ਦਾ ਕਿਰਨੀਕਰਨ ਇਸ ਸਭ ਦੇ ਵਿੱਚ ਇੱਕ ਬਿਹਤਰ ਹੱਲ ਜਾਪਦਾ ਹੈ। ਨਿਊਕਲੀਅਰ ਰੇਡੀਏਸ਼ਨ 'ਤੇ ਆਧਾਰਿਤ ਬਾਇਓਟੈਕਨਾਲੋਜੀ ਅਨਾਜ ਨੂੰ ਲੰਬੇ ਸਮੇਂ ਤੱਕ ਸਾਫ਼ ਅਤੇ ਕੀਟਾਣੂ ਰਹਿਤ ਰੱਖ ਸਕਦੀ ਹੈ, ਯਾਨੀ ਅਨਾਜ ਤੋਂ ਲੈ ਕੇ ਫਲਾਂ, ਵਿੱਚੋਂ ਕੁਝ ਸਮੇਂ ਲਈ ਕੁਝ ਮਾਤਰਾ ਵਿੱਚ ਲੰਘਦੀ ਹੈ ਅਤੇ ਇਸ ਨੂੰ ਬਚਾਉਂਦੀ ਹੈ।

ਕਿਵੇਂ ਕੰਮ ਕਰਦੀਆਂ ਹਨ ਕੋਬਾਲਟ-60 ਕਿਰਨਾਂ : ਗਾਮਾ ਰੇਡੀਏਸ਼ਨ ਦੀ ਵਰਖਾ ਕਾਰਨ ਭੋਜਨ ਪਦਾਰਥ ਲੰਬੇ ਸਮੇਂ ਤੱਕ ਸੁਰੱਖਿਅਤ ਰਹਿੰਦਾ ਹੈ ਕਿਉਂਕਿ ਇਸ ਵਿੱਚ ਮੌਜੂਦ ਸੂਖਮ ਜੀਵ ਨਸ਼ਟ ਹੋ ਜਾਂਦੇ ਹਨ। ਹਾਂ, ਇੱਕ ਗੱਲ ਹੋਰ ਧਿਆਨ ਵਿੱਚ ਰੱਖਣੀ ਜ਼ਰੂਰੀ ਹੈ ਕਿ ਭਾਰਤ ਦੇ ਅਧਿਕਾਰੀਆਂ ਅਨੁਸਾਰ ਇਸ ਨਾਲ ਫ਼ਸਲ ਜਾਂ ਫਲਾਂ, ਸਬਜ਼ੀਆਂ ਦੀ ਮਹਿਕ, ਗੁਣਵੱਤਾ ਜਾਂ ਗੁਣਵਤਾ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਆਉਂਦੀ। ਇਸ ਤੋਂ ਇਲਾਵਾ ਰੇਡੀਏਸ਼ਨ ਪ੍ਰੋਸੈਸਿੰਗ ਪਲਾਂਟ, BRIT, Vasih ਨੂੰ ਵੀ ਇਸ ਪ੍ਰਕਿਰਿਆ ਰਾਹੀਂ ਮੁੰਬਈ ਵਿੱਚ ਸੰਚਾਲਿਤ ਕੀਤਾ ਜਾ ਰਿਹਾ ਹੈ। ਭੋਜਨ ਦੀ ਕਿਰਨ ਦੀ ਪ੍ਰਕਿਰਿਆ ਦਾ ਸਭ ਤੋਂ ਮਹੱਤਵਪੂਰਨ ਤੱਤ ਮਿੱਟੀ ਦੀ ਜਾਂਚ ਹੈ।

**ਰੇਡੀਏਸ਼ਨ ਦੇ ਲਾਭ:** ਇਥੇ ਦੱਸਣਾ ਜ਼ਰੂਰੀ ਹੈ ਕਿ ਅੰਬ ਅਤੇ ਕੇਲੇ ਨੂੰ ਭੋਜਨ ਦੀ ਰੇਡੀਏਸ਼ਨ ਪ੍ਰਕਿਰਿਆ ਵਿੱਚੋਂ ਲੰਘਣ ਤੋਂ ਬਾਅਦ, ਇਸਨੂੰ ਪੱਕਣ ਵਿੱਚ ਲੰਬਾ ਸਮਾਂ ਲੱਗਦਾ ਹੈ। ਆਲੂ ਅਤੇ ਪਿਆਜ਼ ਵਿੱਚ ਉਗਣਾ ਬੰਦ ਹੋ ਜਾਂਦਾ ਹੈ। ਕਣਕ-ਝੋਨੇ ਦੇ ਨਾਲ-ਨਾਲ ਦਾਲਾਂ 'ਤੇ ਕੀੜੇ ਨਹੀਂ ਪੈਂਦੇ। ਜਦੋਂਕਿ ਮੱਛੀ, ਆਂਡੇ ਅਤੇ ਹੋਰ ਮਾਸਾਹਾਰੀ ਵਸਤੂਆਂ ਵਿੱਚ ਦਆਂ ਨੂੰ ਸਮਝਣ ਦੀ ਲੋੜ ਹੈ। ਇਸ ਬਾਰੇ ਪੈਦਾ ਹੋਏ ਭੰਬਲਭੂਸੇ ਨੂੰ ਦੂਰ ਕਰਨ ਨਾਲ ਅਸੀਂ ਇਹ ਸਮਝਣ ਦੇ ਯੋਗ ਹੋ ਜਾਵਾਂਗੇ ਕਿ ਫਸਲਾਂ 'ਤੇ ਰੇਡੀਏਸ਼ਨ ਦਾ ਕੋਈ ਗਲਤ ਪ੍ਰਭਾਵ ਨਹੀਂ ਹੈ ਕਿਉਂਕਿ ਬੀ।ਏ।ਆਰ।ਸੀ। ਨੇ ਆਪਣੀ ਖੋਜ ਰਾਹੀਂ ਇਹ ਸਪੱਸ਼ਟ ਕੀਤਾ ਹੈ ਕਿ ਭੋਜਨ ਦੀ ਕਿਰਨ ਇਕ ਪੂਰੀ ਤਰ੍ਹਾਂ ਸੁਰੱਖਿਅਤ ਪ੍ਰਕਿਰਿਆ ਹੈ ਅਤੇ ਇਸ ਦਾ ਭੋਜਨ ਅਤੇ ਖਾਣ-ਪੀਣ ਵਾਲੀਆਂ ਵਸਤੂਆਂ ਦੀ ਗੁਣਵੱਤਾ 'ਤੇ ਕੋਈ ਅਸਰ ਨਹੀਂ ਪੈਂਦਾ। ਭਾਰਤ ਵਰਗੇ ਕਈ ਹੋਰ ਦੇਸ਼ਾਂ ਵਿੱਚ ਜਿੱਥੇ ਇਸ ਤਕਨੀਕ ਦੀ ਵਰਤੋਂ ਕੀਤੀ ਜਾ ਰਹੀ ਹੈ, ਉੱਥੇ ਅਨਾਜ ਅਤੇ








ਅਪਣਾਉਣ 'ਤੇ ਜ਼ੋਰ ਦੇ ਰਿਹਾ ਹੈ। ਬੀਏਆਰਸੀ ਦੀ ਨਿਊਕਲੀਅਰ ਐਗਰੀਕਲਚਰ ਐਂਡ ਬਾਇਓਟੈਕਨਾਲੋਜੀ ਸ਼ਾਖਾ ਨਾਲ ਜੁੜੇ ਵਿਗਿਆਨੀ ਡਾ: ਰਾਜੇਸ਼ ਵਤਸ ਦਾ ਕਹਿਣਾ ਹੈ ਕਿ ਖੇਤੀ ਲਈ ਜ਼ਮੀਨ ਘੱਟ ਹੈ, ਵਧਦੀ ਆਬਾਦੀ ਅਤੇ ਅਨਾਜ ਦੀ ਵਧਦੀ ਮੰਗ ਕਾਰਨ ਪਰਮਾਣੂ ਖੇਤੀ ਦੀ ਇਹ ਤਕਨੀਕ ਬਹੁਤ ਜ਼ਰੂਰੀ ਹੋ ਜਾਂਦੀ ਹੈ। ਹੁਣ ਤੱਕ ਜੇਕਰ ਅਸੀਂ ਪਰਮਾਣੂ ਊਰਜਾ ਜਾਂ ਪਰਮਾਣੂ ਰੇਡੀਏਸ਼ਨ ਨੂੰ ਸਿਰਫ਼ ਬਿਜਲੀ ਜਾਂ ਪਰਮਾਣੂ ਬੰਬਾਂ ਦੇ ਨਿਰਮਾਣ ਵਿੱਚ ਹੀ ਵਰਤਿਆ ਜਾਣ ਵਾਲਾ ਮੰਨਦੇ ਹਾਂ, ਤਾਂ ਇਸ ਸੰਬੰਧੀ ਜਾਣਕਾਰੀ ਪ੍ਰਾਪਤ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਨਾਲ ਟੈਕਨਾਲੋਜੀ ਦੀਆਂ ਤਕਨੀਕਾਂ ਦੀ ਵਧੇਰੇ ਸਮਝ ਸੰਭਵ ਹੋਵੇਗੀ।

ਰੇਡੀਏਸ਼ਨ ਵਧਾਉਂਦੀ ਹੈ ਪੌਦਿਆਂ ਦੀ ਜੈਨੇਟਿਕ ਸਮਰੱਥਾ: ਵਿਗਿਆਨੀ ਧੀਰਜ ਜੈਨ ਦਾ ਕਹਿਣਾ ਹੈ ਕਿ ਪਰਮਾਣੂ ਖੇਤੀ ਵਿੱਚ ਰੇਡੀਏਸ਼ਨ ਰਾਹੀਂ ਪੌਦਿਆਂ ਦੀ ਜੈਨੇਟਿਕ ਸਮਰੱਥਾ ਨੂੰ ਵਧਾਇਆ ਜਾ ਸਕਦਾ ਹੈ। ਮਿਊਟੇਸ਼ਨ ਰਾਹੀਂ ਵੱਧ ਝਾੜ ਦੇਣ ਵਾਲੀਆਂ ਫਸਲਾਂ ਦੀਆਂ ਕਿਸਮਾਂ ਵੀ ਵਿਕਸਤ ਕੀਤੀਆਂ ਜਾ ਰਹੀਆਂ ਹਨ। ਇਸ ਤਕਨੀਕ ਨਾਲ ਉਤਪਾਦਨ ਵਿੱਚ ਵਾਧਾ ਕਰਨਾ, ਪੌਦਿਆਂ ਵਿੱਚ ਰੋਗ ਪ੍ਰਤੀਰੋਧੀ ਸਮਰੱਥਾ ਵਿਕਸਿਤ ਕਰਨਾ, ਅਗੇਤੀ ਵਾਢੀ ਕਰਨਾ ਅਤੇ ਘੱਟ ਪਾਣੀ ਦੀ ਵਰਤੋਂ ਨਾਲ ਪੂਰਾ ਉਤਪਾਦਨ ਲੈਣਾ ਅਤੇ ਫਸਲ ਨੂੰ ਲੰਬੇ ਸਮੇਂ ਤੱਕ ਟਿਕਾਊ ਬਣਾਉਣਾ (ਕਟਾਈ) ਅਤੇ ਦਾਲਾਂ ਅਤੇ ਅਨਾਜ ਦੀਆਂ ਨਵੀਆਂ ਕਿਸਮਾਂ ਵੀ ਵਿਕਸਤ ਕੀਤੀਆਂ ਜਾ ਰਹੀਆਂ ਹਨ। ਪਰਮਾਣੂ ਖੋਜ ਦੇ ਖੇਤਰ ਵਿੱਚ ਦੇਸ਼ ਦੀ ਸਭ ਤੋਂ ਵੱਡੀ ਵਿ-ਗਿਆਨਕ ਸੰਸਥਾ ਭਾਬਾ ਪਰਮਾਣੂ ਖੋਜ ਕੇਂਦਰ (ਬੀਏਆਰਸੀ) ਅਤੇ ਕੇਂਦਰੀ ਪ੍ਰਮਾਣੂ ਊਰਜਾ ਵਿਭਾਗ ਦੀ ਇੱਕ ਇਕਾਈ ਭ੍ਰੀਠ ਇਸ ਖੇਤਰ ਵਿੱਚ ਮਿਲ ਕੇ ਕੰਮ ਕਰ ਰਹੇ ਹਨ। BRIT ਨਾਲ ਜੁੜੇ ਵਿਗਿਆਨੀ ਡਾ: ਯੋਜਨਾ ਸਿੰਘ ਦਾ ਕਹਿਣਾ ਹੈ ਕਿ ਆਈਸੋਟੋਪ ਨਾ ਸਿਰਫ਼ ਸਿਹਤ ਖੇਤਰ ਵਿੱਚ ਸਗੋਂ ਖੇਤੀਬਾੜੀ



ਫਲਾਂ ਅਤੇ ਹੋਰ ਕਈ ਖਾਣ-ਪੀਣ ਦੀਆਂ ਵਸਤੂਆਂ।

ਕੀ ਹੁੰਦਾ ਹੈ ਫੂਡ ਇਰੀਡੀਏਸ਼ਨ?: ਖੇਤੀ ਵਿੱਚ ਖੁਰਾਕੀ ਕਿਰਨਾਂ ਬਹੁਤ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ। ਇਸ ਵਿੱਚ, ਫਲਾਂ, ਸਬਜ਼ੀਆਂ ਅਤੇ ਹੋਰ ਭੋਜਨਾਂ ਦੀ ਸ਼ੈਲਫ-ਲਾਈਫ ਨੂੰ ਵਧਾ ਕੇ, ਉਹਨਾਂ ਨੂੰ ਬੈਕਟੀਰੀਆ ਦੇ ਪ੍ਰਕੋਪ ਦੇ ਵਿਰੁੱਧ ਕੰਮ ਕਰਦਾ ਹੈ। ਫੂਡ ਇਰੇਡੀਏਸ਼ਨ ਰੇਡੀਏਸ਼ਨ ਦੀ ਇੱਕ ਤਕਨੀਕ ਹੈ ਜਿਸ ਵਿੱਚ ਭੋਜਨ ਦੀਆਂ ਵਸਤੂਆਂ ਨੂੰ ਇੱਕ ਸੀਮਤ ਸਮੇਂ ਲਈ ਰੇਡੀਏਸ਼ਨ ਦੀ ਇੱਕ ਨਿਸ਼ਚਿਤ ਮਾਤਰਾ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਹ ਰੇਡੀਏਸ਼ਨ ਖਾਣ-ਪੀਣ ਦੀਆਂ ਵਸਤੂਆਂ ਸੂਖਮ ਜੀਵਾਂ ਦੇ ਵਾਧੇ ਵਿੱਚ ਕਮੀ ਆਉਂਦੀ ਹੈ। ਮਸਾਲਿਆਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿਚ ਕੀੜੇ-ਮਕੌੜੇ ਅਤੇ ਹੋਰ ਸੂਖਮ ਜੀਵ ਨਹੀਂ ਵਧਦੇ। ਅੱਜ ਸਾਡੇ ਦੇਸ਼ ਕੋਲ ਭੋਜਨ ਨੂੰ ਸੁਰੱਖਿਅਤ ਰੱਖਣ ਲਈ ਕੋਈ ਸਥਾਈ ਅਤੇ ਪ੍ਰਭਾਵੀ ਰਸਾਇਣ ਨਹੀਂ ਹੈ। ਅਜਿਹੀ ਸਥਿਤੀ ਵਿੱਚ, ਪਰਮਾਣੂ ਖੇਤੀਬਾੜੀ ਬਾਇਓਟੈਕਨਾਲੌਜੀ ਦੀ ਵਰਤੋਂ ਕਰਕੇ ਭੋਜਨ ਨੂੰ ਰੇਡੀਏਸ਼ਨ ਦੁਆਰਾ ਰੇਡੀਏਸ਼ਨ ਦੇ ਸੰਪਰਕ ਵਿੱਚ ਲਿਆ ਕੇ ਸੜਨ ਤੋਂ ਬਚਾਇਆ ਜਾ ਸਕਦਾ ਹੈ। ਰੇਡੀਏਸ਼ਨ ਦਾ ਨਾਮ ਸੁਣ ਕੇ ਕਈ ਡਰ ਜਾਂਦੇ ਹਨ ਪਰ ਬੀਏਆਰਸੀ ਨਾਲ ਜੁੜੇ ਵਿਗਿਆਨੀ ਧੀਰਜ ਜੈਨ ਦਾ ਕਹਿਣਾ ਹੈ ਕਿ ਸਭ ਤੋਂ ਪਹਿਲਾਂ ਰੇਡੀਏਸ਼ਨ ਦੇ ਫ਼ਾਇਿ-ਫਲਾਂ ਨੂੰ ਜ਼ਿਆਦਾ ਦੇਰ ਤੱਕ ਧੁੱਪ ਵਿੱਚ ਰੱਖ ਕੇ ਸੁਕਾਉਣ ਦੀ ਲੋੜ ਨਹੀਂ ਹੈ, ਸਗੋਂ ਭੋਜਨ ਵਿੱਚੋਂ ਗਾਮਾ ਕਿਰਨਾਂ (ਇਸ ਭੋਜਨ) ਵਿੱਚੋਂ ਸਿਰਫ਼ 15 ਸਕਿੰਟਾਂ ਲਈ ਹੀ ਲੰਘ ਜਾਂਦੀਆਂ ਹਨ। ਜਿਸ ਨਾਲ ਇਸ ਦੇ ਅੰਦਰ ਪੈਦਾ ਹੋਣ ਵਾਲੇ ਕੀਟਾਣੂ ਨਸ਼ਟ ਹੋ ਜਾਂਦੇ ਹਨ ਅਤੇ ਇਹ ਇਨ੍ਹਾਂ ਦੇ ਹਮਲੇ ਤੋਂ ਸੁਰੱਖਿਅਤ ਹੋ ਜਾਂਦਾ ਹੈ। ਪਿੰਡਾਂ ਲਈ ਪ੍ਰਮਾਣੂ ਊਰਜਾ ਅਤੇ ਸਬੰਧਤ ਤਕਨੀਕ ਦੀ ਵੀ ਵਰਤੋਂ ਕੀਤੀ ਜਾ ਰਹੀ ਹੈ।

ਪਿਛਲੇ ਸਾਲ, ਛੱਤੀਸਗੜ੍ਹ ਸਰਕਾਰ ਨੇ BARC ਅਤੇ ਕੇਂਦਰ ਸਰਕਾਰ ਦੇ ਬੋਰਡ ਆਫ ਰੇਡੀਏਸ਼ਨ ਐਂਡ ਆਈਸੋਟੋਪ ਟੈਕਨਾਲੋਜੀ (BRIT) ਤੋਂ ਦੋ ਤਜ਼ਰਬੇ ਕੀਤੇ ਹਨ। ਜਿਸ ਤਹਿਤ ਅਨਾਜ, ਫਲ, ਸਬਜ਼ੀਆਂ ਅਤੇ ਛੋਟੇ ਜੰਗਲੀ ਉਤਪਾਦਾਂ ਨੂੰ ਲੰਬੇ ਸਮੇਂ ਤੱਕ ਸੁਰੱਖਿਅਤ ਰੱਖਿਆ ਜਾਵੇਗਾ ਅਤੇ ਗੋਬਰ ਬਿਜਲੀ ਪੈਦਾ ਕਰਨ ਵਿੱਚ ਸਹਾਈ ਹੋਵੇਗਾ।

ਭਾਬਾ ਪਰਮਾਣੂ ਖੋਜ ਕੇਂਦਰ ਨੇ ਪਿਛਲੇ ਕਈ ਸਾਲਾਂ ਵਿੱਚ ਨਿਊਕਲੀਅਰ ਐਗਰੀਕਲਚਰ ਬਾਇਓਟੈਕਨਾਲੋਜੀ ਪ੍ਰੋਗਰਾਮ ਤਹਿਤ ਵੱਖ-ਵੱਖ ਰਾਜ ਯੂਨੀਵਰਸਿਟੀਆਂ ਦੇ ਸਹਿਯੋਗ ਨਾਲ 49 ਨਵੀਆਂ ਫ਼ਸਲਾਂ ਤਿਆਰ ਕੀਤੀਆਂ ਹਨ। ਇਨ੍ਹਾਂ ਵਿੱਚ ਮੂੰਗਫਲੀ, ਮੂੰਗੀ ਦੀ ਦਾਲ, ਉੜਦ ਦੀ ਦਾਲ, ਤੁਆਰ ਦਾਲ, ਸੋਇਆਬੀਨ ਅਤੇ ਸੂਰਜਮੁਖੀ, ਜੂਟ ਅਤੇ ਪਿਆਜ਼ ਦੀਆਂ ਕਈ ਕਿਸਮਾਂ ਸ਼ਾਮਲ ਹਨ। ਦੱਸ ਦੇਈਏ ਕਿ ਮੂੰਗਫਲੀ ਸਮੇਤ ਇਹਨਾਂ ਵਿੱਚੋਂ ਬਹੁਤ ਸਾਰੀਆਂ ਫਸਲਾਂ ਨਾ ਸਿਰਫ ਆਪਣੀ ਮੂਲ ਨਸਲਾਂ ਨਾਲੋਂ ਆਕਾਰ ਵਿੱਚ ਵੱਡੀਆਂ ਹੁੰਦੀਆਂ ਹਨ ਬਲਕਿ ਬਹੁਤ ਜ਼ਿਆਦਾ ਝਾੜ ਵੀ ਦਿੰਦੀਆਂ ਹਨ। ਪਰਮਾਣੂ ਖੋਜ ਕੇਂਦਰ, ਮੁੰਬਈ ਦੇ ਵਿਗਿਆਨੀ ਡਾਕਟਰ ਰਾਜੇਸ਼ ਵਤਸ ਦੱਸਦੇ ਹਨ ਕਿ ਪ੍ਰਮਾਣੂ ਰੇਡੀਏਸ਼ਨ ਦਾ ਮੁੱਖ ਫਾਇਦਾ ਜੈਨੇਟਿਕ ਪਰਿਵਰਤਨ ਨੂੰ ਵਧਾਉਣਾ ਹੈ। ਇਸ ਤਕਨੀਕ ਨਾਲ ਅਨਾਜ, ਦਾਲਾਂ ਅਤੇ ਤੇਲ ਬੀਜਾਂ ਦੀਆਂ ਕਈ ਕਿਸਮਾਂ ਵਿੱਚ ਲੋੜੀਂਦੇ ਗੁਣ ਵਿਕਸਿਤ ਕੀਤੇ ਜਾਂਦੇ ਹਨ।

# ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਨੇ ਮੋਰਿੰਡਾ ਵਿਖੇ ਰੇਲਵੇ ਅੰਡਰ ਬ੍ਰਿਜ ਦਾ ਕੀਤਾ ਉਦਘਾਟਨ

**ਮੋਰਿੰਡਾ –** ਲੋਕ ਨਿਰਮਾਣ ਤੇ ਬਿਜਲੀ ਮੰਤਰੀ ਹਰਭਜਨ ਸਿੰਘ ਨੇ ਅੱਜ ਚੰਡੀਗੜ –ਲੁਧਿਆਣਾ ਰੋਡ (ਪੁਰਾਣਾ ਐਨਐਚ-95) ’ਤੇ ਸਰਹਿੰਦ –ਨੰਗਲ ਡੈਮ-ਅੰਬਾਲਾ ਰੇਲ ਮਾਰਗ ਵਿਖੇ ਰੇਲਵੇ ਅੰਡਰ ਬ੍ਰਿਜ ਦਾ ਉਦਘਾਟਨ ਕੀਤਾ। ਇਸ ਮੌਕੇ ਉਤੇ ਵਿਧਾਇਕ ਡਾ: ਚਰਨਜੀਤ ਸਿੰਘ ਵੀ ਮੌਜੂਦ ਸਨ।

ਇਸ ਮੌਕੇ ਜਾਣਕਾਰੀ ਦਿੰਦਿਆਂ ਸ੍ਰੀ ਹਰਭਜਨ ਸਿੰਘ ਨੇ ਦੱਸਿਆ ਕਿ ਸਥਾਨਕ ਲੋਕਾਂ ਵੱਲੋਂ ਮੌਜੂਦਾ ਸਮੇਂ ਵਿੱਚ ਲੈਵਲ ਕਰਾਸਿੰਗ ਬੰਦ ਹੋਣ ਕਾਰਨ ਕਾਫੀ ਸਮਾਂ ਬਰਬਾਦ ਹੋ ਜਾਂਦਾ ਹੈ ਇਸ ਲਈ ਅੰਡਰ ਬ੍ਰਿਜ( ਆਰ।ਯੂ।ਬੀ।) ਦੇ ਨਿਰਮਾਣ ਅਤੇ ਵਰਤੋਂ ਲਈ ਭਾਰੀ ਮੰਗ ਹੈ । ਇਸ ਨਾਲ ਵਾਤਾਵਰਣ ਪ੍ਰਦੂਸ਼ਣ ਵਿੱਚ ਕਮੀ ਆਵੇਗੀ। ਇਸ ਪੁਲ ਨਾਲ ਸ਼ਹਿਰ ਵਾਸੀਆਂ ਅਤੇ ਹੋਰ ਇਲਾਕਿਆਂ ਤੋਂ ਮੋਰਿੰਡਾ ਆਉਣ ਜਾਣ ਵਾਲੇ ਯਾਤਰੀਆਂ ਨੂੰ ਵੱਡੀ ਰਾਹਤ ਮਿਲੇਗੀ।

ਇਸ ਮੌਕੇ ਸੰਬੋਧਨ ਕਰਦਿਆਂ ਉਨਾਂ ਦੱਸਿਆ ਕਿ ਇਹ ਪ੍ਰੋਜੈਕਟ ਰੇਲਵੇ ਅਤੇ ਪੰਜਾਬ ਸਰਕਾਰ ਦਰਮਿਆਨ 50:50 ਫੀਦਸ ਦੀ ਲਾਗਤ ਨਾਲ ਸਾਂਝੇਦਾਰੀ ਦੇ ਆਧਾਰ ‘ਤੇ 22 ਕਰੋੜ ਰੁਪਏ ਦੀ ਲਾਗਤ ਨਾਲ ਚਲਾਇਆ ਜਾ ਰਿਹਾ ਹੈ। ਉਨਾਂ ਦੱਸਿਆ ਕਿ ਬ੍ਰਿਜ ਦੇ ਵਾਇਆ-ਡਕਟ ਦਾ ਕੰਮ ਪੂਰਾ ਹੋ ਗਿਆ ਹੈ ਅਤੇ ਸਰਵਿਸ ਰੋਡ ਦਾ ਨਿਰਮਾਣ ਮੁਕੰਮਲ ਹੋਣ ਦੇ ਨੇੜੇ ਹੈ ਅਤੇ ਜਲਦੀ ਹੀ ਪੂਰਾ ਹੋਣ ਦੀ ਸੰਭਾਵਨਾ ਹੈ। ਉਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਪੰਜਾਬ ਨੂੰ ਪਾਰਦਰਸ਼ੀ ਪ੍ਰਣਾਲੀ ਦੇਣ ਲਈ ਪੂਰੀ ਤਰਾਂ ਵਚਨਬੱਧ ਹਨ। ਉਨਾਂ ਕਿਹਾ ਕਿ ਸਾਡੇ ਸਾਰੇ ਮੰਤਰੀ ਅਤੇ ਵਿਧਾਇਕ ਪਾਰਦਰਸ਼ੀ ਪ੍ਰਣਾਲੀ ਤਹਿਤ ਕੰਮ ਕਰਨਗੇ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨਾਂ ਇਹ ਵੀ ਵਾਅਦਾ ਕੀਤਾ ਕਿ ਸ਼ਹਿਰ ਮੋਰਿੰਡਾ ਦੇ ਸਾਰੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ ‘ਤੇ ਮੁਕੰਮਲ ਕੀਤਾ ਜਾਵੇਗਾ ਅਤੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਮੋਰਿੰਡਾ ਦੇ ਵਿਧਾਇਕ ਡਾ: ਚਰਨਜੀਤ ਸਿੰਘ ਨੇ ਕਿਹਾ ਕਿ ਇਹ ਆਰ।ਯੂ।ਬੀ। ਹਲਕੇ ਦੀ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਸੀ ਅਤੇ ਪਿਛਲੀਆਂ ਸਰਕਾਰਾਂ ਦੇ ਅਣਦੇਖੀ ਵਾਲੇ ਰਵੱਈਏ ਕਾਰਨ ਆਮ ਲੋਕਾਂ ਨੂੰ ਕਾਫੀ ਪ੍ਰੇਸ਼ਾਨੀ ਝੱਲਣੀ ਪੈਂਦੀ ਸੀ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ ਸਖਤ ਕਦਮ ਚੁੱਕੇ ਹਨ ਅਤੇ ਉਨਾਂ ਭਰੋਸਾ ਦਿੱਤਾ ਕਿ ਸਾਡੀ ਸਰਕਾਰ ਜਲਦੀ ਹੀ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰੇਗੀ। ਇਸ ਮੌਕੇ ਡਿਪਟੀ ਕਮਿਸ਼ਨਰ ਰੂਪਨਗਰ ਡਾ: ਪ੍ਰੀਤੀ ਯਾਦਵ, ਲੋਕ ਨਿਰਮਾਣ ਵਿਭਾਗ ਦੇ ਚੀਫ ਇੰਜੀਨੀਅਰ ਸ੍ਰੀ ਅਮਰਦੀਪ ਸਿੰਘ, ਐਸ।ਈ। ਰਮਤੇਸ਼ ਸਿੰਘ ਬੈਂਸ, ਐਕਸੀਅਨ ਯੁਵਰਾਜ ਬਿੰਦਰਾ, ਐਕ-ਸੀਅਨ ਜਸਬੀਰ ਸਿੰਘ ਜੱਸੀ, ਐਸ।ਡੀ।ਐਮ। ਮੋਰਿੰਡਾ ਸ। ਜਸਬੀਰ ਸਿੰਘ, ਐਸ।ਡੀ।ਈ।ਐਸ। ਮਨਜੀਤ ਸਿੰਘ ਅਤੇ ਲਖਵਿੰਦਰ ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।





# ਸੰਤ ਰਾਮ ਬੀ.ਏ.ਜੀ ਨੂੰ ਯਾਦ ਕਰਦਿਆਂ

ਆਰੀਆ ਸਮਾਜੀਆਂ ਦੀ 'ਜਾਤ ਪਾਤ ਤੋੜਕ ਮੰਡਲ' ਸੰਸਥਾ ਦੀ ਜਿੰਦ ਜਾਨ ਸ੍ਰੀ ਸੰਤ ਰਾਮ ਬੀ. ਏ. ਪਹਿਲੀ ਜੂਨ 1988 ਨੂੰ ਆਪਣੀ ਧੀ ਗਾਰਗੀ ਚੱਢਾ ਦੇ ਘਰ ਦਿੱਲੀ ਵਿਖੇ ਸਦੀਵੀ ਵਿਛੋੜਾ ਦੇ ਗਏ।ਸ੍ਰੀ ਸੰਤ ਰਾਮ ਬੀ. ਏ. ਫਰਵਰੀ 1887 ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੁਰਾਣੀ ਬਸੀ ਵਿਚ ਰਾਮ ਦਾਸ ਪਿਤਾ ਅਤੇ ਮਾਤਾ ਸ੍ਰੀਮਤੀ ਮਾਲਿਨੀ ਦੇ ਘਰ ਜਨਮੇ। ਉਹਨਾਂ ਨੇ 1909 ਈ. ਵਿਚ ਬੀ. ਏ. ਕੀਤੀ। ਕ੍ਰਾਂਤੀ, ਜਿਸ ਦਾ ਪਹਿਲਾ ਨਾਂ (ਜਾਤ ਪਾਤ ਤੋੜਕ' ਸੀ, ਦੇ ਉਹ ਸੰਪਾਦਕ ਸਨ। ਆਪ ਕੱਟੜ ਆਰੀਆ ਸਮਾਜੀ ਸਨ, ਜਿਨ੍ਹਾਂ ਨੇ 'ਆਰੀਆ ਧਰਮ' ਅਤੇ 'ਦਇਆਨੰਦ' ਜਿਹੀਆਂ ਕਿਤਾਬਾਂ ਵੀ ਲਿਖੀਆਂ।

ਸੰਤ ਰਾਮ ਬੀ. ਏ. ਨੂੰ ਅਨੁਸੂਚਿਤ ਜਾਤੀਆਂ ਵਿਚ ਜਾਨਣ ਦਾ ਇਕੋ ਇਕ ਕਾਰਨ ਹੈ ਕਿ 1936 ਈ. ਦੇ 'ਜਾਤ ਪਾਤ ਤੋੜਕ ਮੰਡਲ' ਦੇ ਸਾਲਾਨਾ ਜਲਸੇ ਵਿਚ ਉਹਨਾਂ ਨੇ ਡਾ. ਅੰਬੇਡਕਰ ਨੂੰ ਪ੍ਰਧਾਨਗੀ ਲਈ ਸੱਦਿਆ ਪਰ ਡਾ. ਅੰਬੇਡਕਰ ਜੀ ਦਾ ਇਹ ਭਾਸ਼ਣ 'ਜਾਤਪਾਤ ਦਾ ਬੀਜ ਨਾਸ' ਨਾਮੀ ਪੁਸਤਕ ਦੇ ਰੂਪ ਵਿਚ ਪ੍ਰਚੱਲਿਤ ਹੈ।

ਉਨ੍ਹਾਂ ਨੇ ਆਪਣੇ ਪੁੱਤ, ਧੀ, ਭਤੀਜਿਆਂ ਦੇ ਵਿਆਹ ਬ੍ਰਾਹਮਣ ਬਾਣੀਆਂ ਵਿਚ ਕੀਤੇ ਪਰ ਉਹ ਇਨ੍ਹਾਂ ਵਿਆਹਾਂ ਦੇ ਤਜਰਬੇ ਤੋਂ ਸੰਤੁਸ਼ਟ ਨਹੀਂ ਸਨ। ਭਾਵੇਂ ਬੀ. ਏ. ਜੀ ਨੇ ਰੋਟੀ ਬੇਟੀ ਦਾ ਨਾਤਾ ਜੋੜ ਕੇ ਜਾਤਪਾਤ ਖਤਮ ਕਰਨ ਦਾ ਬੀੜਾ ਉਠਾਇਆ ਹੀ ਨਹੀਂ ਸਗੋਂ ਉਨ੍ਹਾਂ ਨੇ ਆਪਣੇ ਬੱਚਿਆਂ ਦੇ ਵਿਆਹ ਵੀ ਇਸ ਆਸ਼ੇ ਅਨੁਸਾਰ ਕੀਤੇ ਪਰ ਆਰੀਆ ਸਮਾਜੀ ਆਗੂਆਂ ਨੇ ਹੀ ਉਨ੍ਹਾਂ ਦੀ ਜੀ ਭਰ ਕੇ ਵਿਰੋਧਤਾ ਕੀਤੀ। ਸੰਤ ਰਾਮ ਜੀ ਵੱਲੋਂ ਲਿਖੀ ਸਵੈ-ਜੀਵਨੀ 'ਮੇਰੇ ਜੀਵਨ ਕੇ ਅਨੁਭਵ' (ਹਿੰਦੀ ਪ੍ਰਚਾਰਕ ਪ੍ਰਕਾਸ਼ਨ, ਵਾਰਾਣਸੀ, ਦੂਜਾ ਸੰਸਕਰਣ, 1976 ਈ:) ਵਿਚ ਇਸੇ ਗੱਲੋਂ ਤੰਗ ਆ ਕੇ ਲਿਖਿਆ, ''ਮੈਂ ਅੱਜ ਵੀ ਦੇਖਦਾ ਹਾਂ, ਕੋਈ ਹਿੰਦੂ ਸੋਸ਼ਲਿਸਟ ਬਣ ਜਾਏ, ਕਮਿਊਨਿਸਟ ਬਣ ਜਾਏ, ਕਾਂਗਰਸੀ ਬਣ ਜਾਏ ਅਤੇ ਚਾਹੇ ਸਰਵੋਦਯ ਦਾ ਪ੍ਰਚਾਰਕ ਹੋ ਜਾਏ, ਉਹ ਵਰਤੋਂ ਵਿਹਾਰ ਵਿਚ ਜਾਤਪਾਤ ਦਾ ਹੀ ਪਾਬੰਦ ਰਹਿੰਦਾ ਹੈ। ਉਹ ਕੇਵਲ ਆਰਥਿਕ ਅਤੇ ਰਾਜਨੀਤਿਕ ਬਰਾਬਰੀ ਉਪਰ ਹੀ ਜ਼ੋਰ ਦਿੰਦਾ ਹੈ, ਸਮਾਜਿਕ ਬਰਾਬਰੀ ਬਾਰੇ ਅੱਖਾਂ ਮੀਟ ਲੈਂਦੇ ਹਨ।''

ਉਨ੍ਹਾਂ ਦੇ ਜਾਤਪਾਤ ਤੋੜਕ ਵਿਚਾਰਾਂ ਤੋਂ ਖਿਝ ਕੇ ਇਕ ਬ੍ਰਾਹਮਣਵਾਦੀ ਨੇ ਉਹਨਾਂ ਖਿਲਾਫ ਇਸ਼ਤਿਹਾਰ ਕੱਢਿਆ ਜਿਸ ਵਿਚ ਲਿਖਿਆ ਸੀ, ''ਸੰਤ ਰਾਮ ਆਪਣੀ ਜਾਤ ਚਾਹੇ ਕਿੰਨੀ ਹੀ ਕਿਉਂ ਨਾ ਛੁਪਾ ਲਵੇ ਪਰ ਉਸ ਦੇ ਲੇਖਾਂ ਵਿਚ ਗਧੇ ਦੀ ਹਿਨਹਿਨਾਹਟ ਤੋਂ ਉਸ ਦੀ ਘੁਮਿਆਰ ਜਾਤ ਛਿਪੀ ਨਹੀਂ ਰਹਿੰਦੀ।'' (ਮੇਰੇ ਜੀਵਨ ਕੇ ਅਨੁਭਵ) ਕ੍ਰਾਂਤੀ ਦੇ ਸੰਪਾਦਕ ਵਜੋਂ ਉਨ੍ਹਾਂ ਨੂੰ ਇਕ ਵੇਰਾਂ ਅੰਗਰੇਜ਼ ਸਰਕਾਰ ਨੇ ਬਗਾਵਤ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਸੀ।

ਸੰਤ ਰਾਮ ਬੀ. ਏ. ਜੀ ਨੂੰ ਮਿਲਣ ਦੇ ਮੌਕੇ ਮਿਲਦੇ ਰਹੇ ਅਤੇ ਉਨ੍ਹਾਂ ਦੇ ਵਿਚਾਰਾਂ ਬਾਰੇ, ਜੋ ਮੇਰੇ ਨਾਲ ਸਾਂਝੇ ਕੀਤੇ ਹਨ, ਫਿਰ ਕਿਧਰੇ ਪਾਠਕਾਂ ਨਾਲ ਸਾਂਝੇ ਕਰਾਂਗੇ। ਪਰ ਹਾਲ ਦੀ ਘੜੀ ਇਹੀ ਕਹਿਣਾ ਹੈ ਕਿ ਜੇ ਉਨ੍ਹਾਂ ਨੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀਆਂ ਜਾਤਾਂ ਵਿਚ ਅੰਤਰ-ਜਾਤੀ ਵਿਆਹ ਕਰਵਾਏ ਹੁੰਦੇ ਤਾਂ ਅੱਜ ਸਾਡੇ ਅੰਦੋਲਨ ਦਾ ਨਕਸ਼ਾ ਹੀ ਹੋਰ ਹੁੰਦਾ! ਮੈਨੂੰ ਇਹ ਕਹਿਣ 'ਚ ਕੋਈ ਝਿਜਕ ਨਹੀਂ ਕਿ ਸੰਤ ਰਾਮ ਬੀ. ਏ. ਨੇ ਹਿੰਦੂਆਂ ਨੂੰ ਅੰਤਰ-ਵਰਣ ਸ਼ਾਦੀਆਂ ਕਰਕੇ ਨੇੜੇ ਲਿਆ ਕੇ ਸਾਨੂੰ ਸਭਿਆਚਾਰਕ ਤੌਰ ਤੇ ਹੋਰ ਕਮਜ਼ੋਰ ਤੇ ਹਿੰਦੂਆਂ ਨੂੰ ਤਕੜਿਆਂ ਕੀਤਾ। ਇਤਿਹਾਸਕਾਰ ਇਸ ਸਬੰਧੀ ਹੋਰ ਖੋਜ ਕਰਨਗੇ।

ਸੰਤ ਰਾਮ ਬੀ. ਏ. ਜੀ ਦਾ ਸਭ ਤੋਂ ਵਧੀਆ ਰੂਪ ਸਾਹਿਤਕਾਰ ਵਜੋਂ ਹੈ ਜੋ ਉਹਨਾਂ ਨੇ ਇਕ ਸੌ ਦੇ ਲਗਭਗ ਮੌਲਿਕ ਅਤੇ ਅਨੁਵਾਦਿਕ ਪੁਸਤਕਾਂ ਲਿਖੀਆਂ। ਭਾਸ਼ਾ ਵਿਭਾਗ, ਪੰਜਾਬ ਨੇ ਉਹਨਾਂ ਨੂੰ ਸ਼੍ਰੋਮਣੀ ਸਾਹਿਤਕਾਰ ਵਜੋਂ ਸਨਮਾਨਿਆ ਗਿਆ। ਉਹਨਾਂ ਦੀ ਪੁਸਤਕ 'ਹਮਾਰਾ ਸਮਾਜ' ਦੀ ਡਾ. ਅੰਬੇਡਕਰ ਅਤੇ ਸ੍ਰੀ ਜਵਾਹਰ ਲਾਲ ਨਹਿਰੂ ਤੱਕ ਨੇ ਪ੍ਰਸ਼ੰਸਾ ਕੀਤੀ।



**ਸੀ. ਐਲ. ਚੁੰਬਰ**
**ਕੌਮੀ ਉਡਾਰੀਆਂ/ ਜੁਲਾਈ 1988**
**(ਧੰਨਵਾਦ ਸਹਿਤ)**

# ਤੂੰ ਮੁੜ ਉਠੇਂਗਾ ਪੰਜਾਬ ਸਿਆਂ

ਪੰਜਾਬ ਸਿੰਆ ਕਿਸੇ ਵਕਤ ਤੂੰ ਹਸਦਾ ਤੇ ਗਾਉਂਦਾ ਸੀ
ਤੈਨੂੰ ਦੇਸ਼ ਦਾ ਰਾਖਾ ਆਖਦੇ ਸਨ
ਤੇਰੇ ਜੁਆਨਾਂ ਦੀਆਂ ਹਰ ਖੇਤਰ ਵਿਚ ਧੁੰਮਾਂ ਸਨ
ਤੂੰ ਸਾਰੇ ਮੁਲਕ ਦਾ ਅੰਨਦਾਤਾ ਸੈਂ
ਤੇਰੀ ਧਰਤੀ ਸੋਨਾ ਉਗਲਦੀ ਸੀ।

ਤੇਰੇ ਜਾਗਦਿਆਂ ਬਾਕੀ ਦੇਸ਼ ਬੇਫਿਕਰ ਸੌਂਦਾ ਸੀ
ਸਵੇਰੇ ਸ਼ਾਮ ਤੇਰੇ ਪਿੰਡਾਂ ਸ਼ਹਿਰਾਂ 'ਚੋਂ
ਗੁਰਬਾਣੀ ਦੀ ਮਿੱਠੀ ਹੇਕ ਸੁਣਦੀ ਸੀ
ਤੇਰੇ ਬਾਲ ਨਿਆਣੇ ਚਾਂਭੜਾ ਮਾਰਦੇ ਸਨ
ਤੇਰੀਆਂ ਧੀਆਂ ਚਾਅ ਨਾਲ ਰੱਤੀਆਂ ਸਨ
ਗਿੱਧੇ ਭੰਗੜੇ ਤੇਰੀ ਰੂਹ ਚ ਸਮਾਏ ਸਨ।

ਪੰਜਾਬ ਸਿੰਆਂ ਤੇਰੀਆਂ ਸਵੇਰਾਂ ਸ਼ਾਮਾਂ ਹਾਕਮ ਖਾ ਗਏ
ਚੂੰਡ ਸੁਟਿਆ 70 ਸਾਲਾਂ ਵਿਚ ਨੀਲਿਆਂ ਚਿੱਟਿਆਂ ਰਲਕੇ
ਤੇਰੀਆਂ ਨਾੜਾਂ ਵਿਚ ਨਸ਼ੇ ਆਲਾ ਜ਼ਹਿਰ ਠੂਸ ਦਿੱਤਾ
ਤੇਰੇ ਮਜਦੂਰ ਭਿਖਾਰੀ ਬਣਾ ਦਿੱਤੇ
ਤੇਰੇ ਕਿਸਾਨ ਗਲਾਂ 'ਚ ਫਾਹੇ ਪਾਉਣ ਲਾ ਦਿੱਤੇ
ਤੇਰੇ ਕਾਰੋਬਾਰ ਚੌਪਟ ਕਰਤੇ।

ਖੇਤੀਬਾੜੀ ਯੂਨੀਵਰਸਿਟੀ ਆਖਦੀ ਹੈ...
ਪਿਛਲੇ 6 ਸਾਲਾਂ ਚ 3654 ਕਿਸਾਨਾਂ
ਨੇ ਮੌਤ ਗਲ ਲਾ ਲਈ
2972 ਮਜਦੂਰ ਵੀ ਖੁਦਕਸ਼ੀਆਂ ਕਰ ਗਏ।
ਇਹ ਸਿਲਸਿਲਾ ਅਜੇ ਕਿਹੜਾ ਰਖਿਆ ਐ।
ਇਹ ਬਦਲਾਅ ਦਾ ਨਾਅਰਾ
ਲਾਉਣ ਵਾਲਿਆਂ ਨੇ ਤੇ ਤਾਂ
ਦੋ ਕੁਝ ਮਹੀਨਿਆਂ ਚ ਹੀ
ਰੰਗ ਵਿਖਾ ਤੇ
ਤਾਹੀਂ ਤੂੰ ਠੱਗਿਆ ਠੱਗਿਆ
ਮਹਿਸੂਸ ਕਰਦੈਂ ਪੰਜਾਬ ਸਿਆਂ।

ਹਾਕਮਾਂ ਨੇ ਸਭ ਕੁੱਝ ਹੀ ਪਲੀਤ ਕਰ ਦਿੱਤਾ
ਤੇਰਾ ਵਾਤਾਵਰਨ, ਤੇਰੀ ਮਿੱਟੀ, ਤੇਰਾ ਪਾਣੀ
ਤੇਰੇ ਲੋਕਾਂ ਦੀ ਸੋਚ ਵੀ ਖੁੰਢੀ ਕਰਨ ਦੀ ਚਾਲ ਚੱਲੀ
ਤੇਰੇ ਹਰੇ ਭਰੇ ਰੁੱਖ ਚੱਟ ਗਏ,
ਤੇਰਾ ਨਰਮਾਂ ਸੁੰਢੀ ਬਣ ਖਾ ਗਏ
ਤੇਰਾ ਪਾਣੀ ਡਕਾਰ ਗਏ
ਤੇਰੇ ਪੁਤ ਧੀਆਂ ਪਰਵਾਸ ਉਡਾਰੀਆਂ
ਮਾਰਨ ਨੂੰ ਮਜਬੂਰ ਨੇ।

ਪੰਜਾਬ ਸਿੰਆਂ ਬੜੇ ਜ਼ਖਮ ਦਿੱਤੇ ਨੇ ਤੈਨੂੰ
ਇਹਨਾਂ ਕੁਰਸੀਆਂ ਦੇ ਭੁੱਖਿਆਂ ਨੇ
ਨੀਲਿਆਂ-ਭਗਵਿਆਂ ਤੇ ਚਿੱਟਿਆਂ ਨੇ
ਹੁਣ ਟੋਪੀ ਵਾਲੇ ਬਸੰਤੀ ਬਸੰਤੀ ਬੰਨ੍ਹ ਕੇ
"ਤੇਰੇ ਪੁੱਤ ਭਗਤ ਸਿੰਘ" ਦਾ ਨਾਂ ਲੈਕੇ
ਉਂਝ ਗਾਂਧੀ ਦੇ ਮਨਸੂਬੇ ਪੂਰੇ ਕਰਨ ਈ ਤੁਰੇ ਐ
ਓਸੇ ਈ ਰਾਹ ਪਏ ਐ
ਊਂ ਹੈ ਇਹ ਵੀ ਭਗਵਿਆਂ
ਦੀ ਨਵੀਂ ਨਸਲ ਐ।
ਪਰ ਤੂੰ ਹੁਣ ਫਿਕਰ ਨਾ ਕਰ ਪੰਜਾਬ ਸਿੰਆਂ...
ਤੇਰੇ ਪੁੱਤ ਜਾਗ ਰਹੇ ਨੇ

ਬਸ ਕੁਝ ਕੁ ਸਾਲ ਹੋਰ ਔਖੇ ਸੌਖੇ ਲੰਘਾ
ਤੈਨੂੰ ਚਿੱਚੜ ਬਣ ਚਿੰਬੜੇ ਇਹਨਾਂ ਨੇਤਾਵਾਂ ਨੂੰ
ਜਲਦੀ ਭਜਾ ਦੇਣਗੇ ਤੇਰੇ ਲੋਕ
ਉਮੀਦ ਐ ਚੜ੍ਹਦੀ ਸਵੇਰ
ਜ਼ਰੂਰ ਨਵਾਂ ਰੰਗ ਲਿਆਵੇਗੀ
ਤੂੰ ਫੇਰ ਹੱਸੇਗਾਂ-ਗਾਵੇਂਗਾ
ਤੇਰੇ ਜੁਆਨ ਗਰਜਣਗੇ
ਬਾਲ ਕਿਲਕਾਰੀਆਂ ਮਾਰਨਗੇ
ਤੂੰ ਫਿਰ ਦੇਸ਼ ਦਾ ਅੰਨਦਾਤਾ ਤੇ ਰਾਖਾ ਹੋਵੇਂਗਾ
ਬਹੁਤ ਜਲਦ ਪੰਜਾਬ ਸਿਆਂ... ਬਹੁਤ ਜਲਦ।



**ਲਾਲ ਸਿੰਘ ਸੁਲਹਾਣੀ**
**91-98721-55120**

# ਹੁਣ

ਹੁਣ –
ਬਨੇਰੇ 'ਤੇ ਅੱਵਲ ਤਾਂ ਕਾਂ ਬੋਲਦਾ ਹੀ ਨਹੀਂ
ਭੁੱਲ-ਭੁਲੇਖੇ ਜੇ ਕਦੇ ਬੋਲੇ ਵੀ
ਤਾਂ ਇਹ ਜਰੂਰੀ ਨਹੀਂ ਕਿ ਕੋਈ
ਭਾਗਾਂ ਭਰਿਆ ਸੱਜਣ ਹੀ ਆਵੇ
ਥੱਕ-ਹਾਰ ਕੇ, ਰੁਜ਼ਗਾਰ ਦਫਤਰੋਂ
ਡਿਗਰੀਆਂ ਦਾ ਦਰਦਮਈ ਬੋਝ ਚੁੱਕੀ
ਬੇਰੁਜ਼ਗਾਰ ਪੁੱਤਰ ਵੀ ਘਰ ਮੁੜਦਾ ਹੈ।

ਸਮਾਂ ਬਹੁਤ ਜ਼ਾਲਮ ਹੋ ਗਿਆ ਹੈ
ਤਿੱਖੀਆਂ ਸੂਲ਼ਾਂ ਵਰਗਾ, ਨਿਰਦਈ
ਤੇ ਅਸਲੋਂ ਅਵਾਰਾ ਹੋਈ ਸਿਆਸਤ
ਡੈਣ ਬਣ ਗਈ ਹੈ, ਬੱਚੇ ਖਾਣੀ ਡੈਣ।
ਨਿੱਤ ਹੀ ਬੇਦਰਦੀ ਨਾਲ ਖਾ ਰਹੀ ਹੈ
ਨਵੀਂ ਪੀੜੀ ਦੇ ਸੁਹਜ ਭਰੇ, ਰੰਗੀਨ ਸੁਪਨੇ
ਉਗ਼ਲ ਰਹੀ ਹੈ – ਅੰਨ੍ਹੀ ਬੇਰੁਜ਼ਗਾਰੀ
ਪਰ, ਸਿਆਸੀ ਰਾਸਧਾਰੀਆਂ ਨੇ
ਭਗਤ ਸਿੰਘ ਤੇ ਪਤਾ ਨਹੀਂ ਕਿਸ ਕਿਸ ਦਾ
ਸਾਂਗ ਬਣਾ ਲਿਆ ਹੈ, ਚਤਰਾਈ ਨਾਲ
ਐਵੇਂ ਹੀ ਆਪਣਾ ਚਿੱਤ ਪ੍ਰਚਾਉਣ ਲਈ
ਲੋਕਾਈ ਦੇ ਅੱਖੀਂ ਘੱਟਾ ਪਾਉਣ ਲਈ
ਭਗਤ ਸਿੰਘ ਦੀ ਸੋਚ ਨੂੰ ਚਿੜਾਉਣ ਲਈ ।

ਸੌੜੀ, ਲੋਭੀ ਸਿਆਸਤ ਦੇ ਪਸਾਰ ਲਈ
ਸ਼ਹੀਦ ਭਗਤ ਸਿੰਘ ਦਾ ਨਾਂ ਵਰਤਣਾ
ਬੌਣੀ ਸੋਚ ਤੇ ਅਤਿ ਘਿਨਾਉਣਾ ਕਰਮ ਹੈ
ਸੱਚੇ-ਸੁੱਚੇ ਸੰਗਰਾਮ ਨੂੰ ਦਾਗੀ ਕਰਨਾ ਵੀ,
ਪਰਾਏ ਹਾਸਲਾਂ ਦਾ ਮੁੱਲ ਵੱਟਣ ਵਾਲਿਓ
ਬੇਗਰਜ ਕੁਰਬਾਨੀਆਂ ਦਾ ਇਤਿਹਾਸ
ਸ਼ਾਨਾਮੱਤਾ ਹੀ ਰਹਿਣ ਦਿਓ,"ਮਿਹਰਬਾਨੋਂ"
ਆਪਣਾ ਬੌਨਾ "ਕੱਦ" ਵਾਧਾਉਣ ਖਾਤਰ
ਇਨਕਲਾਬੀ ਵਿਰਸੇ ਨੂੰ ਲੀਕ ਨਾ ਲਾਉ।

ਭਗਤ ਸਿੰਘ ਦਾ ਇਨਕਲਾਬ ਤਾਂ
ਹੇਠਲੀ ਉੱਤੇ ਕਰਨ ਵਾਲਾ ਕਰਮ ਹੈ
ਗਰੀਬ-ਗੁਰਬੇ ਤੇ ਮਿਹਨਤਕਸ਼ ਵਾਸਤੇ
ਮਿਹਨਤ ਦਾ ਜਾਇਜ਼ ਮੁੱਲ ਲੈਣਾ ਹੈ
ਇੱਜਤ, ਅਣਖ, ਆਜ਼ਾਦੀ ਨਾਲ ਜੀਊਣਾ ਹੈ
ਭਗਤ ਸਿੰਘ – ਬਹੁਤ ਸੋਚ, ਸਮਝ ਕੇ
ਇਨਕਲਾਬ-ਜ਼ਿੰਦਾਬਾਦ ਹੀ ਨਹੀਂ ਸੀ ਕਹਿੰਦਾ
ਸਾਮਰਾਜ – ਮੁਰਦਾਬਾਦ ਵੀ ਕਹਿੰਦਾ ਸੀ
ਲੁੱਟ ਦਾ ਖਾਤਮਾ, ਬਰਾਬਰੀ ਦਾ ਸਮਾਜ
ਇਨਸਾਨ ਨੂੰ ਇਨਸਾਨ ਹੀ ਸਮਝਣਾ
ਇਹੀ ਚਾਹੁੰਦਾ ਸੀ ਸੂਰਬੀਰ ਭਗਤ ਸਿੰਘ।

ਨਿੱਘਰੀ ਸਿਆਸਤ ਦਾ ਚਲਣ ਅਜੀਬ ਹੈ
ਹੁਣ ਤਾਂ ਗੱਦੀ 'ਤੇ ਬਹਿਣ ਦੀ ਦੇਰ –
ਕਿ ਬਾਹਰਲੀਆਂ ਵੱਡੀਆਂ ਕੰਪਨੀਆਂ ਨੂੰ
ਉੱਚੀ ਉੱਚੀ ਵਾਜਾਂ ਮਾਰੀਆਂ ਜਾਂਦੀਆ ਹਨ
ਬਹੁਕੌਮੀਉਂ ! ਆਉ, ਸਾਡੇ ਵਿਹੜੇ ਪੈਰ ਪਾਉ
ਅਸੀਂ ਤੁਹਾਡੇ ਵਾਸਤੇ "ਸ਼ਗਨਾਂ" ਦਾ ਤੇਲ ਚੋਈਏ
ਆਉ ਤੇ, ਸਾਨੂੰ ਲੁੱਟਣ ਦਾ "ਕਸ਼ਟ" ਸਹਾਰੋ
ਅਸੀਂ ਤੁਹਾਡੇ ਭਾਈਵਾਲ ਤੇ ਖ਼ੈਰ-ਖੁਆਹ
ਇਸ ਤਰ੍ਹਾਂ ਆਪਣੀ ਧੁਆਂਖੀ ਸੋਚ ਨਾਲ
ਤੁਸੀਂ ਭਗਤ ਸਿੰਘ ਨੂੰ ਹੀਣਾ, ਨਾ ਕਰੋ
ਸੂਰਜ 'ਤੇ ਥੁੱਕਣ ਦਾ ਬੇਸ਼ਰਮ ਜਤਨ
ਕਦੇ ਵੀ ਕਾਮਯਾਬ ਨਹੀਂ ਹੋ ਸਕਣਾ।

ਪਰ, ਸੁਣੋ – "ਲੋਕਤੰਤਰੀ ਰਹਿਬਰੋ", ਸੁਣੋਂ
ਲੁਟੇਰਿਆਂ ਦੀ ਦਲਾਲੀ ਕਰਨ ਵਾਲਿਉ
ਇਹ ਹੋਣਾ ਕਦਾਚਿਤ ਸੰਭਵ ਨਹੀਂ
ਉਹ ਭਾਵੇਂ ਥੋੜ੍ਹੇ ਹੀ ਸਹੀ --
ਭਗਤ ਸਿੰਘ ਦੇ ਵਾਰਿਸ ਅਜੇ ਜੀਊਂਦੇ ਹਨ
ਉਹ ਲੜਨਗੇ, ਆਪਣੇ ਹੱਕਾਂ ਲਈ
ਉਹ ਹਰ ਹਾਲ, ਹਰ ਸੂਰਤ ਭਿੜਨਗੇ
ਜਬਰ, ਜ਼ੁਲਮ ਦੀ ਕਾਲ਼ੀ ਹਨੇਰੀ ਨਾਲ
ਜਿੱਤਣ ਜਾਂ ਨਾਂ ਜਿੱਤਣ, ਪਤਾ ਨਹੀਂ
ਉਹ ਸਾਹਸੀ ਨੇ – ਸਿਰੜੀ ਨੇ, ਸਿਦਕੀ ਨੇ
ਹਾਰ ਨਹੀਂ ਮੰਨਣ ਲੱਗੇ – ਇਹ ਪੱਕਾ ਪਤਾ ਹੈ,
ਇਸ ਦਾ ਅਟੁੱਟ ਵਿਸ਼ਵਾਸ ਹੈ।

ਭਗਤ ਸਿੰਘ ਦਾ ਸੁਪਨਾ, ਹਮੇਸ਼ਾ ਹੀ
ਸੰਘਰਸ਼ ਦੀ ਪ੍ਰੇਰਨਾ ਬਣਿਆਂ ਰਹੇਗਾ
ਜਾਗਦਾ ਰਹੇਗਾ, ਜਗਾਉਂਦਾ ਰਹੇਗਾ
ਭਗਤ ਸਿੰਘ ਸੰਘਰਸ਼ 'ਚ ਹਮੇਸ਼ਾ ਕਹਿੰਦਾ ਰਹੇਗਾ
ਇਨਕਲਾਬ -ਜ਼ਿੰਦਾਬਾਦ, ਸਾਮਰਾਜ -ਮੁਰਦਾਬਾਦ।

**ਕੇਹਰ ਸ਼ਰੀਫ**
**+49 173 3546050**





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



## ਪੁਰਾਣੇ ਟਾਇਰਾਂ ਦੀ ਸੇਲ

## ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

## NEW & USED TIRES
## WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

**3525 Highway 99, West Corning, CA 96021**
Across the Street from TA Truck Stop